| Course Code | D | P | B | I | 5 | 3 | 6 | Course Title | **ਪੰਜਾਬੀ ਭਾਸ਼ਾ ਅਤੇ ਕੰਪਿਊਟਰੀਕਰਨ** |
|---|---|---|---|---|---|---|---|---|---|

| Weightage | |
|---|---|
| CA | ETE (TH.) |
| 30 | 70 |

| Sr. No | Content |
|---|---|
| 1 | ਸੂਚਨਾ ਤਕਨਾਲੋਜੀ |
| 2 | ਕੰਪਿਊਟਰ ਤਕਨਾਲੋਜੀ ਅਤੇ ਮਲਟੀਮੀਡੀਆ |
| 3 | ਕੰਪਿਊਟਰ ਤਕਨਾਲੋਜੀ ਅਤੇ ਗੁਰਮੁੱਖੀ ਆਈ.ਪੀ.ਏ ਵਿਧੀ |
| 4 | ਕੰਪਿਊਟਰ ਬਾਰੇ ਜਾਣ ਪਛਾਣ |
| 5 | ਕੰਪਿਊਟਰ ਅਤੇ ਯੂਨੀਕੋਡ ਪ੍ਰਣਾਲੀ |
| 6 | ਵਿੰਡੋਜ਼: ਜਾਣ ਪਛਾਣ |
| 7 | ਐੱਮ.ਐਸ. ਵਰਡ |
| 8 | ਕੰਪਿਊਟਰ ਅਤੇ ਪਾਵਰ ਪੁਆਇੰਟ |
| 9 | ਐਕਸੈੱਲ ਸੰਕਲਪ ਅਤੇ ਵਿਸ਼ੇਸ਼ਤਾਵਾਂ |
| 10 | ਪੰਜਾਬੀ ਸਾਫਟਵੇਅਰ ਦੀ ਦੁਨੀਆ |
| 11 | ਇੰਟਰਨੈੱਟ ਉੱਤੇ ਪੰਜਾਬੀ ਦੀ ਵਰਤੋਂ |
| 12 | ਪੰਜਾਬੀ ਟਾਈਪਿੰਗ ਦੀਆਂ ਸਮੱਸਿਆਵਾਂ |
| 13 | ਅਜੋਕਾ ਫ਼ੋਨ ਸੰਚਾਰ |
| 14 | ਇੰਟਰਨੈੱਟ ਦੀ ਵਰਤੋਂ ਅਤੇ ਸਾਈਬਰ ਸੁਰੱਖਿਆ |

**ਪੁਸਤਕਾਂ:**


1. 'ਪੰਜਾਬੀ ਭਾਸ਼ਾ ਦਾ ਕੰਪਿਊਟਰੀਕਰਨ', ਕੰਬੋਜ, ਸੀ.ਪੀ. (ਡਾ.), ਕੰਪਿਊਟਰ ਵਿਗਿਆਨ ਪ੍ਰਕਾਸ਼ਨ, ਫਾਜਿਕਲਾ, 2015
2. 'ਕੰਪਿਊਟਰ ਵਿਗਿਆਨ', ਕੰਬੋਜ, ਸੀ. ਪੀ. (ਡਾ.),ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2010
3. 'ਅੱਖਰ-2016', ਕੰਬੋਜ, ਸੀ.ਪੀ. (ਡਾ.), ਕੰਪਿਊਟਰ ਵਿਗਿਆਨ ਪ੍ਰਕਾਸ਼ਨ, ਫਾਜਿਲਕਾ, 2016
4. ਸੂਚਨਾ ਸੰਚਾਰ, ਨਵਲਾਈ ਕਿਸ਼ਨੀ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪਹਿਲਾ ਸੰਸਕਰਨ, 2004
5. 'ਅਜੋਕਾ ਫੋਨ ਸੰਸਾਰ', ਕੰਬੋਜ, ਸੀ.ਪੀ. (ਡਾ.), ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ, 2016
6. 'Fundamentals of Computing', P.K. Sinha, BPB Publication, Delhi, 2005

Course Code: DPBI536

Course Name: ਪੰਜਾਬੀ ਭਾਸ਼ਾ ਅਤੇ ਕੰਪਿਊਟਰੀਕਰਨ

ਤਤਕਰਾ


| ਅਧਿਆਇ ਨੰਬਰ | ਅਧਿਆਇ ਦਾ ਨਾਮ | ਲੇਖਕ ਦਾ ਨਾਮ | ਪੰਨਾ ਨੰਬਰ |
|---|---|---|---|
| ਅਧਿਆਇ-1 | ਸੂਚਨਾ ਤਕਨਾਲੋਜੀ | ਡਾ.ਸੋਨਾ | 1-12 |
| ਅਧਿਆਇ-2 | ਕੰਪਿਊਟਰ ਤਕਨਾਲੋਜੀ | ਡਾ. ਸੋਨਾ | 13-26 |
| ਆਧਿਆਇ-3 | ਗੁਰਮੁੱਖੀ ਦਾ ਸੰਬੋਧਨ(ਆਈ.ਪੀ.ਏ ਅਨੁਸਾਰ) | ਡਾ. ਸੋਨਾ | 27-38 |
| ਅਧਿਆਇ-4 | ਕੰਪਿਊਟਰ ਬਾਰੇ ਜਾਣ-ਪਛਾਣ | ਡਾ.ਸੋਨਾ | 39-52 |
| ਅਧਿਆਇ-5 | ਪੰਜਾਬੀ ਟਾਈਪਿੰਗ ਜਾਣ-ਪਛਾਣ | ਡਾ.ਸੋਨਾ | 53-66 |
| ਅਧਿਆਇ-6 | ਵਿੰਡੋਜ਼ ਜਾਣ ਪਛਾਣ | ਡਾ. ਸੋਨਾ | 67-80 |
| ਅਧਿਆਇ-7 | ਐੱਮ.ਐੱਸ ਵਰਡ ਜਾਣ ਪਛਾਣ | ਡਾ. ਸੋਨਾ | 81-96 |
| ਅਧਿਆਇ-8 | ਪਾਵਰ ਪੁਆਇੰਟ ਜਾਣ ਪਛਾਣ | ਡਾ. ਸੋਨਾ | 97-110 |
| ਅਧਿਆਇ-9 | ਐਕਸਲ ਸੰਕਲਪ ਅਤੇ ਕਾਰਜ | ਡਾ. ਸੋਨਾ | 111-124 |
| ਅਧਿਆਇ-10 | ਪੰਜਾਬੀ ਸਾਫਟਵੇਅਰ | ਡਾ. ਸੋਨਾ | 125-138 |
| ਅਧਿਆਇ-11 | ਇੰਟਰਨੈੱਟ ਅਤੇ ਪੰਜਾਬੀ ਦੀ ਵਰਤੋਂ | ਡਾ. ਸੋਨਾ | 139-154 |
| ਅਧਿਆਇ-12 | ਪੰਜਾਬੀ ਟਾਈਪਿੰਗ ਅਤੇ ਸੱਮਸਿਆਵਾਂ | ਡਾ. ਸੋਨਾ | 155-168 |
| ਅਧਿਆਇ-13 | ਅਜੋਕਾ ਫੋਨ ਸੰਸਾਰ | ਡਾ. ਸੋਨਾ | 169-180 |
| ਅਧਿਆਇ-14 | ਇੰਟਰਨੈੱਟ ਅਤੇ ਸਾਈਬਰ ਸੁਰੱਖਿਆ | ਡਾ. ਸੋਨਾ | 181-190 |

**DPBI536**

# ਅਧਿਆਇ -1: ਸੂਚਨਾ ਤਕਨਾਲੋਜੀ

ਵਿਸ਼ਾ ਵਸਤੂ (Content)


1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ
9. ਮੱਹਤਵਪੂਰਨ ਵੈੱਬਸਾਇਟਸ


## ਉਦੇਸ਼:

1. **ਵਿਦਿਆਰਥੀ ਆਧੁਨਿਕ ਸਮੇਂ ਵਿਚ ਕੰਪਿਊਟਰ ਅਤੇ ਸੂਚਨਾ ਤਕਨਾਲੋਜੀ ਬਾਰੇ ਜਾਣਨਗੇ।**
2. **ਵਿਦਿਆਰਥੀ ਆਧੁਨਿਕ ਸਮੇਂ ਵਿਚ ਤਕਨਾਲੋਜੀ ਦੀਆਂ ਕਿਸਮਾਂ ਬਾਰੇ ਜਾਣਨਗੇ।**
3. **ਵਿਦਿਆਰਥੀ ਆਧੁਨਿਕ ਸਮੇਂ ਵਿਚ ਤਕਨਾਲੋਜੀ ਦੇ ਮਹੱਤਵ ਅਤੇ ਵਿਸ਼ੇਸ਼ਤਾਵਾਂ ਬਾਰੇ ਜਾਣਨਗੇ।**

## ਪ੍ਰਸਤਾਵਨਾ:

ਅੱਜ ਦਾ ਯੁੱਗ ਤਕਨਾਲੋਜੀ ਦਾ ਯੁੱਗ ਹੈ ਜਿਸ ਵਿਚ ਹਰ ਸਮੇਂ ਸੰਚਾਰ ਲਈ ਵੱਖਰੇ ਵੱਖਰੇ ਸਾਧਨਾਂ ਦੀ ਜ਼ਰੂਰਤ ਪੈਂਦੀ ਹੈ ਇਹ ਸਾਧਨ 21ਵੀਂ ਸਦੀ ਵਿਚ ਵਿਗਿਆਨਕ ਕਾਢਾਂ ਦੀ ਮਹੱਤਵਪੂਰਨ ਉਸਾਰੀ ਹੈ। ਇਹ ਉਸਾਰੀ ਸੂਚਨਾ ਤਕਨਾਲੋਜੀ ਦੀ ਹੈ ਜਿਸ ਵਿਚ ਅੱਜ ਵਿਅਕਤੀ ਮਿੰਟਾਂ ਜਾਂ ਸੰਕਿੰਟਾਂ ਵਿਚ ਵੱਖੋ ਵੱਖਰੀ ਜਗ੍ਹਾ ਤੇ ਸੂਚਨਾ ਭੇਜ ਸਕਦਾ ਹੈ। ਇਹ ਤਕਨਾਲੋਜੀ ਵਿਦਿਆਰਥੀਆਂ ਨੂੰ ਇਕ ਹੀ ਥਾਂ ਅਤੇ ਇੱਕੋ ਸਮੇਂ ਬਹੁਤ ਸਾਰੇ ਵਸੀਲਿਆਂ ਸਾਧਨਾਂ ਤੋਂ ਸੂਚਨਾ ਪ੍ਰਾਪਤ ਕਰਨ ਦੀ ਖੁੱਲ੍ਹ ਦਿੰਦੀ ਹੈ ਇਸ ਨਾਲ ਹੀ ਇਹ ਵਿਦਿਆਰਥੀਆਂ ਨੂੰ ਪ੍ਰਾਪਤ ਕੀਤੀ ਸੂਚਨਾ ਦੂਜਿਆਂ ਨਾਲ ਸਾਂਝੀ ਕਰਨ ਦੀ ਖੁੱਲ੍ਹ ਦਿੰਦੀ ਹੈ ਤਾਂ ਜੋ ਉਹ ਆਪਣੀ ਲੋੜ ਅਨੁਸਾਰ ਆਪਣੀ ਖੋਜ ਜਾਂ ਕਾਰਜਾਂ ਵਿੱਚ ਵਰਤ ਸਕਣ ਕੁਝ ਕੁ ਤਰੀਕਿਆਂ ਨਾਲ ਸੂਚਨਾ ਤਕਨਾਲੋਜੀ, ਅਧਿਆਪਕਾਂ ਅਤੇ ਵਿਦਿਆਰਥੀਆਂ ਦੋਹਾਂ ਹੀ ਪ੍ਰਭਾਵਿਤ ਕਰ ਸਕੇ ਪ੍ਰੰਤੂ ਅਸੀਮਤ ਨਹੀਂ ਹਨ ਇੰਟਰਨੈੱਟ ਅਧਿਆਪਕਾਂ ਨੂੰ ਆਪਣੇ ਵਿਸ਼ਿਆਂ ਬਾਰੇ ਹੋਰ ਚੰਗੀ ਤਰ੍ਹਾਂ ਬਿਆਨ ਕਰਨ ਅਤੇ ਵਿਆਖਿਆ ਕਰਨ ਦੇ ਨਾਲ ਨਾਲ ਪੜਾਉਣ ਦੇ ਲਾਹੇਵੰਦ ਤਰੀਕਿਆਂ ਨਾਲ ਜਾਣੂ ਕਰਵਾਉਂਦਾ ਹੈ ਇਸ ਦੇ ਵਿਪਰੀਤ ਇੰਟਰਨੈੱਟ ਵਿਦਿਆਰਥੀਆਂ ਨੂੰ ਆਪਣੇ ਮਸਲਿਆਂ/ਵਿਸ਼ਿਆਂ ਬਾਰੇ ਸੂਚਨਾ ਹਾਸਲ ਕਰਨ ਵਿਚ ਸਹਾਇਕ ਹੁੰਦਾ ਹੈ ਇੰਟਰਨੈੱਟ ਵਿਦਿਆਰਥੀਆਂ ਨੂੰ ਕਈ ਤਰ੍ਹਾਂ ਦੀ ਜਾਣਕਾਰੀ ਮੁਹੱਈਆ ਕਰਵਾਉਂਦਾ ਹੈ

## ਵਿਸ਼ਾ:

ਆਧੁਨਿਕ ਸਮਾਂ ਸੰਚਾਰ ਤੇ ਸੂਚਨਾ ਦਾ ਸਮਾਂ ਹੈ ਕਿਉਂਕਿ ਜਿੱਥੇ ਮਨੁੱਖ ਦੇ ਅੰਦਰ ਜਗਿਆਸਾ ਵਧੀ ਹੈ ਉੱਥੇ ਉਸ ਦੀਆਂ ਲੋੜਾਂ ਅਤੇ ਹੋਰ ਇੱਛਾਵਾਂ ਨੇ ਵੀ ਜਨਮ ਲਿਆ ਹੈ ਸੰਸਾਰ ਪੱਧਰ ਦੀ ਜਾਣਕਾਰੀ ਹੀ ਸੂਚਨਾ ਤੇ ਟਿੱਕੀ ਹੈ ਜੋ ਕਿ ਹਰ ਖੇਤਰ ਨਾਲ ਸਬੰਧਿਤ ਹੈ ਸੂਚਨਾ ਸੰਗ੍ਰਿਹ, ਸੁਰੱਖਿਆ, ਤਬਦੀਲੀ, ਲੈਣ-ਦੇਣ, ਪੜ੍ਹਾਈ, ਡਿਜਾਇਨ ਆਦਿ ਕੰਮਾਂ ਅਤੇ ਇਨ੍ਹਾਂ ਕੰਮਾਂ ਦੇ ਨਿਪਟਾਰੇ ਲਈ ਜ਼ਰੂਰੀ ਕੰਪਿਊਟਰ ਹਾਰਡਵੇਅਰ ਅਤੇ ਸਾਫਟਵੇਅਰ ਗੈਜਟਾਂ ਨਾਲ ਸੰਬੰਧਿਤ ਤਾਣਾਬਾਣਾ ਹੈ। ਸੂਚਨਾ ਤਕਨਾਲੋਜੀ ਕੰਪਿਊਟਰ ਆਧਾਰਿਤ ਸੂਚਨਾ-ਪ੍ਰਣਾਲੀ ਦਾ ਆਧਾਰ ਹੈ। ਇੱਥੋਂ ਤਕ ਕਿ ਸਿੱਖਿਆ ਭਾਸ਼ਾ ਡਾਕਟਰੀ ਖੇਡਾਂ ਉਦਯੋਗ ਪੈਨਸ਼ਨ ਭਵਨ ਉਸਾਰੀ ਕਲਾ ਵਿਗਿਆਨਕ ਕਾਢਾਂ ਦੀ ਜਾਣਕਾਰੀ ਲੈਣਾ ਮਨੁੱਖ ਦੀ ਤੀਬਰ ਇੱਛਾ ਬਣੀ ਹੋਈ ਹੈ ਜਿਸ ਵਿਚ ਸਭ ਤੋਂ ਵੱਧ ਪ੍ਰਯੋਗ ਨਵੇਂ ਨਵੇਂ ਸਾਧਨਾਂ ਦਾ ਕੀਤਾ ਜਾਂਦਾ ਹੈ ਜੋ ਤਕਨਾਲੋਜੀ ਨਾਲ ਜੁੜੇ ਹਨ।

## ਪਰਿਭਾਸ਼ਾ:

ਇਨਾਂ ਸਭ ਸਾਧਨਾਂ ਲਈ ਬਿਜਲਈ ਉਪਕਰਨਾਂ ਨੇ ਮਨੁੱਖ ਦੀਆਂ ਇੱਛਾਵਾਂ ਦੀ ਪੂਰਤੀ ਆਸਾਨੀ ਨਾਲ ਕੀਤੀ ਹੈ ਜਿਸ ਸਦਕਾ ਮਨੁੱਖ ਨੂੰ ਪਲਾਂ ਵਿੱਚ ਦੂਰ ਦਰਾਡੇ ਵਪਾਰੀਆਂ ਕੁਦਰਤੀ ਅਤੇ ਗ਼ੈਰ ਕੁਦਰਤੀ ਘਟਨਾਵਾਂ ਦੀ ਜਾਣਕਾਰੀ ਮਿਲ ਰਹੀ ਹੈ ਇਸੇ ਲਈ ਅੱਜ ਦਾ ਯੁੱਗ ਸੂਚਨਾ ਤਕਨਾਲੋਜੀ ਦਾ ਯੁੱਗ ਅਖਵਾਉਂਦਾ ਹੈ ਅੱਜ ਦੇ ਯੁੱਗ ਦੀ ਮੱਹਤਤਾ ਇਸੇ ਗੱਲ ਉੱਤੇ ਹੈ ਕਿ ਸੂਚਨਾ ਕਿੰਨੇ ਸਮੇਂ ਵਿੱਚ ਭਾਵੇਂ ਕਿੰਨੀ ਜਲਦੀ ਇਕ ਥਾਂ ਤੋਂ ਦੂਜੀ ਥਾਂ ਉੱਤੇ ਪਹੁੰਚਦੀ ਹੈ ਇਸ ਤਰਾਂ ਸੂਚਨਾ ਲਈ ਵੱਖ ਵੱਖ ਤਕਨਾਲੋਜੀ ਦੀਆਂ ਵੱਖ ਵੱਖ ਕਿਸਮਾਂ ਦਾ ਜ਼ਿਕਰ ਕਰਾਂਗੇ। ਜਿਨ੍ਹਾਂ ਦਾ ਮੱਹਤਵਪੂਰਨ ਪੱਖ ਹੇਠ ਲਿਖੇ ਅਨੁਸਾਰ ਹੈ।

ਅੰਕੜਿਆਂ ਦੀ ਪ੍ਰਾਪਤੀ, ਸੂਚਨਾ ਸੰਗ੍ਰਿਹ, ਸੁਰੱਖਿਆ, ਤਬਦੀਲੀ, ਲੈਣ-ਦੇਣ, ਪੜ੍ਹਾਈ, ਡਿਜਾਇਨ ਆਦਿ ਕੰਮਾਂ ਅਤੇ ਇਨ੍ਹਾਂ ਕੰਮਾਂ ਦੇ ਨਿਪਟਾਰੇ ਲਈ ਜ਼ਰੂਰੀ ਕੰਪਿਊਟਰ ਹਾਰਡਵੇਅਰ ਅਤੇ ਸਾਫਟਵੇਅਰ ਗੈਜਟਾਂ ਨਾਲ ਸੰਬੰਧਿਤ ਤਾਣਾਬਾਣਾ ਹੈ। ਸੂਚਨਾ ਤਕਨਾਲੋਜੀ ਕੰਪਿਊਟਰ ਆਧਾਰਿਤ ਸੂਚਨਾ-ਪ੍ਰਣਾਲੀ ਦਾ ਆਧਾਰ ਹੈ। ਇਹ ਵਰਤਮਾਨ ਸਮੇਂ ਵਿੱਚ ਵਣਜ ਅਤੇ ਵਪਾਰ ਦਾ ਅਨਿੱਖੜਵਾਂ ਅੰਗ ਬਣ ਗਈ ਹੈ। ਸੰਚਾਰ ਕਰਾਂਤੀ ਦੇ ਫਲਸਰੂਪ ਹੁਣ ਇਲੈਕਟਰਾਨਿਕ ਸੰਚਾਰ ਨੂੰ ਵੀ ਸੂਚਨਾ ਤਕਨੀਕੀ ਦਾ ਇੱਕ ਪ੍ਰਮੁੱਖ ਘਟਕ ਮੰਨਿਆ ਜਾਣ ਲਗਾ ਹੈ ਅਤੇ ਇਸਨੂੰ ਸੂਚਨਾ ਅਤੇ ਸੰਚਾਰ ਤਕਨਾਲੋਜੀ ਵੀ ਕਿਹਾ ਜਾਂਦਾ ਹੈ। ਇੱਕ ਉਦਯੋਗ ਦੇ ਤੌਰ ਉੱਤੇ ਇਹ ਇੱਕ ਉਭਰਦਾ ਹੋਇਆ ਖੇਤਰ ਹੈ

## 1.**ਸਹਿਯੋਗੀ ਤਕਨਾਲੋਜੀ (Assistive Technology)**

ਇਹ ਅਜਿਹੀ ਤਕਨਾਲੋਜੀ ਹੈ ਜਿਹੜੀ ਵਿਅਕਤੀਗਤ ਤੌਰ ਤੇ ਵਰਤੀ ਜਾਂਦੀ ਹੈ ਜਿਸ ਦੀ ਮਦਦ ਨਾਲ ਕਾਰਜਾਂ ਨੂੰ ਪੂਰਿਆਂ ਕਰਨ ਲਈ ਸਮੱਸਿਆਵਾਂ/ਅਯੋਗਤਾਵਾਂ ਨੂੰ ਦੂਰ ਕੀਤਾ ਜਾਂਦਾ ਹੈ ਤਾਂ ਜੋ ਮੁਸ਼ਕਲ ਕਾਰਜਾਂ ਨੂੰ ਆਸਾਨ ਕੀਤਾ ਜਾ ਸਕੇ ਉਦਾਹਰਣ ਲਈ ਟਾਈਪ ਕੀਤੇ ਕਾਰਜ ਦੀਆਂ ਗਲਤੀਆਂ ਸੋਧਣ ਅੱਖਰਾਂ ਨੂੰ ਵੱਡਿਆਂ ਛੋਟਿਆਂ ਕਰਨਾ, ਬਦਲਣਾ ਜਾਂ ਸਤਰਾਂ ਦਾ ਵਾਧਾ ਘਾਟਾ ਇਸ ਵਿਧੀ ਰਾਹੀਂ ਹੀ ਕੀਤਾ ਜਾਂਦਾ ਹੈ।

## 2. **ਮੈਡੀਕਲ ਤਕਨਾਲੋਜੀ (Medical Technology)**

ਇਹ ਤਕਨਾਲੋਜੀ ਕਿਸੇ ਬਿਮਾਰੀ ਦਾ ਵਿਸ਼ਲੇਸ਼ਣ ਕਰਨ ਉਪਰੰਤ ਉਸ ਦਾ ਇਲਾਜ ਕਰਨ ਲਈ ਵਰਤੀ ਜਾਂਦੀ ਹੈ ਤਾਂ ਜੋ ਮਰੀਜ਼ਾਂ ਦੀਆਂ ਸਿਹਤ ਹਾਲਾਤਾਂ ਨੂੰ ਛੇਤੀ ਤੰਦਰੁਸਤ ਕੀਤਾ ਜਾ ਸਕੇ

## 3. **ਸੂਚਨਾ ਤਕਨਾਲੋਜੀ** (Information Technology)

ਇਸ ਤਰ੍ਹਾਂ ਦੀ ਤਕਨਾਲੋਜੀ ਦਾ ਪ੍ਰਯੋਗ ਕਿਸੇ ਵੀ ਤਰ੍ਹਾਂ ਦੀ ਸੂਚਨਾ ਨੂੰ ਵਰਤਣ,ਸਾਂਭਣ ਲਈ, ਹਾਰਡਵੇਅਰ ਅਤੇ ਸਾਫਟਵੇਅਰ ਦੀ ਵਰਤੋਂ ਕੀਤੀ ਜਾਂਦੀ ਹੈ

**ਸੂਚਨਾ**



## **ਤਕਨਾਲੋਜੀ** (Information Technology)

ਸੂਚਨਾ ਤਕਨਾਲੋਜੀ ਕੰਪਿਊਟਰ ਨਾਲ ਸਬੰਧਤ ਜਾਣਕਾਰੀ/ਸੂਚਨਾ ਦਾ ਵਿਕਾਸ ਕਰਨ, ਡਿਜ਼ਾਈਨ ਕਰਨ, ਪੜ੍ਹਨ, ਲੋੜ ਅਨੁਸਾਰ ਵਰਤਣ ਉਸ ਵਿੱਚ ਸੋਧ ਕਰਨ, ਅਤੇ ਸੰਭਾਲ ਕੇ ਰੱਖਣ ਵਿੱਚ ਸਹਾਈ ਹੁੰਦੀ ਹੈ ਸੂਚਨਾ ਤਕਨਾਲੋਜੀ ਇੱਕ ਅਜਿਹੀ ਤਕਨਾਲੋਜੀ ਹੈ ਜਿਹੜੀ ਅੰਕੜਿਆਂ ਅਤੇ ਹੋਰ ਸੂਚਨਾ ਨੂੰ ਸੰਭਾਲ ਕੇ ਰੱਖਣ ਅਤੇ ਮੁਲੰਕਣ ਕਰਨ ਵਾਲੀ ਵਿਧੀ ਜਾਂ ਤਕਨੀਕ ਹੈ ਇਸ ਤਕਨਾਲੋਜੀ ਦਾ ਮੂਲ ਆਧਾਰ ਅੰਕੜਿਆਂ ਜਾਂ ਸੂਚਨਾ ਦਾ ਕੰਪਿਊਟਰੀਕਰਨ ਹੈ ਸੂਚਨਾ ਤਕਨਾਲੋਜੀ ਇੰਜਨੀਅਰਿੰਗ ਖੇਤਰ ਦੀ ਅਜਿਹੀ ਸ਼ਾਖਾ ਹੈ ਜੋ ਕਿ ਕੰਪਿਊਟਰ ਜੰਤਰਾਂ ਅਤੇ ਸੰਪਰਕ ਯੰਤਰਾਂ ਦੀ ਸਹਾਇਤਾ ਨਾਲ ਸੂਚਨਾ ਨੂੰ ਇੱਕ ਥਾਂ ਤੋਂ ਦੂਜੀ ਥਾਂ ਉਤੇ ਭੇਜਣ ਸੰਭਾਲ ਕੇ ਰੱਖਣ, ਲੋੜ ਪੈਣ ਉੱਤੇ ਦੁਬਾਰਾ ਪੜ੍ਹਨ ਵਿੱਚ ਸਹਾਈ ਹੁੰਦੀ ਹੈ ਸੂਚਨਾ ਤਕਨਾਲੋਜੀ ਬਾਰੇ ਅਮਰੀਕਨ ਐਸੋਸੀਏਸ਼ਨ ਸੂਚਨਾ ਤਕਨਾਲੋਜੀ ਬਿਆਨ ਕਰਦੀ ਹੈ ਕਿ ਸੂਚਨਾ ਤਕਨਾਲੋਜੀ,ਅਧਿਐਨ, ਡਿਜ਼ਾਇਨ, ਵਿਕਾਸ, ਲਾਗੂ ਕਰਨ, ਮਦਦ ਜਾਂ ਕੰਪਿਊਟਰ ਆਧਾਰਤ ਸੂਚਨਾ ਪ੍ਰਬੰਧਾਂ ਦਾ ਤਰਤੀਬਵਾਰ ਪ੍ਰਬੰਧ ਅਖਵਾਉਂਦੀ ਹੈ ਵਿਸ਼ੇਸ਼ ਕਰਕੇ ਸਾਫਟਵੇਅਰ ਐਪਲੀਕੇਸ਼ਨਜ਼ ਅਤੇ ਕੰਪਿਊਟਰ ਦੇ ਹਾਰਡਵੇਅਰ ਦੀ ਵਰਤੋਂ ਰਾਹੀਂ ਆਈ.ਟੀ ਦਾ ਸੰਬੰਧ ਬਿਜਲਈ ਕੰਪਿਊਟਰਾਂ ਅਤੇ ਕੰਪਿਊਟਰ ਤੇ ਸਾਫ਼ਟਵੇਅਰਾਂ ਨੂੰ ਤਬਦੀਲ ਕਰਨਾ, ਸੰਭਾਲਣਾ, ਸੁਰੱਖਿਅਤ ਕਰਨਾ, ਪ੍ਰੋਸੈਸਿੰਗ ਕਰਨਾ, ਸੰਚਾਰ ਕਰਨਾ ਅਤੇ ਸੂਚਨਾ ਨੂੰ ਸੁਰੱਖਿਅਤਾ ਨਾਲ ਸੰਭਾਲਣਾ ਆਦਿ ਦੀ ਵਰਤੋਂ ਹੈ।

**ਖਬਰਾਂ ਦੀ ਜਾਣਕਾਰੀ:** ਸੰਸਾਰ ਪੱਧਰ ਦੀਆਂ ਖਬਰਾਂ ਦੀ ਜਾਣਕਾਰੀ ਸਾਨੂੰ ਮਿਲ ਜਾਂਦੀ ਹੈ।

ਸੂਚਨਾ ਤਕਨਾਲੋਜੀ ਨੂੰ ਆਮ ਕਰਕੇ ਆਈ.ਟੀ ਦੇ ਨਾਮ ਨਾਲ ਜਾਣਿਆ ਜਾਂਦਾ ਹੈ ਇਹ ਹਰੇਕ ਤਰ੍ਹਾਂ ਦੀ ਕੰਪਿਊਟਿੰਗ ਤਕਨਾਲੋਜੀ ਨਾਲ ਸਬੰਧਤ ਹੈ ਜਿਵੇਂ ਕਿ ਪੁਰਜ਼ਿਆਂ ਨੂੰ ਆਪਸ ਵਿੱਚ ਜੋੜਨਾ ਇੰਟਰਨੈੱਟ ਜਾਂ ਜਿਹੜੇ ਵਿਅਕਤੀ ਇਸ ਤਕਨਾਲੋਜੀ ਨਾਲ ਸਬੰਧਤ ਖੇਤਰਾਂ ਵਿੱਚ ਕਾਰਜ ਕਰਦੇ ਹਨ ਇਸੇ ਲਈ ਬਹੁਤ ਸਾਰੀਆਂ ਕੰਪਨੀਆਂ ਆਪਣੇ ਕਾਰਜਾਂ ਵਿੱਚ ਕੰਪਿਊਟਰਾਂ ਨੈੱਟਵਰਕਾਂ ਅਤੇ ਹੋਰ ਆਪਣੇ ਵਪਾਰ ਜਾਂ ਬਿਜ਼ਨਸ ਤੇ ਤਕਨੀਕੀ ਖੇਤਰਾਂ ਵਿੱਚ ਇਸੇ ਪ੍ਰਬੰਧ ਭਾਵ ਆਈ.ਟੀ ਦੀ ਵਰਤੋਂ ਕਰਦੇ ਹਨ ਇਹ ਸੂਚਨਾ ਤਕਨਾਲੋਜੀ ਇੱਕ ਵਿਸ਼ਾਲ ਤਕਨਾਲੋਜੀ ਹੈ ਜੋ ਕੰਪਿਊਟਰ ਦੇ ਪ੍ਰੋਗਰਾਮਾਂ ਨੈੱਟਵਰਕ ਪ੍ਰਬੰਧਨ ਕੰਪਿਊਟਰ ਇੰਜਨੀਅਰਿੰਗ ਨਾਲ ਕਾਰਜ ਕਰਦਿਆਂ ਵੈੱਬ ਵਿਕਾਸ ਤਕਨੀਕੀ ਮੱਦਦ ਅਤੇ ਹੋਰ ਅਨੇਕਾਂ ਕਿੱਤਿਆਂ ਨਾਲ ਸਬੰਧਤ ਤਕਨਾਲੋਜੀ ਵੀ ਆਖ ਸਕਦੇ ਹਾਂ ਇਸੇ ਲਈ ਅਸੀਂ ਹੁਣ ਸੂਚਨਾ ਯੁੱਗ ਵਿੱਚ ਜੀਅ ਰਹੇ ਹਾਂ ਇਹ ਸਾਡੀ ਜ਼ਿੰਦਗੀ ਦਾ ਇੱਕ ਅਟੁੱਟ ਹਿੱਸਾ ਬਣ ਗਿਆ ਹੈ ਇਸ ਦਾ ਭਾਵ ਇਹ ਹੈ ਕਿ ਰੋਜ਼ਾਨਾ ਆਈ.ਟੀ ਸ਼ਬਦ ਅਸੀਂ ਉੱਚ ਪੱਧਰ ਅਤੇ ਇੱਧਰ ਉੱਧਰ, ਇੱਥੇ ਉਥੇ ਹਰ ਥਾਂ ਵਰਤਦੇ ਹਾਂ। ਆਸਾਨ ਸ਼ਬਦਾਂ ਵਿੱਚ ਆਈ.ਟੀ ਸ਼ਬਦ ਸੂਚਨਾ ਨੂੰ ਕੰਪਿਊਟਰ ਉੱਤੇ ਕਰਨ ਵਾਲੇ ਕਾਰਜਾਂ ਅਤੇ ਇਨ੍ਹਾਂ ਵਿਚ ਵਰਤੇ ਜਾਣ ਵਾਲੇ ਸਾਫ਼ਟਵੇਅਰਾਂ ਨੂੰ ਮੈਨੇਜ ਕਰਨ ਲਈ ਜ਼ਿਆਦਾ ਵਰਤਿਆ ਜਾਂਦਾ ਹੈ ਵੱਡੀਆਂ ਵੱਡੀਆਂ ਕੰਪਨੀਆਂ ਜਾਂ ਵਪਾਰਕ ਪੱਧਰ ਉੱਤੇ ਆਈ. ਟੀ ਵਿਭਾਗ ਹੀ ਸਾਰੇ ਕਾਰਜਾਂ ਲਈ ਜ਼ਿੰਮੇਵਾਰ ਹੁੰਦਾ ਹੈ

## ਸੂਚਨਾ ਤਕਨਾਲੋਜੀ ਦਾ ਮਹੱਤਵ:

ਇਹ ਤਕਨਾਲੋਜੀ ਵਿਦਿਆਰਥੀਆਂ ਨੂੰ ਇਕ ਹੀ ਥਾਂ ਅਤੇ ਇੱਕੋ ਸਮੇਂ ਬਹੁਤ ਸਾਰੇ ਵਸੀਲਿਆਂ ਸਾਧਨਾਂ ਤੋਂ ਸੂਚਨਾ ਪ੍ਰਾਪਤ ਕਰਨ ਦੀ ਖੁੱਲ੍ਹ ਦਿੰਦੀ ਹੈ ਇਸ ਨਾਲ ਹੀ ਇਹ ਵਿਦਿਆਰਥੀਆਂ ਨੂੰ ਪ੍ਰਾਪਤ ਕੀਤੀ ਸੂਚਨਾ ਦੂਜਿਆਂ ਨਾਲ ਸਾਂਝੀ ਕਰਨ ਦੀ ਖੁੱਲ੍ਹ ਦਿੰਦੀ ਹੈ ਤਾਂ ਜੋ ਉਹ ਆਪਣੀ ਲੋੜ ਅਨੁਸਾਰ ਆਪਣੀ ਖੋਜ ਜਾਂ ਕਾਰਜਾਂ ਵਿੱਚ ਵਰਤ ਸਕਣ ਕੁਝ ਕੁ ਤਰੀਕਿਆਂ ਨਾਲ ਸੂਚਨਾ ਤਕਨਾਲੋਜੀ, ਅਧਿਆਪਕਾਂ ਅਤੇ ਵਿਦਿਆਰਥੀਆਂ ਦੋਹਾਂ ਹੀ ਪ੍ਰਭਾਵਿਤ ਕਰ ਸਕੇ ਪ੍ਰੰਤੂ ਅਸੀਮਤ ਨਹੀਂ ਹਨ ਇੰਟਰਨੈੱਟ ਅਧਿਆਪਕਾਂ ਨੂੰ ਆਪਣੇ ਵਿਸ਼ਿਆਂ ਬਾਰੇ ਹੋਰ ਚੰਗੀ ਤਰ੍ਹਾਂ ਬਿਆਨ ਕਰਨ ਅਤੇ ਵਿਆਖਿਆ ਕਰਨ ਦੇ ਨਾਲ ਨਾਲ ਪੜਾਉਣ ਦੇ ਲਾਹੇਵੰਦ ਤਰੀਕਿਆਂ ਨਾਲ ਜਾਣੂ ਕਰਵਾਉਂਦਾ ਹੈ ਇਸ ਦੇ ਵਿਪਰੀਤ ਇੰਟਰਨੈੱਟ ਵਿਦਿਆਰਥੀਆਂ ਨੂੰ ਆਪਣੇ ਮਸਲਿਆਂ/ਵਿਸ਼ਿਆਂ ਬਾਰੇ ਸੂਚਨਾ ਹਾਸਲ ਕਰਨ ਵਿਚ ਸਹਾਇਕ ਹੁੰਦਾ ਹੈ ਇੰਟਰਨੈੱਟ ਵਿਦਿਆਰਥੀਆਂ ਨੂੰ ਕਈ ਤਰ੍ਹਾਂ ਦੀ ਜਾਣਕਾਰੀ ਮੁਹੱਈਆ ਕਰਵਾਉਂਦਾ ਹੈ ਜਿਵੇਂ ਕਿ ਦੇਸ਼ ਵਿਦੇਸ਼ ਦੀ ਭੂਗੋਲਿਕ ਜਾਣਕਾਰੀ, ਸੱਭਿਆਚਾਰਕ ਜਾਣਕਾਰੀ, ਆਰਥਿਕ ਸਥਿਤੀਆਂ, ਮੰਦਹਾਲੀਆਂ, ਰਾਜਨੀਤਕ ਸਥਿਤੀ ਦੀ ਜਾਣਕਾਰੀ, ਦੁਨੀਆਂ ਦੇ ਵੱਖ ਵੱਖ ਹਿੱਸਿਆਂ ਵਿਚ ਵਾਪਰ ਰਹੀਆਂ ਸਰਗਰਮੀਆਂ ਅਤੇ ਹੋਰ ਬਹੁਤ ਕੁਝ ਇਸ ਤੋਂ ਬਿਨਾ ਇੰਟਰਨੈੱਟ ਦੀ ਸਹਾਇਤਾ ਨਾਲ ਦੁਨੀਆਂ ਬਹੁਤ ਛੋਟੀ ਅਤੇ ਸੁੰਗੜੀ ਹੋਈ ਜਾਪਦੀ ਹੈ ਕੋਈ ਵੀ ਵਿਅਕਤੀ ਕਿਸੇ ਵੀ ਇਕ ਥਾਂ ਉੱਤੇ ਬੈਠ ਕੇ ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਬੈਠੇ ਦੂਜੇ ਵਿਅਕਤੀ ਨਾਲ ਸੰਪਰਕ ਕਰ ਸਕਦਾ ਹੈ ਸਹੀ ਸ਼ਬਦਾਂ ਵਿੱਚ ਆਈ. ਟੀ ਨੂੰ ਅਸੀਂ ਸੂਚਨਾ ਨੂੰ ਸੰਭਾਲ ਕੇ ਰੱਖਣ ਬਾਹਰਲੇ ਯੂਜਰ ਤੋਂ ਪ੍ਰੋਟੈਕਟ ਸਕਿਓਰ ਕਰਨ, ਸੂਚਨਾ ਨੂੰ ਇੱਕ ਥਾਂ ਤੋਂ ਦੂਜੀ ਥਾਂ ਭੇਜਣ, ਸੰਸਾਰਕ ਪੱਧਰ ਤੇ ਸੰਪਰਕ ਕਰਨ, ਭੇਜੀਆਂ ਸੂਚਨਾਵਾਂ ਨੂੰ ਤਰੀਕੇ ਵੱਧ ਰੂਪ ਵਿਚ ਹੀ ਪ੍ਰਾਪਤ ਕਰਨ ਆਦਿ ਲਈ ਵਰਤਦੇ ਹਾਂ ਵਪਾਰਕ ਪੱਧਰ ਉੱਤੇ ਆਈ.ਟੀ ਨੂੰ ਵਪਾਰਕ ਮੁਸ਼ਕਿਲਾਂ ਗਣਿਤਕ ਸੁਆਲਾਂ ਨੂੰ ਹੱਲ ਕਰਨ, ਵਪਾਰਕ ਪ੍ਰਾਜੈਕਟ ਬਣਾਉਣ ਲਈ ਵਰਤਿਆ ਜਾਂਦਾ ਹੈ ਇਸ ਨਾਲ ਹੀ ਆਈ.ਟੀ ਹਰ ਵਪਾਰਕ ਖੇਤਰ ਵਿਚ ਪ੍ਰਾਜੈਕਟ ਮੈਨੇਜਮੈਂਟ ਸਿਸਟਮ ਵਿੱਚ ਵੀ ਵਰਤੋਂ ਕੀਤੀ ਜਾਂਦੀ ਹੈ ਸਿੱਖਿਆ ਖੇਤਰ ਵਿੱਚ ਆਈ.ਟੀ ਦੀ ਬਹੁਤ ਮਹੱਤਤਾ ਮੰਨੀ ਜਾਂਦੀ ਹੈ ਅਤੇ ਸਿੱਖਣ ਦੇ ਹਰ ਵਸੀਲਿਆਂ ਨੂੰ ਵਿਦਿਆਰਥੀਆਂ, ਅਧਿਆਪਕਾਂ, ਰਿਸਰਚ ਸਕਾਲਰ ਆਦਿ ਸਭ ਵੱਲੋਂ ਆਪਣੀ ਲੋੜ ਅਨੁਸਾਰ ਵਰਤਿਆ ਜਾਂਦਾ ਹੈ ਇਸ ਤਕਨਾਲੋਜੀ ਦੇ ਕਾਰਨ ਨਹੀਂ ਸੂਚਨਾ ਹਮੇਸ਼ਾ ਸੋਧੀ ਹੋਈ ਅਤੇ ਨਵੀਨ ਮਿਲਦੀ ਹੈ ਸਿੱਖਿਆ ਦੇ ਖੇਤਰ ਵਿੱਚ ਆਈ.ਟੀ ਦੀ ਸਹਾਇਤਾ ਨਾਲ ਵਿਦਿਆਰਥੀ ਆਸਾਨੀ ਨਾਲ ਇੱਕ ਦੂਜੇ ਨਾਲ ਸੰਪਰਕ ਕਰ ਸਕਦੇ ਤੇ ਨਵੇਂ ਨਵੇਂ ਵਿਚਾਰ ਸਾਂਝੇ ਕਰ ਸਕਦੇ ਹਨ। ਸੌਖੇ ਸ਼ਬਦਾਂ ਵਿੱਚ ਜੇਕਰ ਅਸੀਂ ਸੂਚਨਾ ਤਕਨਾਲੋਜੀ ਦੀ ਵਿਸ਼ੇਸ਼ਤਾਵਾਂ ਦੀ ਗੱਲ ਕਰੀਏ ਤਾਂ ਇਸ ਤਕਨਾਲੋਜੀ ਸਾਨੂੰ ਕਈ ਤਰੀਕਿਆਂ ਨਾਲ ਹੇਠਾਂ ਲਿਖੇ ਖੇਤਰਾਂ ਵਿੱਚ ਮਦਦ ਕਰ ਸਕਦੀ ਹੈ ਜਿਵੇਂ ਕਿ

1. ਸਿੱਖਿਆ ਖੇਤਰ ਵਿਚ ਸਹਾਇਕ: ਇਹ ਸਾਨੂੰ ਹਰ ਸਮੇਂ ਸਿੱਖਿਆਂ ਦੇ ਨਵੇ ਨਵੇਂ ਖੇਤਰਾਂ ਵਿਚ ਮੱਦਦ ਕਰਨ ਵਿਚ ਸਹਾਈ ਹੁੰਦੀ ਹੈ।

2. ਵਪਾਰਕ ਖੇਤਰ ਵਿੱਚ ਲਾਹੇਵੰਦ : ਸੂਚਨਾ ਤਕਨਾਲੋਜੀ ਵਪਾਰ ਦੇ ਖੇਤਰ ਵਿਚ ਵੀ ਲਾਹੇਵੰਦ ਹੁੰਦੀ ਹੈ।

3.ਕਾਰਜਾਂ ਨੂੰ ਘੱਟ ਸਮੇਂ ਵਿੱਚ ਸੰਪੂਰਨ ਕਰਨ ਵਿੱਚ ਮਦਦਗਾਰ : ਸਮੇਂ ਦੀ ਬੱਚਤ ਵਿਚ ਵੀ ਸਹਾਈ ਹੈ।

4.ਸੰਸਾਰਕ ਪੱਧਰ ਉੱਤੇ ਆਮ ਜਨਤਾ ਨਾਲ ਸੰਪਰਕ ਕਾਇਮ ਕਰਨ ਵਿੱਚ ਲਾਹੇਵੰਦ : ਪਬਲਿਕ ਪੱਧਰ ਤੇ ਸਹਾਈ ਹੁੰਦੀ ਹੈ।

5. ਭੂਗੋਲਿਕ, ਸੱਭਿਆਚਾਰਕ, ਆਰਥਿਕ ਹਾਲਾਤਾਂ ਬਾਰੇ ਜਾਣਕਾਰੀ ਪ੍ਰਦਾਨ ਕਰਨ ਵਿੱਚ ਸਹਾਇਕ

6. ਖੇਤੀ ਦੀਆਂ ਨਵੀਂਆ ਤਕਨੀਕਾਂ ਦੀ ਖੋਜ ਲਈ ਲਾਹੇਵੰਦ: ਖੇਤੀ ਦੀਆਂ ਨਵੀਆਂ ਤਕਨੀਕਾ ਨਾਲ ਸੰਬੰਧਤ ਜਾਣਕਾਰੀ ਮੁਹੱਈਆ ਕਰਵਾਉਂਦੀ ਹੈ।

ਜਿਸ ਤਰ੍ਹਾਂ ਹਰ ਵਸਤੂ ਦੇ ਫ਼ਾਇਦੇ ਹੁੰਦੇ ਹਨ ਤੇ ਨਾਲ ਨਾਲ ਕੁਝ ਘਾਟਾਂ ਦੀ ਹੁੰਦੀਆਂ ਹਨ ਉਸੇ ਤਰ੍ਹਾਂ ਸੂਚਨਾ ਤਕਨਾਲੋਜੀ ਦੀਆਂ ਵੀ ਕੁਝ ਘਾਟਾਂ ਸਾਹਮਣੇ ਆਉਂਦੀਆਂ ਹਨ ਜਿਵੇਂ

1.ਗ਼ੈਰ ਜ਼ਿੰਮੇਵਾਰ ਲੋਕਾਂ ਵੱਲੋਂ ਇਸ ਨੂੰ ਡਿਜ਼ਾਈਨ ਕੀਤਾ ਜਾਣਾ।

2. ਅਸੀਂ ਲੋੜ ਤੋਂ ਜ਼ਿਆਦਾ ਤਕਨਾਲੋਜੀ ਉੱਤੇ ਨਿਰਭਰ ਹੋ ਜਾਂਦੇ ਹਾਂ ਜੇਕਰ ਕਿਸੇ ਤਕਨੀਕੀ ਖ਼ਰਾਬੀ ਕਾਰਨ ਸਿਸਟਮ ਠੀਕ ਸਮੇਂ ਤੇ ਨਾ ਚੱਲੇ ਤਾਂ ਅਸੀਂ ਲਾਚਾਰ ਹੋ ਜਾਵਾਂਗੇ ਅਤੇ ਸਾਡੇ ਕਾਰਜ ਰੁਕ ਸਕਦੇ ਹਨ।

3. ਕਈ ਵਾਰ ਇਸ ਤਕਨਾਲੋਜੀ ਨੂੰ ਲੋੜ ਤੋਂ ਜ਼ਿਆਦਾ ਵਰਤੋਂ ਵਿੱਚ ਲਿਆਉਣ ਲਈ ਸਾਡੀ ਸਿਹਤ ਅਤੇ ਜ਼ਿੰਦਗੀ ਦੇ ਵਿਵਹਾਰ ਉੱਤੇ ਬਹੁਤ ਗਹਿਰਾ ਅਸਰ ਪੈਂਦਾ ਹੈ ਅਸੀਂ ਸੁਸਤ ਵੀ ਹੋ ਸਕਦੇ ਹੈ।

4. ਇਸ ਨਾਲ ਸਾਡੇ ਕਾਰਜਾਂ ਦਾ ਓਹਲਾ ਨਹੀਂ ਰਹਿੰਦਾ।

## ਆਈ. ਟੀ ਦੀਆਂ ਵਿਸ਼ੇਸ਼ਤਾਵਾਂ

1. **ਵਿਭਿੰਨ ਤਰ੍ਹਾਂ ਦੇ ਸਿੱਖਿਆਦਾਇਕ ਵਸੀਲਿਆਂ ਨੂੰ ਵਰਤਣਾ:** ਇਨਫਾਰਮੇਸ਼ਨ ਤਕਨਾਲੋਜੀ ਰਾਹੀਂ ਸਿੱਖਿਆਂ ਦੇ ਨਵੇਂ ਨਵੇਂ ਪਾਸਾਰਾਂ ਬਾਰੇ ਜਾਣਕਾਰੀ ਮਿਲਦੀ ਹੈ। ਜਿਸ ਰਾਹੀਂ ਅੱਜ ਦੇ ਸਮੇਂ ਵਿਚ ਆਨਲਾਇਨ ਪੜਾਈ ਦਾ ਵੱਡਾ ਪੱਧਰ ਸ਼ੁਰੂ ਹੋਇਆ ਹੈ ਇਸ ਵਿਚ ਜੇਕਰ 2020 ਈ. ਦੀ ਗੱਲ ਕੀਤੀ ਜਾਵੇ ਤਾਂ ਜਿਸ ਵਰਗ ਨੂੰ ਨਹੀਂ ਵੀ ਪਤਾ ਸੀ ਤਕਨਾਲੋਜੀ ਦਾ ਉਸ ਨੂੰ ਵੀ ਇਸ ਸਦੀ ਵਿਚ ਉਹ ਸਾਰੇ ਸਾਧਨਾਂ ਦਾ ਪਤਾ ਲੱਗ ਗਿਆ ਜਿਸ ਨਾਲ ਮੱਹਤਵਪੂਰਨ ਜਾਣਕਾਰੀ ਮਿਲ ਸਕਦੀ ਹੈ।

2. **ਸੂਚਨਾ ਨੂੰ ਕਦੇ ਵੀ ਕਿਤੇ ਵੀ ਘੱਟ ਸਮੇਂ ਵਿੱਚ ਪ੍ਰਾਪਤ ਕਰਨਾ** : ਸੂਚਨਾ ਤਕਨਾਲੋਜੀ ਰਾਹੀਂ ਵਿਦਿਆਰਥੀ ਪੱਧਰ ਹੀ ਨਹੀਂ ਸਗੋਂ ਵਪਾਰਕ ਪੱਧਰ ਤੇ ਵੀ ਵੱਡੀ ਜਾਣਕਾਰੀ ਹਾਸਿਲ ਹੁੰਦੀ ਹੈ। ਇਸ ਰਾਹੀਂ ਬਹੁਤ ਥੋੜੇ ਸਮੇਂ ਵਿਚ ਬਹੁਤ ਜਿਆਦਾ ਜਾਣਕਾਰੀ ਹਾਸਿਲ ਕੀਤੀ ਜਾ ਸਕਦੀ ਹੈ।

3.**ਸੂਚਨਾ ਨੂੰ ਮਲਟੀਮੀਡੀਆ ਤਰੀਕਿਆਂ ਨਾਲ ਪ੍ਰਾਪਤ ਕਰਨਾ** :

ਸੂਚਨਾ ਨੂੰ ਮਲਟੀਮੀਡੀਆ ਤਰੀਕਿਆਂ ਰਾਹੀਂ ਵੀ ਵਰਤਿਆ ਜਾਂਦਾ ਹੈ ਇਸ ਰਾਹੀਂ ਪੱਤਰਕਾਰੀ ਅਖ਼ਬਾਰਾਂ ਆਦਿ ਦੀ ਜਾਣਕਾਰੀ ਮਿਲਦੀ ਹੈ।

4. **ਸਹੀ ਅਤੇ ਸੋਧ ਸੂਚਨਾ ਨੂੰ ਪ੍ਰਾਪਤ ਕਰਨਾ** :
   ਇਸ ਰਾਹੀਂ ਸਹੀ ਅਤੇ ਬਹੁਤੀ ਜਾਣਕਾਰੀ ਹਾਸਿਲ ਕੀਤੀ ਜਾ ਸਕਦੀ ਹੈ
5. **ਕਿਸੇ ਸਮੂਹਿਕ ਤੌਰ ਤੇ ਸੂਚਨਾਵਾਂ ਪ੍ਰਾਪਤ ਕਰਨੀਆਂ** :

   ਇਸ ਵਿਚ ਕਿਸੇ ਇਕ ਨਹੀਂ ਅਨੇਕਾਂ ਸੂਚਨਾਵਾਂ ਨੂੰ ਇਕੋ ਸਮੇਂ ਪ੍ਰਾਪਤ ਕੀਤਾ ਜਾ ਸਕਦਾ ਹੈ ਅਤੇ ਸੁਨੇਹਾ ਦਿੱਤਾ ਜਾ ਸਕਦਾ ਹੈ। ਜਿਸ ਰਾਹੀ ਸਮੇਂ ਦੀ ਬੱਚਤ ਵੀ ਕੀਤੀ ਜਾ ਸਕਦੀ ਹੈ।
6. **ਆਨਲਾਈਨ ਲਾਇਬਰੇਰੀ ਦੀ ਵਰਤੋਂ :**
   ਇਸ ਰਾਹੀਂ ਕਿਸੇ ਵੀ ਸਮੇਂ ਆਨਲਾਈਨ ਕਿਤਾਬਾਂ ਨੂੰ ਪੜਇਆ ਜਾ ਸਕਦਾ ਹੈ ਜਿੱਥੇ ਇਕ ਕਿਤਾਬ ਲਈ ਵੱਖਰੀਆਂ-ਵੱਖਰੀਆਂ ਲਾਇਬਰੇਰੀਆਂ ਵਿਚ ਜਾਣਾ ਪੈਂਦਾ ਸੀ ਉੱਥੇ ਹੁਣ ਘਰ ਬੈਠ ਕੇ ਕਿਸੇ ਵੀ ਸਮੇਂ ਆਨਲਾਇਨ ਪੁਸਤਕਾਂ ਨੂੰ ਪੜ ਸਕਦੇ ਹਾਂ।

7. **ਸਿੱਖਿਆ ਦੇ ਖੇਤਰ ਵਿੱਚ ਪੜ੍ਹਾਈ ਦੀ ਹਰ ਸਬਜੈਕਟ ਨੂੰ ਦਿਲਚਸਪ ਬਣਾਉਣਾ** : ਸਿੱਖਿਆ ਦੇ ਖੇਤਰ ਵਿਚ ਹਰ ਸਮੇਂ ਵਿਦਿਆਰਥੀ ਵਰਗ ਲਈ ਅਨੇਕਾਂ ਨਵੇਂ ਯਤਨਾਂ ਨੂੰ ਲੱਭਿਆ ਜਾਂਦਾ ਹੈ। ਜਿਸ ਨਾਲ ਵਿਦਿਆਰਥੀ ਦੇ ਮਨ ਨੂੰ ਪੜਾਈ ਵਿਚ ਲਗਾ ਸਕੇ।

**8. ਸਿੱਖਿਆ ਦਾ ਬਹੁਤ ਵੱਡਾ ਸੋਮਾ** :

ਸੂਚਨਾ ਤਕਨਾਲੋਜੀ ਸਿੱਖਿਆ ਦਾ ਬਹੁਤ ਵੱਡਾ ਪਹਿਲੂ ਹੈ। ਜਿਸ ਰਾਹੀਂ ਗੂਗਲ ਕਰੋਮ, ਈ-ਕਨੈਕਟ, ਫਾਇਰਫਾਕਸ ਪੰਜਾਬੀ ਪੀਡੀਆਂ ਰਾਹੀਂ ਕਿਸੇ ਵੀ ਸਾਇਟ ਤੇ ਸਰਚ ਮਾਰ ਕੇ ਕੋਈ ਵੀ ਟਾਪਿਕ ਨੂੰ ਅਸੀਂ ਘਰ ਬੇਠੈ ਪੜ ਸਕਦੇ ਹਾਂ। ਇਸ ਕਰਕੇ ਅਜ ਦੇ ਸਮੇਂ ਵਿਚ ਹਰ ਵਿਦਿਆਰਥੀ ਕੋਲ ਐਂਡਰਾਇਡ ਫੋਨ ਹੋਣਾ ਜ਼ਰੂਰੀ ਹੈ ਜੋ ਉਹ ਕਿਤੇ ਵੀ ਸਫਰ ਕਰਦਾ ਆਪਣਾ ਕੋਈ ਵੀ ਟਾਪਿਕ ਪੜ ਸਕਦਾ ਹੈ

**10. ਦੂਰ ਬੈਠਿਆਂ ਹੀ ਸੂਚਨਾ ਨੂੰ ਸਹੀ ਫਾਰਮੈਟ ਵਿੱਚ ਪ੍ਰਾਪਤ ਕਰਨਾ** :
ਘਰ ਤੋਂ ਦੂਰ ਬੈਠਿਆਂ ਜਾਂ ਕਿਤੇ ਵੀ ਅਸੀਂ ਸੂਚਨਾ ਨੂੰ ਪ੍ਰਾਪਤ ਮਿੰਟਾਂ ਸੰਕਿਟਾਂ ਵਿਚ ਪ੍ਰਾਪਤ ਕਰ ਸਕਦੇ ਹਾਂ।

**11. ਕਈ ਤਰੀਕਿਆਂ ਨਾਲ ਸੰਸਾਰਕ ਪੱਧਰ ਉੱਤੇ ਗੱਲਬਾਤ ਕਰਨਾ** :
ਸੂਚਨਾ ਤਕਨਾਲੋਜੀ ਲਈ ਜਿੱਥੇ ਅਸੀਂ ਐਂਡਰਾਇਡ ਫੋਨ ਦੀ ਵਰਤੋਂ ਕਰਦੇ ਹਾਂ ਉੱਥੇ ਅਸੀਂ ਹੋਰ ਵੀ ਅਨੇਕਾਂ ਸਾਫਟਵੇਅਰ ਦੀ ਵਰਤੋਂ ਕਰਦੇ ਹਾਂ।

**12. ਰੋਜ਼ਾਨਾ ਦੀਆਂ ਮੁਸ਼ਕਲਾਂ ਨੂੰ ਹੱਲ ਕਰਨ ਲਈ ਲਾਹੇਵੰਦ ਸੁਝਾਅ ਪ੍ਰਾਪਤ ਕਰਨਾ** :
ਰੋਜ਼ਾਨਾ ਦੀਆਂ ਮੁਸ਼ਕਲਾਂ ਦਾ ਹੱਲ ਅਸੀਂ ਸੂਚਨਾ ਤਕਨਾਲੋਜੀ ਰਾਹੀਂ ਵੀ ਕਰ ਸਕਦੇ ਹਾਂ। ਉਦਾਹਰਨ ਦੇ ਤੌਰ ਤੇ ਜਿਵੇਂ ਰਾਸ਼ੀਫਲ, ਕੋਈ ਉਪਾਅ, ਕੋਈ ਸੁਝਾਅ, ਆਦਿ

**13. ਰੋਜ਼ਾਨਾ ਦੇ ਕੰਮਾਂ ਕਾਰਾਂ ਨੂੰ ਘੱਟ ਸਮੇਂ ਵਿੱਚ ਕਰਨਾ** :
ਸੂਚਨਾ ਤਕਨਾਲੋਜੀ ਰਾਹੀਂ ਅਸੀਂ ਅਨੇਕਾ ਕੰਮਾਂ ਨੂੰ ਘੱਟ ਸਮੇਂ ਵਿਚ ਪ੍ਰਾਪਤ ਕਰ ਸਕਦੇ ਹਾਂ ਉਦਾਹਰਨ ਦੇ ਤੌਰ ਤੇ ਜਿਵੇਂ ਦੁਕਾਨ ਤੋਂ ਕੋਈ ਸਮਾਨ ਲੈਣਾ ਹੈ ਉਸ ਨੂੰ ਫੋਨ ਰਾਹੀਂ ਪਹਿਲਾਂ ਦੱਸਣਾ ਕਿ ਇਸ ਸਮਾਨ ਦੀ ਪੈਕਿੰਗ ਕਰ ਦਿੱਤੀ ਜਾਵੇ। ਜਦ ਦੁਕਾਨ ਤੇ ਗਏ ਪੈਸੇ ਦੇ ਕੇ ਤੁਰ ਪਏ। ਹੋਰ ਜਿਵੇਂ ਪਾਈ ਦਾ ਬਿੱਲ ਆਨਲਾਇਨ ਤਾਰਨਾ, ਬਿਜਲੀ ਦਾ ਬਿੱਲ, ਫੋਨ ਦਾ ਬਿੱਲ , ਹੋਮ ਲੋਨ ਕਿਸ਼ਤ, ਗੱਡੀ ਦੀ ਕਿਸ਼ਤ ਆਦਿ।



## ਗਲੋਬਲਾਈਜੇਸ਼ਨ

ਆਈ.ਟੀ ਦੀ ਮੱਦਦ ਨਾਲ ਦੁਨੀਆਂ ਨੂੰ ਬਹੁਤ ਛੋਟਾ ਬਣਾ ਦਿੱਤਾ ਹੈ ਅਤੇ ਸੰਸਾਰਕ Economy ਨੂੰ ਆਪਸ ਵਿੱਚ ਇੱਕ ਦੂਜੇ ਉੱਤੇ ਨਿਰਭਰ ਰਹਿਣ ਵਾਲਾ ਸਿਸਟਮ ਵੀ ਬਣਾ ਦਿੱਤਾ ਹੈ ਸੂਚਨਾ ਨੂੰ ਘੱਟ ਸਮੇਂ ਵਿੱਚ ਸਹੀ ਤਰੀਕੇ ਨਾਲ ਸਾਂਝਾ ਕਰਨਾ ਹੀ ਇਸ ਦਾ ਖਾਸ ਮੰਤਵ ਮੰਨਿਆ ਜਾ ਸਕਦਾ ਹੈ ਇਸ ਦੇ ਨਾਲ ਭੂਗੋਲਿਕ ਅਤੇ ਲਿੰਗੁਵਿਸਟਿਕ ਵਿਚ ਬੰਦਸ਼ਾਂ ਵੀ ਲੱਗ ਗਈਆਂ ਹਨ ਅਸੀਂ ਕਹਿ ਸਕਦੇ ਹਾਂ ਕਿ ਆਈ.ਟੀ ਦੀ ਮਦਦ ਨਾਲ ਸਾਰੀ ਦੁਨੀਆਂ ਨੂੰ ਇਕ ਪਿੰਡ ਵਾਂਗ ਬਣਾ ਦਿੱਤਾ ਗਿਆ ਜਿਸ ਵਿੱਚ ਅਸੀਂ ਆਪਣੇ ਵਿਚਾਰ ਸੂਚਨਾ ਬਹੁਤ ਆਸਾਨੀ ਨਾਲ ਇੱਕ ਦੂਜੇ ਨਾਲ ਸਾਂਝੇ ਕਰ ਸਕਦੇ ਹਾਂ

## ਸੰਪਰਕ ਬਣਾਉਣਾ

ਆਈ.ਟੀ ਦੀ ਮਦਦ ਨਾਲ ਸੰਪਰਕ ਬਹੁਤ ਘੱਟ ਕੀਮਤ ਅਤੇ ਘੱਟ ਸਮੇਂ ਵਿੱਚ ਸਹੀ ਯੋਜਨਾਬੱਧ ਤਰੀਕੇ ਨਾਲ ਕੀਤਾ ਜਾ ਸਕਦਾ ਹੈ ਅਸੀਂ ਸੰਸਾਰ ਵਿੱਚ ਕਿਤੇ ਵੀ ਬੈਠ ਕੇ ਕਿਸੇ ਦੁਰਾਡੇ ਬੈਠੇ ਵਿਅਕਤੀ ਨਾਲ ਮੈਸੇਜ ਭੇਜ ਕੇ ਜਾਂ ਈਮੇਲ ਰਾਹੀਂ ਸਿੱਧਾ ਸੰਪਰਕ ਕਰ ਸਕਦੇ ਹਾਂ ਅਤੇ ਉਸੇ ਸਮੇਂ ਹੀ ਜੁਆਬ ਪ੍ਰਾਪਤ ਕਰ ਸਕਦੇ ਹਾਂ ਭਾਵ ਇੰਟਰਨੈੱਟ ਦੀ ਸਹਾਇਤਾ ਅਸੀਂ ਸੰਸਾਰ ਦੇ ਕਿਸੇ ਵੀ ਕੋਨੇ ਵਿਚ ਬੈਠੇ ਵਿਅਕਤੀ ਨਾਲ ਸਿੱਧਾ ਰਾਬਤਾ ਕਾਇਮ ਕਰ ਸਕਦੇ ਹਾਂ।

## ਲਾਗਤ ਪ੍ਰਭਾਵ:

ਆਈ.ਟੀ ਦੀ ਮਦਦ ਸਦਕਾ ਹੀ ਵਪਾਰਕ ਖੇਤਰ ਵਿੱਚ ਘੱਟ ਕੀਮਤ ਵਾਲੀਆਂ ਵਧੀਆ ਮਸ਼ੀਨਾਂ ਤਿਆਰ ਕੀਤੀਆਂ ਜਾਂਦੀਆਂ ਅਤੇ ਜੋ ਵਧੇਰੇ ਉਤਪਾਦਨ ਵਿਚ ਸਹਾਇਕ ਹੋਣ ਇਨ੍ਹਾਂ ਮਸ਼ੀਨਾਂ ਸਦਕਾ ਹੀ ਕੋਈ ਵੀ ਕੰਮ ਸਮੇਂ ਵਿਚ, ਘੱਟ ਲਾਗਤ ਨਾਲ ਸਹੀ ਰੂਪ ਵਿੱਚ ਸੰਪੂਰਨ ਕੀਤਾ ਜਾ ਸਕਦਾ ਹੈ।

## ਸੰਸਾਰਕ ਪੱਧਰ ਉੱਤੇ ਆਪੋ ਵਿੱਚ ਪੁਲ ਬਣਾਉਣਾ:

ਆਈ.ਟੀ ਦੀਆਂ ਵਿਸ਼ੇਸ਼ਤਾਵਾਂ ਕਾਰਨ ਹੀ ਸੰਸਾਰ ਦੇ ਵੱਖ ਵੱਖ ਦੇਸ਼ਾਂ ਦੇ ਸੱਭਿਆਚਾਰ, ਆਰਥਿਕ, ਭੂਗੋਲਿਕ, ਰਾਜਨੀਤਕ, ਸਥਿਤੀਆਂ ਬਾਰੇ ਜਾਣਕਾਰੀ ਕਰਵਾਉਂਦਿਆਂ ਹੋਇਆਂ ਆਪਸ ਵਿੱਚ ਇੱਕ ਪੁਲ ਬਣਨਾ ਸੰਭਵ ਹੋ ਸਕਿਆ ਹੈ।

## ਸੂਚਨਾ ਦੀ ਪ੍ਰਾਪਤੀ:

ਆਈ.ਟੀ ਦੀ ਮਦਦ ਸਦਕਾ ਹੀ ਕੋਈ ਵੀ ਸੂਚਨਾ ਕਿਸੇ ਵੀ ਸਮੇਂ ਪ੍ਰਾਪਤ ਕੀਤੀ ਜਾ ਸਕਦੀ ਹੈ ਭਾਵ ਕਿ ਆਈ.ਟੀ ਦੀ ਮਦਦ ਨਾਲ ਸੂਚਨਾ ਨੂੰ ਪ੍ਰਾਪਤ ਕੀਤਾ ਜਾ ਸਕਦਾ।

## ਆਨਲਾਈਨ ਸ਼ਾਪਿੰਗ:

ਸਾਈਟ ਦੀ ਸਹਾਇਤਾ ਨਾਲ ਇੰਟਰਨੈੱਟ ਉਤੇ ਵਸਤੂਆਂ ਦੀ ਖ਼ਰੀਦੋ ਫ਼ਰੋਖ਼ਤ ਅਸਾਨੀ ਨਾਲ ਕੀਤੀ ਜਾ ਸਕਦੀ ਹੈ ਅਤੇ ਵਸਤਾਂ ਸਿੱਧੀਆਂ ਥੋਕ ਦੀਆਂ ਦੁਕਾਨਾਂ ਤੋਂ ਕਰਦੀ ਹੋਈ ਜਾ ਸਕਦੀਆਂ ਹਨ ਇੰਟਰਨੈੱਟ ਦੀ ਸਤ੍ਹਾ ਹਰ ਤਰ੍ਹਾਂ ਦੀਆਂ ਵਸਤੂਆਂ ਘਰੇਲੂ ਵਪਾਰਕ ਇਲੈਕਟ੍ਰੋਨਿਕਲ ਮਸ਼ੀਨਾਂ ਦੀ ਕੀਮਤ ਵੀ ਪਤਾ ਕੀਤੀ ਜਾ ਸਕਦੀ ਹੈ

## ਨੌਕਰੀਆਂ:

ਆਈਟੀ ਦੀ ਯੋਜਨਾ ਨਵੀਂ ਅਤੇ ਦਿਲਚਸਪ ਜਾਣਕਾਰੀ ਮਿਲੀ ਹੈ ਜਿਵੇਂ ਕਿ ਕੰਪਿਊਟਰ ਪ੍ਰੋਗਰਾਮਰ Systems analyser hardware and software developer and web designer ਆਦਿ

## ਸੂਚਨਾ ਤਕਨਾਲੋਜੀ ਨਾਲ ਕੁਝ ਨੁਕਸਾਨ ਵੀ ਹੋਏ ਹਨ ਜਿਵੇਂ

### ਬੇਰੁਜ਼ਗਾਰੀ

ਜਿਵੇਂ ਜਿਵੇਂ ਕੰਮ ਕਰਨ ਵਾਲੇ ਕਾਮਿਆਂ ਦੀ ਥਾਂ ਮਸ਼ੀਨਾਂ ਨੇ ਲੜੀ ਸ਼ੁਰੂ ਕਰ ਦਿੱਤੀ ਉਦੋਂ ਤੋਂ ਹੀ ਬੇਰੁਜ਼ਗਾਰੀ ਦੀ ਦਰ ਵਿੱਚ ਵਾਧਾ ਹੋਇਆ ਹੈ ਸੂਚਨਾ ਤਕਨਾਲੋਜੀ ਦੀ ਖੋਜ ਸਦਕਾ ਬਹੁਤ ਸਾਰੇ ਕੰਮ ਬਹੁਤ ਘੱਟ ਸਮੇਂ ਵਿੱਚ ਵਿਉਂਤਬੰਦੀ ਨਾਲ ਕੀਤੇ ਜਾ ਸਕਦੇ ਹਨ

### ਪ੍ਰਾਈਵੇਸੀ ਖ਼ਤਮ ਹੋਣਾ

ਆਈਟੀ ਦੀ ਸਹਾਇਤਾ ਨਾਲ ਸੰਪਰਕ ਨਗਦ ਆਸਾਨੀ ਨਾਲ ਘੱਟ ਸਮੇਂ ਵਿੱਚ ਸਹੀ ਤਰੀਕੇ ਨਾਲ ਕੀਤਾ ਜਾ ਸਕਦਾ ਹੈ ਪਰ ਇਸ ਨਾਲ ਕੰਮ ਕਰਨ ਦੀ ਪ੍ਰਾਈਵੇਸੀ ਖ਼ਤਮ ਹੋ ਗਈ ਹੈ ਮੋਬਾਈਲ ਫੋਨ ਤੋਂ ਲੈ ਕੇ ਈਮੇਲ ਹੈਕ ਕਰਨ ਤਕ ਸਭ ਕੁਝ ਹੀ ਆਈਟੀ ਦੀ ਸਿਹਤ ਨਾਲ ਹੁੰਦਾ ਅਤੇ ਕੰਮ ਕਰਨ ਵਾਲੇ ਕਾਮਿਆਂ ਨੂੰ ਆਪਣੀ ਸੂਚਨਾ ਦੇ ਪਬਲਿਸ਼ ਦਾ ਡਰ ਵੀ ਬਹੁਤ ਵਧ ਗਿਆ ਹੈ

### ਨੌਕਰੀਆਂ ਦੀ ਪ੍ਰਾਈਵੇਸੀ ਦੀ ਘਾਟ

ਤਕਨਾਲੋਜੀ ਦੇ ਖੋਜਕਾਰਾਂ ਦਾ ਵਿਸ਼ਵਾਸ ਹੈ ਕਿ ਇੰਟਰਨੈੱਟ ਦੇ ਆਉਣ ਨਾਲ ਨੌਕਰੀਆਂ ਦੀ ਪ੍ਰਾਇਵੇਸੀ ਦੀ ਸਮੱਸਿਆ ਦਾ ਵਿਸ਼ਾ ਹੈ ਕਿਉਂਕਿ ਤਕਨਾਲੋਜੀ ਦਿਨ ਬਦਿਨ ਬਦਲਦੀ ਰਹਿੰਦੀ ਹੈ ਇਸ ਤੋਂ ਭਾਵ ਹੈ ਕਿ ਇਹ ਹਰ ਇਕ ਵਿਅਕਤੀ ਆਪਣੀ ਨੌਕਰੀ ਨੂੰ ਵਧੀਆ ਤਰੀਕੇ ਨਾਲ ਚੱਲਦਾ ਰੱਖਣ ਲਈ ਲੈਅਬੱਧ ਢੰਗ ਦੀ ਵਰਤੋਂ ਕਰਦੇ ਹਨ ਜਦਕਿ ਤਕਨੋਲੋਜੀ ਹਰ ਦਿਨ ਬਦਲ ਜਾਂਦੀ ਹੈ ਜਿਸ ਨਾਲ ਨੌਕਰੀ ਉੱਤੇ ਨਿਯਮਬੱਧ ਚਲਾਉਣ ਚ ਮੁਸ਼ਕਲ ਆਉਂਦੀ ਹੈ

## ਸੱਭਿਆਚਾਰਕ ਬਦਲਾ

ਜਿਉਂ ਜਿਉਂ ਤਕਨਾਲੋਜੀ ਦੇ ਬਦਲ ਨਾਲ ਸੰਸਾਰ ਵਿੱਚ ਛੋਟੇ ਪਿੰਡ ਬਦਲ ਲਿਆ ਤੇ ਉਥੇ ਸੱਭਿਆਚਾਰ ਵਿੱਚ ਬਦਲਾ ਰਹੇ ਨੇ ਸੱਭਿਅਤਾ ਵਿੱਚ ਨਿਘਾਰ ਦਾ ਕਾਰਨ ਵੀ ਕਿਤੇ ਨਾ ਕਿਤੇ ਤਕਨਾਲੋਜੀ ਨੂੰ ਸਮਝਿਆ ਜਾਂਦਾ ਹੈ ਸਿੱਖਿਆ ਇੱਕ ਦੀ ਖਿੜਕੀ ਅਜੇ ਸਹੀ ਸਾਡੀਆਂ ਭਾਵਨਾਵਾਂ ਸਾਡੀ ਸੂਝ ਸਮਝ ਸਾਡੀ ਕ੍ਰਿਏਟੀਵਿਟੀ ਨੂੰ ਕਿਸੇ ਖ਼ਾਸ ਤਰੀਕੇ ਨਾਲ ਪੇਸ਼ ਕਰਨ ਵਿੱਚ ਸਹਾਈ ਹੁੰਦੀ ਹੈ ਸਿੱਖਿਆ ਵਿੱਚ ਕੰਪਿਊਟਰ ਤਕਨਾਲੋਜੀ ਦੀ ਵਰਤੋਂ ਨਾਲ ਸਿਖਿਆਰਥੀਆਂ ਦੀ ਸ਼ਕਤੀ ਹੀ ਊਰਜਾ ਨੂੰ ਸਹੀ ਸੇਧ ਮਿਲ ਜਾਂਦੀ ਹੈ ਕੰਪਿਊਟਰ ਤਕਨਾਲੋਜੀ ਇਕ ਪੌਸ਼ਟਿਕ ਪਹਿਲੂ ਹੈ ਜੋ ਸਿੱਖਿਆ ਤੇ ਤਕਨੀਕੀ ਸੰਸਾਰ ਵਿੱਚ ਪੁਲ ਬਣਾਉਣ ਵਿੱਚ ਮਦਦਗਾਰ ਸਾਬਿਤ ਹੁੰਦੀ ਹੈ ਭਾਵੇਂ ਕਿ ਤਕਨਾਲੋਜੀ ਤੇ ਆਧੁਨਿਕ ਸ਼ਿਸ਼ ਤੋਂ ਮੁਕਤੀ ਨੁਕਸਾਨ ਹੁੰਦੇ ਹਨ ਪ੍ਰੰਤੂ ਇਹ ਵੀ ਤੱਥ ਹੈ ਕਿ ਨਵੀਂ ਤਕਨਾਲੋਜੀ ਦੇ ਆਉਣ ਨਾਲ ਰੋਜ਼ਮਰ੍ਹਾ ਦੇ ਕਾਰਜ ਬਹੁਤ ਸੁਖਾਵੇਂ ਢੰਗ ਨਾਲ ਕੀਤੇ ਜਾ ਸਕਦੇ ਹਨ ਤਕਨਾਲੋਜੀ ਦੀ ਮਦਦ ਨਾਲ ਕਾਰਜ ਬਹੁਤ ਘੱਟ ਸਮੇਂ ਵਿੱਚ ਨਿਯਮਬੱਧ ਤਰੀਕੇ ਨਾਲ ਜ਼ਿਆਦਾ ਕੀਤੇ ਜਾਂਦੇ ਹਨ

## ਭਾਸ਼ਾ ਤੇ ਆਈ.ਟੀ

ਭਾਸ਼ਾ ਤੇ ਸੂਚਨਾ ਤਕਨਾਲੋਜੀ ਦਾ ਆਪਸ ਵਿੱਚ ਬਹੁਤ ਗੂੜ੍ਹਾ ਸਬੰਧ ਹੈ ਭਾਸ਼ਾ ਦੀ ਸਹਾਇਤਾ ਨਾਲ ਸੂਚਨਾ ਸਹੀ ਢੰਗ ਨਾਲ ਪੇਸ਼ ਕੀਤਾ ਜਾ ਸਕਦਾ ਹੈ ਆਈਟੀ ਦੇ ਖੇਤਰ ਵਿੱਚ ਅੰਗਰੇਜ਼ੀ ਭਾਸ਼ਾ ਦੀ ਵਰਤੋਂ ਬਹੁਤਾਤ ਕੀਤੀ ਜਾਂਦੀ ਹੈ ਕਿਉਂਕਿ ਬਹੁਤ ਸਾਰੀਆਂ ਮਸ਼ੀਨਾਂ ਟਾਈਪ ਰਾਈਟਰ ਕੰਪਿਊਟਰ ਪ੍ਰੋਗਰਾਮ ਦੇਸ਼ ਵਿਦੇਸ਼ ਵਿਚ ਸੰਪਰਕ ਲਈ ਅੰਗਰੇਜ਼ੀ ਭਾਸ਼ਾ ਦੀ ਵਰਤੋਂ ਹੀ ਹੁੰਦੀ ਹੈ ਪ੍ਰੰਤੂ ਤਕਨਾਲੋਜੀ ਦੀ ਖੋਜ ਸਦਕਾ ਕੰਪਿਊਟਰ ਤੇ ਕੰਮ ਕਰਨ ਲਈ ਵੱਖ ਵੱਖ ਭਾਸ਼ਾਵਾਂ ਦੀ ਵਰਤੋਂ ਵੀ ਹੋਣ ਲੱਗ ਪਈ ਹੈ ਵਪਾਰ ਖੇਤਰ ਵਿਚ ਆਈ ਟੀ ਨੂੰ ਰੀੜ੍ਹ ਦੀ ਹੱਡੀ ਮੰਨਿਆ ਜਾਂਦਾ ਹੈ ਆਈਟੀ ਦੇ ਖੇਤਰ ਵਿੱਚ ਸੂਚਨਾ ਨੂੰ ਕਿਸੇ ਵੀ ਭਾਸ਼ਾ ਵਿੱਚ ਆਦਾਨ ਪ੍ਰਦਾਨ ਕੀਤਾ ਜਾ ਸਕਦਾ ਹੈ ਕੰਪਿਊਟਰ ਤੇ ਕਿਸੇ ਵੀ ਭਾਸ਼ਾ ਵਿੱਚ ਕੰਮ ਕੀਤਾ ਜਾ ਸਕਦਾ ਹੈ ਤੇ ਹਰ ਭਾਸ਼ਾ ਵਿੱਚ ਕਈ ਤਰ੍ਹਾਂ ਦੇ ਫੌਂਟ ਵਰਤੇ ਜਾਂਦੇ ਹਨ ਜਿਵੇਂ ਕਿ ਪੰਜਾਬੀ ਭਾਸ਼ਾ ਵਿੱਚ ਕੰਮ ਕਰਨ ਲਈ ਅਸੀਸ ਗੁਰਮੁਖੀ ਅਨਮੋਲ ਲਿਪੀ ਗੁਰਬਾਣੀ ਲਿਪੀ ਸਤਲੁਜ ਰਾਵੀ ਆਦਿ ਹਿੰਦੀ ਵਿਚ ਕੰਮ ਕਰਨ ਲਈ ਦੇਵਨਾਗਰੀ ਅਮਰ ਉਜਾਲਾ ਅਕਬਰ ਆਦਿ ਅੰਗਰੇਜ਼ੀ ਵਿੱਚ ਕੰਮ ਕਰਨ ਲਈ Times new roman career aerial ਆਦਿ ਅਤੇ ਫਾਰਸੀ ਉਰਦੂ ਆਦਿ ਸਾਰੀਆਂ ਭਾਸ਼ਾਵਾਂ ਲਈ ਵੀ ਅਲੱਗ ਅਲੱਗ ਫੌਂਟ ਵਰਤੇ ਜਾਂਦੇ ਹਨ ਇਸ ਖੇਤਰ ਵਿੱਚ ਇੱਕ ਸੂਚਨਾ ਆਦਿ ਕਈ ਭਾਸ਼ਾਵਾਂ ਵਿੱਚ ਉਪਲੱਬਧ ਹੁੰਦੀ ਹੈ ਆਈਟੀ ਦੇ ਖੇਤਰ ਵਿੱਚ ਅੰਗਰੇਜ਼ ਰੋਸ ਕਾਰਨ ਕਰ ਮਹੱਤਵ ਦਿੱਤਾ ਜਾਂਦਾ ਹੈ ਤੇ ਸੰਸਾਰਕ ਪੱਧਰ ਉੱਥੇ ਇਸੇ ਭਾਸ਼ਾ ਵਿੱਚ ਕੰਮ ਕੀਤਾ ਜਾਂਦਾ ਹੈ ਆਈਟੀ ਵਪਾਰਕ ਖੇਤਰ ਵਿੱਚ ਵੱਡੇ ਪੱਧਰ ਉੱਤੇ ਵਰਤੋਂ ਵਿੱਚ ਆਉਣ ਵਾਲੀ ਤਕਨਾਲੋਜੀ ਹੈ ਤੇ ਹਰ ਖੇਤਰ ਵਿਚ ਆਈ ਟੀ ਨੂੰ ਰੀੜ੍ਹ ਦੀ ਹੱਡੀ ਸਮਝਿਆ ਜਾਣ ਲੱਗ ਪਿਆ ਹੈ ਅੰਗਰੇਜ਼ੀ ਅੰਤਰਰਾਸ਼ਟਰੀ ਭਾਸ਼ਾ ਹੈ ਤੇ ਇਸੇ ਲਈ ਦੇਸ਼ ਵਿਦੇਸ਼ ਵਿੱਚ ਸੰਪਰਕ ਕਰਨ ਲਈ ਅੰਗਰੇਜ਼ੀ ਦਾ ਸਹਾਰਾ ਹੀ ਲਿਆ ਜਾਂਦਾ ਹੈ ਇੰਟਰਨੈੱਟ ਤੇ ਉਪਲੱਬਧ ਵਧੇਰੇ ਸੂਚਨਾ ਅੰਗਰੇਜ਼ੀ ਵਿੱਚ ਹੀ ਪ੍ਰਾਪਤ ਹੁੰਦੀ ਹੈ

ਸੂਚਨਾ ਤਕਨਾਲੋਜੀ ਦੇ ਜ਼ਰੀਏ ਕਾਫੀ ਫੇਕ ਨਿਊਜ਼ ਵੀ ਮਿਲਦੀਆ ਹਨ ਜਿਸ ਦਾ ਨੁਕਸਾਨ ਸਭ ਤੋਂ ਵੱਡਾ ਮਨੁੱਖ ਨੂੰ ਜਦ ਸਦਮਾ ਬੱਝਦਾ ਹੈ

## ਸਾਰੰਸ਼ :

ਸੂਚਨਾ ਤਕਨਾਲੋਜੀ ਦੇ ਸਭ ਤੋ ਜਿਆਦਾ ਫਾਇਦੇ ਹਨ ਜਿਸ ਨਾਲ ਕਾਫੀ ਸਮਾਂ ਵੀ ਬਚ ਜਾਂਦਾ ਹੈ। ਤਕਨਾਲੋਜੀ ਦੀ ਖੋਜ ਸਦਕਾ ਕੰਪਿਊਟਰ ਤੇ ਕੰਮ ਕਰਨ ਲਈ ਵੱਖ ਵੱਖ ਭਾਸ਼ਾਵਾਂ ਦੀ ਵਰਤੋਂ ਵੀ ਹੋਣ ਲੱਗ ਪਈ ਹੈ ਵਪਾਰ ਖੇਤਰ ਵਿਚ ਆਈ ਟੀ ਨੂੰ ਰੀੜ੍ਹ ਦੀ ਹੱਡੀ ਵੀ ਮੰਨਿਆ ਜਾਂਦਾ ਹੈ ਆਈ.ਟੀ ਦੇ ਖੇਤਰ ਵਿੱਚ ਸੂਚਨਾ ਨੂੰ ਕਿਸੇ ਵੀ ਭਾਸ਼ਾ ਵਿੱਚ ਆਦਾਨ ਪ੍ਰਦਾਨ ਕੀਤਾ ਜਾ ਸਕਦਾ ਹੈ ਕੰਪਿਊਟਰ ਤੇ ਕਿਸੇ ਵੀ ਭਾਸ਼ਾ ਵਿੱਚ ਕੰਮ ਕੀਤਾ ਜਾ ਸਕਦਾ ਹੈ ਤੇ ਹਰ ਭਾਸ਼ਾ ਵਿੱਚ ਕਈ ਤਰ੍ਹਾਂ ਦੇ ਫੌਂਟ ਵਰਤੇ ਜਾਂਦੇ ਹਨ ਜਿਵੇਂ ਕਿ ਪੰਜਾਬੀ ਭਾਸ਼ਾ ਵਿੱਚ ਕੰਮ ਕਰਨ ਲਈ ਅਸੀਸ ਗੁਰਮੁਖੀ ਅਨਮੋਲ ਲਿਪੀ ਗੁਰਬਾਣੀ ਲਿਪੀ ਸਤਲੁਜ ਰਾਵੀ ਆਦਿ ਹਿੰਦੀ ਵਿਚ ਕੰਮ ਕਰਨ ਲਈ ਦੇਵਨਾਗਰੀ

ਅਮਰ ਉਜਾਲਾ ਅਕਬਰ ਆਦਿ ਅੰਗਰੇਜ਼ੀ ਵਿੱਚ ਕੰਮ ਕਰਨ ਲਈ Times new roman career aerial ਆਦਿ ਅਤੇ ਫਾਰਸੀ ਉਰਦੂ ਆਦਿ ਸਾਰੀਆਂ ਭਾਸ਼ਾਵਾਂ ਲਈ ਵੀ ਅਲੱਗ ਅਲੱਗ ਫੌਂਟ ਵਰਤੇ ਜਾਂਦੇ ਹਨ ਇਸ ਖੇਤਰ ਵਿੱਚ ਇੱਕ ਸੂਚਨਾ ਆਦਿ ਕਈ ਭਾਸ਼ਾਵਾਂ ਵਿੱਚ ਉਪਲੱਬਧ ਹੁੰਦੀ ਹੈ ਸੂਚਨਾ ਤਕਨਾਲੋਜੀ ਰਾਹੀਂ ਅਸੀਂ ਅਨੇਕਾ ਕੰਮਾਂ ਨੂੰ ਘੱਟ ਸਮੇਂ ਵਿਚ ਪ੍ਰਾਪਤ ਕਰ ਸਕਦੇ ਹਾਂ ਉਦਾਹਰਨ ਦੇ ਤੌਰ ਤੇ ਜਿਵੇਂ ਦੁਕਾਨ ਤੋਂ ਕੋਈ ਸਮਾਨ ਲੈਣਾ ਹੈ ਉਸ ਨੂੰ ਫੋਨ ਰਾਹੀਂ ਪਹਿਲਾਂ ਦੱਸਣਾ ਕਿ ਇਸ ਸਮਾਨ ਦੀ ਪੈਕਿੰਗ ਕਰ ਦਿੱਤੀ ਜਾਵੇ। ਜਦ ਦੁਕਾਨ ਤੇ ਗਏ ਪੈਸੇ ਦੇ ਕੇ ਤੁਰ ਪਏ। ਹੋਰ ਜਿਵੇਂ ਪਾਣੀ ਦਾ ਬਿੱਲ ਆਨਲਾਇਨ ਤਾਰਨਾ, ਬਿਜਲੀ ਦਾ ਬਿੱਲ, ਫੋਨ ਦਾ ਬਿੱਲ , ਹੋਮ ਲੋਨ ਕਿਸ਼ਤ, ਗੱਡੀ ਦੀ ਕਿਸ਼ਤ ਆਦਿ।

## ਮੁੱਖ/ਕੇਂਦਰੀ ਸ਼ਬਦ:

MT---ਮੈਡੀਕਲ ਤਕਨਾਲੋਜੀ

IT---ਸੂਚਨਾ ਤਕਨਾਲੋਜੀ

ਗਲੋਬਲਾਈਜੇਸ਼ਨ---ਦੁਨੀਆਂ ਨੂੰ ਛੋਟ ਦੇਖਣਾ

ਆਨ-ਲਾਇਨ ਸ਼ਾਪਿੰਗ---ਆਈ.ਟੀ ਦੀ ਸਹਾਇਤਾ ਰਾਹੀਂ ਖਰੀਦ

ਅਨਮੋਲ ਲਿਪੀ---ਪੰਜਾਬੀ ਲਿਖਤ ਦਾ ਫੌਂਟ

ਫੌਂਟ--- ਲਿਖਤ ਦਾ ਸਾਇਜ਼

## ਸਵੈ-ਮੁਲਾਂਕਣ:

1. ਅੱਜ ਦਾ ਯੁੱਗ........................ ਦਾ ਯੁੱਗ ਹੈ

   ੳ.ਸੂਚਨਾ ਤਕਨਾਲੋਜੀ

   ਅ.ਕਿਰਿਆਤਮਕ

   ੲ.ਵਿਹਲਾ ਸਮਾਂ

   ਸ.ਕੋਈ ਵੀ ਨਹੀਂ

2. ਤਕਨਾਲੋਜੀ ਦੀਆਂ ਵੱਖ ਵੱਖ ਕਿਸਮਾਂ ਹਨ

   ੳ. ਲਿਖਣ ਪ੍ਰਣਾਲੀ

   ਅ.ਬੋਲਣ ਪ੍ਰਣਾਲੀ

   ੲ.ਮੈਡੀਕਲ ਤਕਨਾਲੋਜੀ ਸੂਚਨਾ ਤਕਨਾਲੋਜੀ

   ਸ.ਪੜ੍ਹਨ ਤਕਨਾਲੋਜੀ

3. ਆਈ. ਟੀ ਦੀ ਫੁਲ ਫਾਰਮ ਹੈ

   ੳ. Information technology

   ਅ. .comfortable technology

ੲ. incomplete technology

ਸ.infrastructure technology

4. ਸੂਚਨਾ ਤਕਨਾਲੋਜੀ ਹੁੰਦੀ ਹੈ

ੳ. ਵਿਕਾਸ ਕਾਰਨ
ਅ. ਡਿਜ਼ਾਈਨ ਤਿਆਰ ਕਰਨ
ੲ. ਪੜ੍ਹਨ ਲਈ
ਸ. ਉਪਰੋਕਤ ਸਾਰੇ

5.ਸੂਚਨਾ ਤਕਨਾਲੋਜੀ ਵਿਦਿਆਰਥੀਆਂ ਨੂੰ ਨਵੀਂ ਜਾਣਕਾਰੀ ਦਿੰਦੀ ਹੈ

ੳ. ਗ਼ਲਤ

ਅ. ਸਹੀ

6.ਇੰਟਰਨੈੱਟ ਅਧਿਆਪਕਾਂ ਨੂੰ ਆਪਣੇ ਵਿਸ਼ਿਆਂ ਬਾਰੇ ਹੋਰ ਚੰਗੀ ਤਰ੍ਹਾਂ ਧਿਆਨ ਕਰਨ ਅਤੇ ਵਿਆਖਿਆ ਕਰਨ ਦੇ ਨਾਲ ਨਾਲ ਪੜ੍ਹਾਉਣ ਦੇ ਲਾਹੇਵੰਦ ਤਰੀਕਿਆਂ ਨਾਲ ਜਾਣੂ ਕਰਵਾਉਂਦਾ ਹੈ

ੳ..ਗ਼ਲਤ

ਅ..ਸਹੀ

7.ਸੂਚਨਾ ਤਕਨਾਲੋਜੀ ਸਿੱਖਿਆ ਖੇਤਰ ਵਿੱਚ ਸਹਾਈ ਹੈ

ੳ..ਗ਼ਲਤ

ਅ. ਸਹੀ

8.ਸਿੱਖਿਆ ਖੇਤਰ ਵਿੱਚ ਆਈ.ਟੀ ਦੀ ਮਹੱਤਤਾ ਨਹੀਂ ਮੰਨੀ ਜਾਂਦੀ

ੳ.ਗ਼ਲਤ
ਅ.ਸਹੀ

9.ਸੂਚਨਾ ਤਕਨਾਲੋਜੀ ਦੀਆਂ ਵਿਸ਼ੇਸ਼ਤਾਵਾਂ ਹਨ

ੳ.ਘੱਟ ਸਮੇਂ ਵਿੱਚ ਸੂਚਨਾ ਦੇਣੀ

ਅ.ਸਿੱਖਿਆ ਖੇਤਰ ਵਿੱਚ ਸਹਾਇਕ

ੲ..ਖੇਤੀ ਦੀਆਂ ਨਵੀਂਆ ਤਕਨੀਕਾਂ ਦੇ ਲਈ

ਸ.ਉਪਰੋਕਤ ਸਾਰੇ

10. ਇਨ੍ਹਾਂ ਵਿੱਚ ਸੂਚਨਾ ਤਕਨਾਲੋਜੀ ਦੀਆਂ ਘਾਟਾਂ ਹਨ

ੳ. ਸੁਸਤ ਹੋਣਾ

ਅ.ਜ਼ਿਆਦਾ ਕੰਮ ਕਰਨਾ

ੲ.ਸਿੱਖਿਆ ਦਾ ਵੱਡਾ ਸੋਮਾ

ਸ.ਘੱਟ ਸਮੇਂ ਚ ਜ਼ਿਆਦਾ ਕੰਮ

11. ਆਈ ਟੀ ਦੀ ਵਰਤੋਂ ਕੀਤੀ ਜਾਂਦੀ ਹੈ

ੳ.ਆਨਲਾਈਨ ਸ਼ਾਪਿੰਗ

ਅ.ਸੰਪਰਕ ਬਣਾਉਣ ਲਈ

ੲ..ਨੌਕਰੀਆਂ ਲਈ

ਸ.ਉਪਰੋਕਤ ਸਾਰੇ

12. ਸੂਚਨਾ ਤਕਨਾਲੋਜੀ ਦੇ ਨੁਕਸਾਨ ਹਨ

ੳ.ਬੇਰੁਜ਼ਗਾਰੀ

ਅ. ਪ੍ਰਾਈਵੇਸੀ ਖ਼ਤਮ ਹੋਣਾ

ੲ. ਸੱਭਿਆਚਾਰਕ ਬਦਲਾਓ

ਸ. ਉਪਰੋਕਤ ਸਾਰੇ

13.ਖਾਲੀ ਥਾਂ ਭਰੋ

ਆਈ.ਟੀ ਦੇ ਖੇਤਰ ਵਿਚ ਭਾਸ਼ਾ ਨੂੰ .................. ਮਹੱਤਵ ਦਿੱਤਾ ਜਾਂਦਾ ਹੈ

ੳ.ਅੰਗਰੇਜ਼ੀ

ਅ.ਪੰਜਾਬੀ

14.ਪੰਜਾਬੀ ਭਾਸ਼ਾ ਚ ਕੰਮ ਕਰਨ ਲਈ ਫੌਂਟ ਵਰਤੇ ਜਾਂਦੇ ਹਨ

ੳ. ਗੁਰਮੁਖੀ ਰਾਵੀ

ਅ. ਅਨਮੋਲ ਲਿਪੀ

ੲ.ਸਤਲੁਜ

ਸ. ਉਪਰੋਕਤ ਸਾਰੇ

15. ਸੂਚਨਾ ਨੂੰ ਲੋੜ ਅਨੁਸਾਰ ਕਦੇ ਵੀ ਕਿਤੇ ਵੀ ਘੱਟ ਸਮੇਂ ਵਿਚ ਪ੍ਰਾਪਤ ਕਰ ਸਕਦੇ ਹਾਂ

ੳ. ਗਲਤ

ਅ. ਸਹੀ

## ਅਭਿਆਸ ਪ੍ਰਸ਼ਨ

1. ਸੂਚਨਾ ਤਕਨਾਲੋਜੀ ਤੋਂ ਕੀ ਭਾਵ ਹੈ
2. ਸੂਚਨਾ ਤਕਨਾਲੋਜੀ ਦੀਆਂ ਕਿਹੜੀਆਂ-ਕਿਹੜੀਆਂ ਸ਼ਾਖਾਵਾਂ ਹਨ?
3. ਸੂਚਨਾ ਤਕਨਾਲੋਜੀ ਦੀਆਂ ਵਿਸ਼ੇਸ਼ਤਾਵਾਂ ਤੇ ਨੋਟ ਲਿਖੋ
4. ਸੂਚਨਾ ਤਕਨਾਲੋਜੀ ਦੀਆਂ ਘਾਟਾਂ ਦੀ ਚਰਚਾ ਕਰੋ।
5. ਸੂਚਨਾ ਤਕਨਾਲੋਜੀ ਦਾ ਭਾਸ਼ਾਵਾਂ ਨਾਲ ਕੀ ਸੰਬੰਧ ਹੈ?

## ਸੰਦਰਭ ਪੁਸਤਕਾਂ:


- ਡਾ. ਹਰਬੰਸ ਸਿੰਘ ਧੀਮਾਨ, ਗਗਨਦੀਪ ਕੌਰ, ਕਾਰਜੀ ਪੰਜਾਬੀ ਤੇ ਸੂਚਨਾ ਟੈਕਨਾਲੋਜੀ, ਨਿਊ ਬੁੱਕ ਕੰਪਨੀ, ਜਲੰਧਰ, 2011.
- ਡਾ. ਸੀ.ਪੀ ਕੰਬੋਜ, ਪੰਜਾਬੀ ਭਾਸ਼ਾ ਦਾ ਕੰਪਿਊਟਰੀਕਰਨ, ਗਰੈਸ਼ੀਅਸ ਬੁੱਕ, ਪਟਿਆਲਾ, 2015.
- ਡਾ. ਸੀ.ਪੀ ਕੰਬੋਜ, ਕੰਪਿਊਟਰ ਵਿਗਿਆਨ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 2016.
- ਡਾ. ਸੀ.ਪੀ ਕੰਬੋਜ, ਅਜੋਕਾ ਫੋਨ ਸੰਸਾਰ, ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ, 2016.


## ਮਹੱਤਵਪੂਰਨ ਲਿੰਕ

http://www.diprpunjab.gov.in/?q=node/3985

https://www.dccourts.gov/pa/about/learn-more/information-technology

https://doit.punjab.gov.in/?q=pa

**ਉੱਤਰਮਾਲਾ**

| | | | | |
|---|---|---|---|---|
| 1. ੳ | 2. ੲ | 3. ੳ | 4. ਸ | 5. ਅ |
| 6. ਅ | 7. ਅ | 8. ਅ | 9. ਅ | 10. ਸ |
| 11. ੳ | 12. ਸ | 13. ਸ | 14. ੳ | 15. ਸ |

**DPBI536**

# ਅਧਿਆਇ - 2 : ਕੰਪਿਊਟਰ ਤਕਨਾਲੋਜੀ ਅਤੇ ਮਲਟੀਮੀਡੀਆ

ਵਿਸ਼ਾ ਵਸਤੂ (Content)

1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ
9. ਮੱਹਤਵਪੂਰਨ ਵੈੱਬਸਾਇਟਸ

## ਉਦੇਸ਼:

- ਵਿਦਿਆਰਥੀ ਕੰਪਿਊਟਰ ਨੂੰ ਜਾਣਨ ਦੇ ਕਾਬਿਲ ਹੋਣਗੇ
- ਵਿਦਿਆਰਥੀ ਕੰਪਿਊਟਰ ਦੀਆਂ ਵਿਸ਼ੇਸ਼ਤਾਵਾਂ ਨੂੰ ਸਮਝਣ ਦੇ ਕਾਬਿਲ ਹੋਣਗੇ।
- ਵਿਦਿਆਰਥੀ ਕੰਪਿਊਟਰ ਅਤੇ ਮਲਟੀਮੀਡੀਆ ਬਾਰੇ ਸਮਝਣ ਦੇ ਸਮੱਰਥ ਹੋਣਗੇ
- ਵਿਦਿਆਰਥੀ ਮਲਟੀਮੀਡੀਆ ਦੀ ਵਰਤੋਂ ਦੇ ਯੋਗ ਹੋਣਗੇ।

## ਪ੍ਰਸਤਾਵਨਾ:

ਕੰਪਿਊਟਰ ਇਕ ਬਿਜਲਈ ਮਸ਼ੀਨ ਹੈ ਜਿਸ ਵਿਚ ਵੱਖ ਵੱਖ ਤਰਾਂ ਦੇ ਆਨ ਲਾਇਨ ਕੰਮ ਕੀਤੇ ਜਾ ਸਕਦੇ ਹਨ ਕਿਉਂਕਿ ਅੱਜ ਦੇ ਸਮੇਂ ਵਿਚ ਅਸੀਂ ਕੰਪਿਊਟਰ ਦੇ ਪ੍ਰਭਾਵ ਤੋਂ ਬਿਨ੍ਹਾਂ ਇਕ ਪਲ ਵੀ ਨਹੀਂ ਰਹਿ ਸਕਦੇ ਇਹ ਮਨੁੱਖ ਦੇ ਲਈ ਜਿੱਥੇ ਵਰਦਾਨ ਸਿੱਧ ਹੋਇਆ ਹੈ ਉੱਥੇ ਇਸ ਦੇ ਨੁਕਸਾਨ ਵੀ ਕਾਫੀ ਹਨ। ਪਰ ਮਨੁੱਖ ਲਈ ਇਹ ਹਰ ਖੇਤਰ ਵਿਚ ਸਹਾਈ ਸਿੱਧ ਵੀ ਹੋ ਰਿਹਾ ਹੈ।ਮਨੋਰੰਜਨ, ਸੰਚਾਰ, ਸਿੱਖਿਆ, ਰੁਜ਼ਗਾਰ, ਡਾਕਟਰੀ, ਪ੍ਰਕਾਸ਼ਨ ਦਾ ਖੇਤਰ ਹੋਵੇ ਜਾਂ ਕੋਈ ਹੋਰ ਸਭ ਥਾਈਂ ਕੰਪਿਊਟਰ ਦੀ ਵਰਤੋਂ ਹੀ ਕੀਤੀ ਜਾ ਰਹੀ ਹੈ। ਇੰਟਰਨੈੱਟ ਨਾਲ ਜੁੜ ਕੇ ਅਸੀਂ ਪੂਰੀ ਦੁਨੀਆਂ ਨੂੰ ਇੱਕ ਨਵੀਂ ਨਿੱਕੇ ਪਿੰਡ ਦੇ ਰੂਪ ਵਿੱਚ ਵੇਖ ਸਕਦੇ ਹਾਂ ਹਜ਼ਾਰਾਂ ਮੀਲਾਂ ਤਕ ਪਸਰੀ ਇਸ ਦੁਨੀਆ ਨੂੰ ਇੰਟਰਨੈੱਟ ਦੀਆ ਈ ਮੇਲ ਚੈਟਿੰਗ ਵੈੱਬ ਸਰਫਿੰਗ/ਸਰਚਿੰਗ ਆਦਿ ਸੁਵਿਧਾਵਾਂ ਨੇ ਇਕ ਦੂਜੇ ਦੇ ਨੇੜੇ ਕਰ ਦਿੱਤਾ ਹੈ। ਅੱਜ ਦੁਨੀਆਂ ਵਿੱਚ ਲਗਭਗ ਹਰੇਕ ਪ੍ਰਚੱਲਿਤ ਭਾਸ਼ਾ ਦੇ ਸਾਫ਼ਟਵੇਅਰਾਂ ਦਾ ਵਿਕਾਸ ਹੋ ਚੁੱਕਾ ਹੈ। ਭਾਰਤ ਵਿੱਚ ਵੀ ਪੰਜਾਬੀ ਸਮੇਤ ਹੋਰਨਾਂ ਖੇਤਰੀ ਭਾਸ਼ਾਵਾਂ ਵਿੱਚ ਕੰਮ ਕਰਨ ਵਾਲੇ ਸਾਫ਼ਟਵੇਅਰ ਬਣ ਚੁੱਕੇ ਹਨ ਇਨ੍ਹਾਂ ਸਾਫਟਵੇਅਰਾਂ ਦੀ ਬਦੌਲਤ ਹੁਣ ਅਸੀਂ ਆਪਣੇ ਕੰਪਿਊਟਰ ਨਾਲ ਆਪਣੀ ਮਾਂ ਬੋਲੀ ਰਾਹੀਂ ਜੁੜ ਸਕਦੇ ਹਾਂ ਅੱਜ ਅਸੀਂ ਕੰਪਿਊਟਰੀ ਸ਼ਬਦ ਕੋਸ਼ਾਂ ਅਨੁਵਾਦ ਅਤੇ ਲਿਪੀਅੰਤਰਨ ਪ੍ਰੋਗਰਾਮਾਂ ਭਾਸ਼ਾਈ ਗਿਆਨ ਦੇਣ ਵਾਲੀਆਂ ਵੈੱਬਸਾਈਟਾਂ ਦੇ ਵਚਿੱਤਰ ਸੰਸਾਰ ਦਾ ਲਾਹਾ ਲੈ ਕੇ ਆਪਣੀਆਂ ਵੱਡੀਆਂ ਤੇ ਪੇਚੀਦਾ ਸਮੱਸਿਆਵਾਂ ਨੂੰ ਹੱਲ ਕਰ ਸਕਦੇ ਹਾਂ।

## ਵਿਸ਼ਾ:

ਕੰਪਿਊਟਰ ਇੱਕ ਪ੍ਰੋਗਰਾਮਏਬਲ ਮਸ਼ੀਨ ਹੁੰਦੀ ਹੈ ਜੋ ਕਿ ਦਿੱਤੀ ਸੂਚਨਾ ਨੂੰ ਲੋੜੀਂਦੇ ਫਾਰਮੈਟ ਵਿਚ ਤਬਦੀਲ ਕਰਨ ਵਿੱਚ ਸਹਾਇਕ ਹੁੰਦੀ ਹੈ ਤੇ ਕੰਪਿਊਟਰ ਤਕਨਾਲੋਜੀ ਸਪੈਸ਼ਲ ਤਰ੍ਹਾਂ ਦੇ ਕਾਰਜ ਕਰਨ ਵਾਲੇ ਕੰਪਿਊਟਰਾਂ ਨੂੰ ਤਿਆਰ ਕਰਨ ਵਾਲੀ ਤਕਨਾਲੋਜੀ ਹੈ
ਕੰਪਿਊਟਰ ਤਕਨਾਲੋਜੀ ਦਾ ਅੱਜ ਸੂਚਨਾ ਦੇ ਯੁੱਗ ਚ ਬਹੁਤ ਤੇਜ਼ੀ ਨਾਲ ਵਿਕਾਸ ਹੋ ਰਿਹਾ ਹੈ ਅੱਜ ਦੇ ਸਮੇਂ ਕੰਪਿਊਟਰ ਦੀ ਮਦਦ ਨਾਲ ਕਈ ਤਰ੍ਹਾਂ ਕਾਰਜ ਜਿਨ੍ਹਾਂ ਨੂੰ ਸੰਪੂਰਨ ਕਰਨ ਵਿੱਚ ਪੁਰਾਤਨ ਸਮਿਆਂ ਵਿੱਚ ਮਹੀਨੇ ਲੱਗ ਜਾਂਦੇ ਸਨ ਕੰਪਿਊਟਰ ਤਕਨਾਲੋਜੀ ਦੀ ਮਦਦ ਨਾਲ ਬਹੁਤ ਘੱਟ ਸਮੇਂ ਵਿਚ ਪੂਰੇ ਕੀਤੇ ਜਾ ਸਕਦੇ ਹਨ ਸੂਚਨਾ ਦੇ ਖੇਤਰ ਚ ਕੰਪਿਊਟਰ ਤਕਨਾਲੋਜੀ ਨੂੰ ਦੋ ਵਰਗਾਂ ਵਿੱਚ ਰੱਖਿਆ ਗਿਆ ਹੈ ਤਕਨਾਲੋਜੀ ਦੀਆਂ ਨਵੀਆਂ ਖੋਜਾਂ ਅਤੇ ਦੂਜਾ ਤਕਨਾਲੋਜੀ ਦੀਆਂ ਨਵੀਆਂ ਵੱਡੀਆਂ ਖੋਜਾਂ

## ਨਵੀਂਆਂ ਖੋਜਾਂ

ਕੰਪਿਊਟਰ ਤਕਨਾਲੋਜੀ ਦੇ ਖੇਤਰ ਚ ਬਿਲ ਗੇਟਸ ਦੁਆਰਾ ਕੀਤੀ ਗਈ ਖੋਜ ਜਿਸ ਨੂੰ ਸਰਫ਼ੇਸ ਦਾ ਨਾਂ ਦਿੱਤਾ ਗਿਆ ਬਹੁਤ ਸ਼ਲਾਘਾਯੋਗ ਹੈ ਪੰਜ ਸਾਲਾਂ ਵਿਚ ਪੂਰੀ ਕੀਤੀ ਗਈ ਇਸ ਖੋਜ ਸਦਕਾ ਕੰਪਿਊਟਰ ਦੇ ਖੇਤਰ ਵਿੱਚ ਮਾਊਸ ਦੀ ਥਾਂ ਸਰਫੇਸ ਦੀ ਵਰਤੋਂ ਕੀਤੀ ਗਈ ਜਿਸ ਵਿਚ ਮਨੁੱਖੀ ਸਰੀਰ ਦੀਆਂ ਤਰੰਗਾਂ ਅਤੇ ਛੋਹਾਂ ਸਦਕਾ ਕਾਰਜ ਕੀਤੇ ਜਾਂਦੇ ਹਨ ਨਵੰਬਰ ਦੋ ਹਜਾਰ ਸੱਤ ਨੂੰ ਸਰਫੇਸ ਤਕਨੀਕ ਹੱਥਾਂ ਅਤੇ ਉਂਗਲੀਆਂ ਦੀਆਂ ਛੋਹਾਂ ਉੱਤੇ ਕੰਮ ਕਰਦੀ ਹੈ ਇਸ ਤਰ੍ਹਾਂ ਸਰਫੇਸ ਵਿੱਚ ਵਰਤੇ ਜਾਣ ਵਾਲੇ ਹਾਰਡਵੇਅਰ ਮਾਈਕ੍ਰੋਸਾਫਟ ਵਿੰਡੋਜ਼ ਵਿਸਟਾ ਦੇਸ਼ ਸਪੈਸ਼ਲ ਵਰਜਨ ਲਈ ਹੀ ਕੰਮ ਕਰਦਾ ਹੈ ਸਰਫੇਸ ਤੋਂ ਬਿਨਾਂ ਕੰਪਿਊਟਰ ਤਕਨਾਲੋਜੀ ਦੇ ਖੇਤਰ ਵਿੱਚ ਐਪਲ ਟੀਵੀ ਦੀ ਖੋਜ ਵੀ ਨਵੀਂ ਮੰਨੀ ਜਾਂਦੀ ਹੈ ਜਿਸ ਵਿੱਚ ਕੰਪਿਊਟਰ ਅਤੇ ਟੈਲੀਵਿਜ਼ਨ ਨੂੰ ਆਪਸ ਵਿੱਚ ਜੋੜ ਦਿੱਤਾ ਜਾਂਦਾ ਹੈ ਇਸ ਤਕਨੀਕ ਨੂੰ ਐਪਲ ਟੀਵੀ ਜਾਂ ਆਈ ਟੀ ਵੀ ਕਿਹਾ ਜਾਂਦਾ ਹੈ ਇਸ ਤਕਨੀਕ ਵਿੱਚ ਕੰਪਿਊਟਰ ਜਾਂ ਇੰਟਰਨੈੱਟ ਤੋਂ ਚੱਲ ਰਹੇ ਪ੍ਰੋਗਰਾਮ ਟੀਵੀ ਉਤੇ ਦੇਖੇ ਜਾਂਦੇ ਹਨ

## ਵੱਡੀਆਂ ਖੋਜਾਂ

ਕੰਪਿਊਟਰ ਖੇਤਰ ਵਿੱਚ ਡਿਜੀਟਲ ਹਾਰਡਵੇਅਰ ਦੀ ਖੋਜ ਬਹੁਤ ਵੱਡੀ ਅਤੇ ਸ਼ਲਾਘਾਯੋਗ ਖੋਜ ਮੰਨੀ ਜਾਂਦੀ ਹੈ ਜਿਵੇਂ ਕਿ ਡਿਜੀਟਲ ਸਕੈਨਰ ਆਦਿ ਇਨ੍ਹਾਂ ਡਿਜੀਟਲ ਸਕੈਨਰਾਂ ਦੀ ਮਦਦ ਨਾਲ ਮਹੱਤਵਪੂਰਨ ਸੂਚਨਾ ਆਮ ਜਨਤਾ ਵਿੱਚ ਬਹੁਤ ਆਸਾਨੀ ਨਾਲ ਪਹੁੰਚਾਈ ਜਾ ਸਕਦੀ ਹੈ
ਇਨ੍ਹਾਂ ਵੱਡੀਆਂ ਖੋਜਾਂ ਵਿੱਚ ਵੈੱਬ ਕੈਮਰਾ ਜਾਂ ਵੈੱਬ ਕਾਮ ਦੀ ਖੋਜ ਸਦਕਾ ਕੰਪਿਊਟਰ ਤਕਨਾਲੋਜੀ ਦਾ ਹੋਰ ਵੀ ਜ਼ਿਆਦਾ ਵਿਕਾਸ ਹੋਇਆ ਇਸ ਖੋਜ ਸਦਕਾ ਕੋਈ ਵੀ ਵਿਅਕਤੀ ਸੰਸਾਰ ਪੱਧਰ ਤੇ ਕਿਸੇ ਦੂਜੀ ਥਾਂ ਉੱਤੇ ਬੈਠੇ ਵਿਅਕਤੀ ਨਾਲ ਬਹੁਤ ਆਸਾਨੀ ਨਾਲ ਗੱਲਬਾਤ ਕਰ ਸਕਦਾ

ਹੈ ਇਸ ਖੋਜ ਦਾ ਸਭ ਤੋਂ ਜ਼ਿਆਦਾ ਫ਼ਾਇਦਾ ਵਪਾਰਕ ਪੱਧਰ ਉੱਤੇ ਸਿੱਖਿਆ ਖੇਤਰ ਵਿੱਚ ਹੋਇਆ ਮੰਨਿਆ ਜਾਂਦਾ ਹੈ ਅਤੇ ਇਸ ਵਿੱਚ ਹਰ ਕਿਸਮ ਦੀਆਂ ਤਸਵੀਰਾਂ ਚਾਰਟ ਗਰਾਫ ਅਤੇ ਸਬੰਧਤ ਖੇਤਰ ਵਿੱਚ ਨਵੇਂ ਨਵੇਂ ਵਿਚਾਰਾਂ ਦਾ ਆਪਸ ਵਿੱਚ ਆਦਾਨ ਪ੍ਰਦਾਨ ਕੀਤਾ ਜਾਂਦਾ ਹੈ ਇਸ ਤਕਨੀਕ ਵਿੱਚ ਕੀਤੀ ਜਾਣ ਵਾਲੀ ਗੱਲਬਾਤ ਅਤੇ ਤਸਵੀਰਾਂ ਰਿਕਾਰਡ ਕਰਕੇ ਸੰਭਾਲੀ ਵੀ ਜਾ ਸਕਦੀ ਹੈ
ਜ਼ਿਆਦਾਤਰ ਡਿਜੀਟਲ ਯੰਤਰਾਂ ਵਿਚ ਬਾਇਨਰੀ ਕੋਡ ਦਾ ਇਸਤੇਮਾਲ ਕੀਤਾ ਜਾਂਦਾ ਹੈ ਜਿਸ ਵਿਚ ਸਿਫਰ ਅਤੇ ਇਕ ਦੀ ਵਰਤੋਂ ਹੁੰਦੀ ਹੈ ਇਸ ਦੋ ਨੰਬਰੀ ਕੋਡ ਤੋਂ ਭਾਵ ਹੈ ਸੂਚਨਾ ਲਈ ਸਭ ਤੋਂ ਵੱਡਾ ਅੰਕ ਜ਼ੀਰੋ ਹੁੰਦਾ ਹੈ ਅਤੇ ਸਭ ਤੋਂ ਵੱਡਾ ਅੰਕ ਇੱਕ ਹੁੰਦਾ ਹੈ ਇਸ ਤੋਂ ਬਿਨਾਂ ਹੋਰ ਕੋਈ ਵੀ ਅੰਕ ਵਰਤੋਂ ਵਿੱਚ ਨਹੀਂ ਲਿਆਂਦਾ ਜਾਂਦਾ ਕੰਪਿਊਟਰ ਇੱਕ ਮਸ਼ੀਨ ਹੈ ਜੋ ਮਨੁੱਖੀ ਬੋਲਚਾਲ ਵਾਲੀ ਭਾਸ਼ਾ ਨੂੰ ਨਹੀਂ ਸਮਝ ਸਕਦੀ ਇਸ ਲਈ ਕੰਪਿਊਟਰ ਕਮਪਾਈਲਰ ਵੱਲੋਂ ਮਨੁੱਖੀ ਭਾਸ਼ਾ ਨੂੰ ਕੰਪਿਊਟਰ ਵੱਲੋਂ ਸਮਝੀ ਜਾਣ ਵਾਲੀ ਅੰਕੀ ਭਾਸ਼ਾ ਵਿੱਚ ਤਬਦੀਲ ਕੀਤਾ ਜਾਂਦਾ ਹੈ ਅਤੇ ਫੇਰ ਉਸ ਅੰਕੀ ਭਾਸ਼ਾ ਉੱਤੇ ਵੱਖ ਵੱਖ ਤਰ੍ਹਾਂ ਦੇ ਅਪਰੇਸ਼ਨ ਕੀਤੇ ਜਾਂਦੇ ਹਨ ਆਪਰੇਸ਼ਨ ਪੂਰਾ ਹੋਣ ਪਿੱਛੋਂ ਦੁਬਾਰਾ ਅੰਕੀ ਭਾਸ਼ਾ ਨੂੰ ਮਨੁੱਖ ਦੇ ਸਮਝਣਯੋਗ ਭਾਸ਼ਾ ਵਿਚ ਤਬਦੀਲ ਕੀਤਾ ਜਾਂਦਾ ਹੈ ਇਹ ਤਬਦੀਲ ਕਰਨ ਦਾ ਕਾਰਜ ਬਹੁਤ ਤੇਜ਼ੀ ਨਾਲ ਹੁੰਦਾ ਹੈ

## ਕੰਪਿਊਟਰ ਤਕਨਾਲੋਜੀ ਦੀਆਂ ਵਿਸ਼ੇਸ਼ਤਾਵਾਂ

ਅੱਜ ਸੂਚਨਾ ਦੇ ਯੁੱਗ ਵਿੱਚ ਤਕਨਾਲੋਜੀ ਤੋਂ ਬਿਨਾਂ ਮਨੁੱਖ ਦਾ ਕਿਆਸਿਆ ਜਾਣਾ ਵੀ ਮੁਸ਼ਕਲ ਜਾਪਦਾ ਹੈ ਜੇਕਰ ਮਨੁੱਖ ਤੋਂ ਤਕਨਾਲੋਜੀ ਦੇ ਸਾਧਨ ਜਿਵੇਂ ਕਿ ਕਾਰ, ਮਾਈਕਰੋਵੇਵ, ਮੋਬਾਇਲ ਫੋਨ, ਕੰਪਿਊਟਰ, ਟੈਲੀਵਿਜ਼ਨ ਆਦਿ ਖੋਹ ਲਏ ਜਾਣ ਤਾਂ ਮਨੁੱਖੀ ਜੀਵਨ ਬਹੁਤ ਮੁਸ਼ਕਿਲ ਲਗਦਾ ਹੈ ਕੁਝ ਲੋਕ ਸਮਝਦੇ ਹਨ ਕਿ ਕੰਪਿਊਟਰ ਦੀ ਆਮਦ ਨਾਲ ਮਨੁੱਖੀ ਜ਼ਿੰਦਗੀ ਬਹੁਤ ਸੁਖਾਵੀਂ ਅਤੇ ਤੇਜ਼ ਹੋ ਗਈ ਹੈ ਪ੍ਰੰਤੂ ਕੁਝ ਦਾ ਮੰਨਣਾ ਹੈ ਕਿ ਇਸ ਨਾਲ ਜ਼ਿੰਦਗੀ ਗੁੰਝਲਦਾਰ ਅਤੇ ਤਣਾਓ ਭਰਪੂਰ ਹੋ ਗਈ ਹੈ ਸੰਨ 1980 ਦੇ ਦਹਾਕੇ ਵਿੱਚ ਕੰਪਿਊਟਰ ਤਕਨਾਲੋਜੀ ਨੇ ਕਈ ਤਰੀਕਿਆਂ ਨਾਲ ਮਨੁੱਖੀ ਜ਼ਿੰਦਗੀ ਵਿੱਚ ਦਖ਼ਲ ਦੇਣਾ ਸ਼ੁਰੂ ਕਰ ਦਿੱਤਾ ਸੀ ਪਹਿਲਾਂ ਦੋ ਦਹਾਕਿਆਂ ਵਿੱਚ ਤਕਨੀਕੀ ਪੁਰਜ਼ਿਆਂ ਦੀ ਕੀਮਤ ਬਹੁਤ ਜ਼ਿਆਦਾ ਹੁੰਦੀ ਸੀ ਪ੍ਰੰਤੂ ਤਕਨਾਲੋਜੀ ਦੀ ਖੋਜ ਨਾਲ ਪੁਰਜ਼ਿਆਂ ਦੀ ਕੀਮਤ ਪੁਰਜ਼ਿਆਂ ਦੀ ਮੁਰੰਮਤ ਦੀ ਕੀਮਤ ਵਿੱਚ ਬਹੁਤ ਗਿਰਾਵਟ ਆਈ ਹੈ ਇੱਕੀਵੀਂ ਸਦੀ ਦੇ ਸ਼ੁਰੂ ਵਿੱਚ ਕੰਪਿਊਟਰ ਨੇ ਹਰ ਖੇਤਰ ਵਿੱਚ ਆਪਣੀ ਵੱਖਰੀ ਪਹਿਚਾਣ ਬਣਾ ਲਈ ਹੈ ਅਤੇ ਦਿਨ ਬ ਦਿਨ ਵਿੱਚ ਮਨੁੱਖੀ ਜ਼ਿੰਦਗੀ ਵਿੱਚ ਘੁਲ ਮਿਲ ਰਿਹਾ ਹੈ ਵਿਸ਼ੇਸ਼ਤਾਵਾਂ ਦੇ ਕੁਝ ਖ਼ਾਸ ਕਾਰਨਾਂ ਵਿਚੋਂ ਦੋ ਤੱਥ ਹੋਰ ਮੰਨੇ ਜਾ ਸਕਦੇ ਹਨ ਜਿਵੇਂ ਕਿ ਕੰਪਿਊਟਰ ਰਾਹੀਂ ਮਨੁੱਖ ਨਾਲੋਂ ਤੇਜ਼ ਅਤੇ ਸਹੀ ਹਿਸਾਬ ਗਿਣਤੀ ਮੁਲਾਂਕਣ ਕਰਨਾ ਅਤੇ ਸੰਪਰਕ ਕਾਇਮ ਕਰਨ ਵਿਚ ਸਸਤਾ ਤੇ ਆਸਾਨ ਤਰੀਕਾ ਈਮੇਲ ਮੰਨਿਆ ਜਾਂਦਾ ਹੈ

ਕੰਪਿਊਟਰ ਤਕਨਾਲੋਜੀ ਦੀ ਆਮਦ ਸਿੱਖਿਆ ਖੇਤਰ ਵਿੱਚ ਸੰਨ 1980 ਦੇ ਦਹਾਕੇ ਵਿੱਚ ਹੋਈ ਜਦੋਂ ਕਿ ਇੰਟਰਨੈੱਟ ਦੀ ਆਮਦ ਨਾਲ ਕੰਪਿਊਟਰ ਨੂੰ ਇਕ ਮਸ਼ੀਨ ਤੋਂ ਵੱਧ ਸੂਚਨਾ ਨੂੰ ਵਰਤਣ ਵਾਲੀ ਮਸ਼ੀਨ ਅਤੇ ਸੰਪਰਕ ਕਰਨ ਲਈ ਵਰਤਿਆ ਜਾਣ ਲੱਗ ਪਿਆ
ਕੰਪਿਊਟਰ ਤਕਨਾਲੋਜੀ ਦੇ ਆਉਣ ਨਾਲ ਹਰ ਪਦਵੀ ਦੇ ਵਿਅਕਤੀ ਦਾ ਕੰਮ ਕਰਨ ਦੇ ਤਰੀਕੇ ਚ ਬਦਲਾਅ ਆ ਗਿਆ ਹੈ ਕੰਪਿਊਟਰ ਨੈੱਟਵਰਕ ਤਕਨਾਲੋਜੀ ਨਾਲ ਅਨੇਕਾਂ ਤਰ੍ਹਾਂ ਦੀਆਂ ਐਪਲੀਕੇਸ਼ਨਜ਼ ਦੀ ਵਰਤੋਂ ਕਰਨ ਵਿੱਚ ਬਹੁਤ ਲਾਹੇਵੰਦ ਹੈ ਇਸ ਵਿਚ ਮਲਟੀਮੀਡੀਆ ਈਮੇਲ ਇਲੈਕਟ੍ਰੋਨਿਕ ਜਰਨਲਜ਼ ਡਾਟਾਬੇਸ ਵਰਲਡ ਵਾਈਡ ਵੈੱਬ ਚੈਟ ਆਡੀਓ ਐਂਡ ਵੀਡਿਓ ਕਾਨਫਰੈਂਸਿੰਗ ਅਤੇ ਹੋਰ ਬਹੁਤ ਕੁਝ ਕੰਪਿਊਟਰ ਨੈੱਟਵਰਕ ਨੇ ਖੋਜਕਾਰਾਂ ਸਿਖਿਆਰਥੀਆਂ ਨੂੰ ਬਹੁਤ ਵਧੀਆ ਪਲੇਟਫਾਰਮ ਦਿੱਤਾ ਹੈ ਜਿਸ ਰਾਹੀਂ ਉਹ ਆਪਣੀ ਭਾਸ਼ਾ ਖੋਜ ਪੱਤਰ ਸੂਚਨਾ ਨੂੰ ਦੂਜਿਆਂ ਨਾਲ ਸਾਂਝੀ ਕਰਕੇ ਸੁਧਾਰ ਸਕਦਾ ਹੈ ਅੱਜ ਦੇ ਤਕਨਾਲੋਜੀ ਸੰਸਾਰ ਵਿੱਚ ਤਰਕੀਬਨ ਖੇਤਰੀ ਕੰਪਿਊਟਰ ਤਕਨਾਲੋਜੀ ਦੇ ਪ੍ਰਭਾਵ ਹੇਠ ਹੈ ਟ੍ਰੈਫਿਕ ਸਿਗਨਲ ਨੂੰ ਕੰਟ੍ਰੋਲ ਕਰਨ ਤੋਂ ਲੈ ਕੇ ਪੁਲਾੜ ਵਿੱਚ ਰਾਕਟ ਨੂੰ ਸੰਭਾਲਣ ਤਕ ਸਭ ਕੁਝ ਕੰਪਿਊਟਰ ਤਕਨਾਲੋਜੀ ਨਾਲ ਚਲਾਇਆ ਜਾਣਾ ਹੀ ਅਦਭੁੱਤ ਹੈ ਅੱਜਕੱਲ੍ਹ ਘਰਾਂ ਵਿੱਚ ਚਲਾਈਆਂ ਜਾਣ ਵਾਲੀਆਂ ਵਸਤੂਆਂ ਵੀ ਇਸ ਦੇ ਪ੍ਰਭਾਵ ਤੋਂ ਨਹੀਂ ਬਚ ਸਕੀਆਂ ਇਸ ਦੀ ਸਭ ਤੋਂ ਵੱਡੀ ਉਦਾਹਰਣ ਰੋਜ਼ਮੱਰਾ ਦੇ ਹਿਸਾਬ ਕਿਤਾਬ ਰੱਖਣ ਲਈ ਘਰੇਲੂ ਕੰਪਿਊਟਰ ਹੀ ਹੈ

ਕੰਪਿਊਟਰ ਤਕਨਾਲੋਜੀ ਦੀਆਂ ਵਿਸ਼ੇਸ਼ਤਾਵਾਂ ਸਦਕਾ ਹੀ ਇਸ ਨੂੰ ਡਾਕਟਰੀ ਖੇਤਰ ਵਿਚ ਵੀ ਵਰਤਿਆ ਜਾਣ ਲੱਗ ਪਿਆ ਹੈ ਇਸ ਤਕਨਾਲੋਜੀ ਦੀ ਸਹਾਇਤਾ ਨਾਲ ਮਰੀਜ਼ਾਂ ਦੇ ਇਲਾਜ ਡਾਕਟਰੀ ਖੋਜ ਬਿਮਾਰੀਆ ਨੂੰ ਠੀਕ ਕਰਨ ਲਈ ਨਵੇਂ ਨਵੇਂ ਢੰਗਾਂ ਦਾ ਵਰਤਿਆ ਜਾਣਾ ਵੀ ਕਿਸੇ ਕ੍ਰਿਸ਼ਮੇ ਤੋਂ ਘੱਟ ਨਹੀਂ ਮੰਨਿਆ ਜਾਂਦਾ ਕੰਪਿਊਟਰ ਤਕਨਾਲੋਜੀ ਦੀ ਮਦਦ ਨਾਲ ਮਰੀਜ਼ ਨੂੰ ਦਵਾਈ ਦੇਣ ਤੋਂ ਪਹਿਲਾਂ ਹੀ ਦਵਾਈਆਂ ਦਾ ਮਨੁੱਖੀ ਸਰੀਰ ਤੇ ਅਸਰ ਵੀ ਆਸਾਨੀ ਨਾਲ ਦੇਖਿਆ ਜਾ ਸਕਦਾ ਹੈ ਇਸ ਤੋਂ ਬਿਨਾਂ ਕੰਪਿਊਟਰ ਤਕਨਾਲੋਜੀ ਦੀ ਸਹਾਇਤਾ ਨਾਲ ਸਮਾਜ ਵਿੱਚ ਵਧ ਰਹੇ ਜੁਰਮਾਂ ਨੂੰ ਠੱਲ੍ਹ ਪਾਉਣਾ ਸੌਖਾ ਹੋ ਗਿਆ ਹੈ

## ਕੰਪਿਊਟਰ ਤਕਨਾਲੋਜੀ ਦੀਆਂ ਸੀਮਾਵਾਂ

ਇਸੇ ਤਰ੍ਹਾਂ ਕੰਪਿਊਟਰ ਤਕਨਾਲੋਜੀ ਦੀਆਂ ਕੁਝ ਵਿਸ਼ੇਸ਼ਤਾਵਾਂ ਨੂੰ ਉਸੇ ਤਰ੍ਹਾਂ ਤਕਨਾਲੋਜੀ ਤੇ ਕੁਝ ਨੁਕਸਾਨਦਾਇਕ ਪਹਿਲੂ ਵੀ ਜ਼ਰੂਰ ਸਾਹਮਣੇ ਆਏ ਹਨ ਜਿਵੇਂ ਕਿ

1. ਸਾਈਬਰ ਕ੍ਰਾਈਮ ਦਾ ਵਧਣਾ
2. ਬੇਰੁਜ਼ਗਾਰੀ ਦਾ ਵਧਣਾ
3. ਮਨੁੱਖ ਦਾ ਅੰਤਰਮੁਖੀ ਹੋਣਾ
4. ਮਾਨਸਿਕ ਤਣਾਅ ਵਿੱਚ ਵਾਧਾ ਹੋਣਾ
5. ਸੂਚਨਾ ਸਬੰਧੀ ਪ੍ਰਾਈਵੇਸੀ ਖ਼ਤਮ ਹੋਣਾ
6. ਉਪਕਰਨਾਂ ਦਾ ਹੈਕ ਹੋ ਜਾਣਾ
7. ਕਾਪੀਰਾਈਟ ਦੀ ਸਮੱਸਿਆ
8. ਗ਼ਲਤ ਸੂਚਨਾਵਾਂ ਭੇਜਣੀਆਂ
9. ਪੇਂਡੂ ਜਾਂ ਜੀਵਨ ਤੋਂ ਦੂਰ
10. ਬਿਜਲੀ ਉੱਤੇ ਨਿਰਭਰ ਹੋਣ ਕਾਰਨ ਕਾਰਜ ਦਾ ਰੁਕ ਜਾਣਾ
11. ਨਵੀਂ ਤਕਨਾਲੋਜੀ ਦੇ ਕਾਰਨ ਕਾਰਜ ਕਰਨ ਦੇ ਮੁੱਢਲੇ ਢੰਗਾਂ ਦਾ ਅਲੋਪ ਹੋ ਜਾਣਾ


### ਮਲਟੀਮੀਡੀਆ :




ਮਲਟੀਮੀਡੀਆ ਅੰਗਰੇਜ਼ੀ ਵਿੱਚ ਮਲਟੀ ਅਤੇ ਮੀਡੀਆ ਦੋ ਸ਼ਬਦਾਂ ਨੂੰ ਮਿਲਾ ਕੇ ਬਣਿਆ ਸੀ। ਮਲਟੀ ਦਾ ਅਰਥ ਹੁੰਦਾ ਹੈ 'ਬਹੁ' ਅਤੇ ਮੀਡੀਆਦਾ ਅਰਥ ਹੈ, 'ਮਾਧਿਅਮ'। ਮਲਟੀਮੀਡੀਆ ਇੱਕ ਮਾਧਿਅਮ ਹੁੰਦਾ ਹੈ, ਜਿਸਦੇ ਦੁਆਰਾ ਅਲੱਗ-ਅਲੱਗ ਤਰ੍ਹਾਂ ਦੀਆਂ ਜਾਣਕਾਰੀਆਂ ਵੱਖ-ਵੱਖ ਪ੍ਰਕਾਰ ਦੇ ਮਾਧਿਅਮ ਵਿੱਚ ਅਵਾਜ਼ੀ (ਆਡੀਓ), ਗ੍ਰਾਫਿਕਸ, ਐਨੀਮੇਸ਼ਨ ਕਰਕੇ ਲੋਕਾਂ ਤੱਕ ਪਹੁੰਚਾਇਆ ਜਾਂਦਾ ਹੈ। ਮਲਟੀਮੀਡੀਆ ਦਾ ਪ੍ਰਯੋਗ ਅਨੇਕ ਖੇਤਰਾਂ ਜਿਵੇਂ ਕਿ ਮਲਟੀਮੀਡੀਆ ਪੇਸ਼ਕਰਣ, ਮਲਟੀਮੀਡੀਆ ਗੇਮਾਂ ਬਹੁਤਾਂਤ ਦੇ ਨਾਲ ਹੁੰਦਾ ਹੈ, ਇਸ ਲਈ ਮਲਟੀਮੀਡੀਆ ਕਿਸੇ ਵੀ ਚੀਜ਼ ਦੇ ਪੇਸ਼ਕਰਣ ਦਾ ਮੁੱਖ ਅੰਗ ਹੈ। ਉਂਜ ਵੀ ਮਲਟੀਮੀਡੀਆ ਇੱਕ ਸਾਧਨ ਅਤੇ ਸਾਮਾਨ ਆਪਸੀ ਸਾਂਝਾਂ ਕਾਰਜ ਹੈ ਜਿਸ ਵਿਚ ਵੱਖ ਵੱਖ ਵਿਸ਼ਿਆਂ ਦੇ ਰੂਪਾਂ ਤਸਵੀਰ ਆਵਾਜ਼ ਰੇਖਾ ਚਿੱਤਰ ਵੀਡੀਓ ਨੂੰ ਜੋੜ ਕੇ ਵਰਤਿਆ ਜਾਂਦਾ ਹੈ ਇਸ ਸ਼ਬਦ ਮਲਟੀਮੀਡੀਆ ਨੂੰ ਇਸ ਤਰ੍ਹਾਂ ਵੀ ਕਿਹਾ ਜਾ ਸਕਦਾ ਹੈ ਕਿ ਇਹ ਸਾਧਨ ਜਿਹੜਾ ਬਹੁਭਾਤੀ ਸਮਾਨ ਦੇ ਰੂਪਾਂ ਨੂੰ ਇੱਕੋ ਵੇਲੇ ਵਰਤਦਾ ਹੈ ਜਾਂ ਉਹ ਸਾਧਨ ਜੋ ਕਈ ਰੂਪਾਂ ਨੂੰ ਮਿਲਾ ਕੇ ਬਣਦਾ ਹੈ ਸੰਕ੍ਰੀਨ ਸ਼ਬਦਾਂ ਵਿਚ ਮੀਡੀਆ ਸ਼ਬਦ ਜਿਹੜਾ ਸਿਰਫ਼ ਛੁਪੇ ਰੂਪਾਂ ਜਾਂ ਹੱਥ ਲਿਖਤ ਖਰੜਿਆਂ ਤੱਕ ਹੀ ਸੀਮਤ ਹੈ ਜਦੋਂ ਕਿ ਮਲਟੀਮੀਡੀਆ ਵਿੱਚ ਟੈਕਟਸ ਆਵਾਜ਼ ਖਲੋਤੇ ਦ੍ਰਿਸ਼ ਤਸਵੀਰਾਂ ਐਨੀਮੇਸ਼ਨ ਅਤੇ ਆਪਸੀ ਕਾਰਜ ਆਦਿ ਰੂਪਾਂ ਦੀ ਸਾਂਝੀ ਵਰਤੋਂ ਸ਼ਾਮਿਲ ਹੁੰਦੀ ਹੈ ਮਲਟੀਮੀਡੀਆ ਸੂਚਨਾ ਲਿਖਤ ਸੂਚਨਾ ਤੋਂ ਵੱਡੀ ਹੁੰਦੀ ਹੈ ਮਲਟੀਮੀਡੀਆ ਆਮਤੌਰ ਤੇ ਲਿਖਤੀ ਪ੍ਰਮਾਣਿਤ ਅਤੇ ਪ੍ਰਦਰਸ਼ਿਤ ਜਾਂ ਮੁਲਾਂਕਿਤ ਸੂਚਨਾ ਦੇ ਵਿਸ਼ਿਆਂ ਦੀ ਛਾਣਬੀਣ ਕਰਦਾ ਹੈ ਇਸ ਲਈ ਕੰਪਿਊਟਰੀਕ੍ਰਿਤ ਅਤੇ ਬਿਜਲਈ ਉਪਕਰਣਾਂ ਦੀ ਵਰਤੋਂ ਕੀਤੀ ਜਾਂਦੀ ਹੈ ਇਸ ਨਾਲ ਹੀ ਮਲਟੀਮੀਡੀਆ ਬਿਜਲਈ ਮੀਡੀਆ ਉਪਕਰਣਾਂ ਰਾਹੀਂ ਮਲਟੀਮੀਡੀਆ ਦੇ ਵਿਸ਼ਿਆਂ ਅਤੇ ਤਜਰਬਿਆਂ ਨੂੰ ਇਕੱਠਿਆਂ ਕਰਨ ਅਤੇ ਸੰਭਾਲਣ ਲਈ ਵਰਤਿਆ ਜਾਂਦਾ ਹੈ ਮਲਟੀਮੀਡੀਆ ਮਿਕਸਡ ਮੀਡੀਆ ਤੋਂ ਵਖਰਾਇਆ ਵੀ ਜਾਂਦਾ ਹੈ ਜਿਵੇਂ ਕਿ ਕੋਮਲ ਕਲਾ ਆਦਿ

## ਮਲਟੀਮੀਡੀਆ ਦੇ ਭਾਗ

1. ਲਿਖਤ
2. ਗ੍ਰਾਫਿਕਸ
3. ਐਨੀਮੇਸ਼ਨ
4. ਆਵਾਜ਼
5. ਤਸਵੀਰਾਂ




## ਮਲਟੀਮੀਡੀਆ ਦੀ ਵਰਤੋਂ

**ਸਿੱਖਿਆ** :

ਸਿੱਖਿਆ ਦੇ ਖੇਤਰ ਚ ਮਲਟੀਮੀਡੀਆ ਕੰਪਿਊਟਰ ਆਧਾਰਿਤ ਟ੍ਰੇਨਿੰਗ ਦੇ ਕੋਰਸਾਂ ਨੂੰ ਤਿਆਰ ਕਰਨ ਲਈ ਵਰਤਿਆ ਜਾਂਦਾ ਹੈ ਜਿਸ ਨੂੰ ਸੀਬੀਟੀ ਕਿਹਾ ਜਾਂਦਾ ਹੈ ਇਸ ਤੋਂ ਬਿਨਾਂ ਰਿਫਰੈਂਸ਼ ਕਿਤਾਬਾਂ ਜਿਵੇਂ ਕਿ ਐਨਸਾਈਕਲੋਪੀਡੀਆ ਡਿਕਸ਼ਨਰੀਆਂ ਜਾਂ ਹੋਰ ਮਹੱਤਵਪੂਰਨ ਪੁਸਤਕਾਂ ਅਤੇ ਮਟੀਰੀਅਲ ਆਦਿ ਸ਼ਾਮਿਲ ਹੈ ਇਕ ਕੰਪਿਊਟਰ ਟ੍ਰੇਨਰ ਪੇਸ਼ਕਾਰੀਆਂ ਦੀਆਂ ਲੜੀਆਂ ਨੂੰ ਵਰਤਦਾ ਤੇ ਜੋੜਦਾ ਹੈ ਇਸ ਲਈ ਉਹ ਵੱਖ ਵੱਖ ਪਾਠ ਪੁਸਤਕਾਂ ਵਿੱਚੋਂ ਖਾਸ ਲੋੜੀਂਦੇ ਵਿਸ਼ੇ ਨੂੰ ਲੱਭਦਾ ਹੈ ਅਤੇ ਉਸ ਨੂੰ ਵਰਤਣ ਯੋਗ ਬਣਾਉਂਦਾ ਹੈ ਇਸ ਤੋਂ ਬਿਨਾਂ ਸੰਬੰਧਿਤ ਤਸਵੀਰਾਂ ਨੂੰ ਵੱਖ ਵੱਖ ਸੂਚਨਾ ਪਹਿਲੂਆਂ ਤੋਂ ਵਰਤਦਾ ਹੈ ਇਸੇ ਤਰ੍ਹਾਂ ਹੀ ਮਲਟੀਮੀਡੀਆ ਮਨੋਰੰਜਨ ਲਈ ਵਿਸ਼ੇਸ਼ ਤੌਰ ਤੇ ਸਿੱਖਿਆ ਨਾਲ ਜੋੜ ਕੇ ਪੇਸ਼ਕਾਰੀ ਕਰਦਾ ਹੈ ਪਿਛਲੇ ਦਹਾਕਿਆਂ ਵਿੱਚ ਸਿੱਖਿਆ ਸਿਧਾਂਤਾਂ ਵਿੱਚ ਅਚੰਭਿਤ ਤਰੀਕੇ ਨਾਲ ਵਾਧਾ ਹੋਇਆ ਹੈ ਕਿਉਂਕਿ

ਮਲਟੀਮੀਡੀਆ ਦੀ ਜਾਣਕਾਰੀ ਸਿੱਖਿਆ ਲਈ ਇਕ ਵਰਦਾਨ ਸਾਬਤ ਹੋਈ ਹੈ

ਅਨੇਕ ਤਰ੍ਹਾਂ ਦੀਆਂ ਖੋਜਾਂ ਸਿੱਖਿਆ ਨਾਲ ਜੁੜੀਆਂ ਹਨ ਇਸ ਤਰ੍ਹਾਂ ਦੀਆਂ ਹੋਰ ਸੰਭਾਵਨਾਵਾਂ ਸਿੱਖਣ ਅਤੇ ਹਦਾਇਤਾਂ ਲਈ ਮਲਟੀਮੀਡੀਆ ਅੰਤਹੀਣ ਹਨ ਸਿੱਖਿਆ ਵਿੱਚ ਮਲਟੀਮੀਡੀਆ ਦੇ ਵਿਚਾਰਾਂ ਨਾਲ ਜੁੜਨਾ ਇਕ ਮਹੱਤਵਪੂਰਣ ਖ਼ਾਸ ਕਰਕੇ ਉਚੇਰੀ ਸਿੱਖਿਆ ਖੇਤਰ ਲਾਜ਼ਮੀ ਤੌਰ ਤੇ ਬਣ ਗਿਆ ਹੈ ਜਿਸ ਨੂੰ ਵੱਖੋ ਵੱਖਰੀਆਂ ਤਕਨੀਕਾਂ ਦੇ ਤੌਰ ਤੇ ਪਰਿਭਾਸ਼ਤ ਕੀਤਾ ਹੈ ਜਿਵੇਂ ਕਿ ਆਵਾਜ਼ ਟੈਲੀਫੋਨ ਰਾਹੀਂ ਅੰਕੜੇ ਅਤੇ ਇਨ੍ਹਾਂ ਦੀ ਵਰਤੋਂ ਤੇ ਉਪਯੋਗਤਾ ਅਤੇ ਵੀਡੀਓ ਆਦਿ ਜਿਹੜੀ ਹੁਣ ਇੱਕ ਦੂਜੇ ਨਾਲ ਜੁੜੇ ਹੋਏ ਸਾਧਨ ਬਣ ਗਏ ਹਨ ਮੀਡੀਆ ਕਰਕੇ ਹੀ ਸੰਚਾਰ ਪੱਧਰ ਤੇ ਯੂਨੀਵਰਸਿਟੀਆਂ ਦੇ ਪਾਠ ਕ੍ਰਮਾਂ ਵਿਚ ਤੇਜ਼ੀ ਨਾਲ ਤਬਦੀਲੀ ਆ ਰਹੀ ਹੈ ਜਿਸ ਦੇ ਸਿੱਟੇ ਵਜੋਂ ਪ੍ਰਾਪਤ ਯੋਗਤਾ ਤਬਦੀਲ ਹੋ ਰਹੀ ਹੈ ਜਾਂ ਉਨ੍ਹਾਂ ਵਿਚਲੀਆਂ ਘਾਟਾਂ ਅਤੇ ਵੱਖ ਵੱਖ ਖੇਤਰਾਂ ਵਿੱਚ ਇਹ ਤਕਨੀਕੀ ਕੁਸ਼ਲਤਾ ਵਿੱਚ ਵੀ ਨੌਕਰੀਆਂ ਦੀ ਲੋੜ ਰਹੀ ਹੈ

## ਅਖ਼ਬਾਰੀ ਕੰਪਨੀਆਂ ਪੱਤਰਕਾਰੀ

ਅਖ਼ਬਾਰੀ ਕੰਪਨੀਆਂ ਆਪਣੇ ਕਾਰਜਾਂ ਵਿੱਚ ਨਵੇਂ ਵਰਤਾਰੇ ਨੂੰ ਲਾਗੂ ਕਰਨ ਦੀ ਹਰ ਕੋਸ਼ਿਸ਼ ਕਰ ਰਹੇ ਹਨ ਜਦੋਂ ਕਿ ਕੁਝ ਕੁ ਇਸ ਖੇਤਰ ਵਿੱਚ ਹੌਲੀ ਹੌਲੀ ਆਉਂਦੇ ਹਨ ਅਤੇ ਹੋਰ ਵੱਡੇ ਅਖ਼ਬਾਰ ਅੰਤਰਰਾਸ਼ਟਰੀ ਪੱਧਰ ਤੇ ਨਵੇਂ ਮੀਲ ਪੱਥਰ ਸਥਾਪਿਤ ਕਰ ਰਹੇ ਹਨ ਜਿਵੇਂ ਕਿ ਨਿਊਯਾਰਕ ਟਾਈਮਜ਼ ਯੂ.ਐਸ. ਟੂ.ਡੇ ਆਦਿ ਹੁਣ ਖ਼ਬਰਾਂ ਦੀ ਰਿਪੋਰਟਿੰਗ ਪ੍ਰੰਪਰਿਕ ਮੀਡੀਆ ਤੱਕ ਸੀਮਤ ਨਹੀਂ ਰਹੀ ਸਗੋਂ ਇਹ ਖੇਤਰ ਹੋਰ ਵਿਸ਼ਾਲ ਹੋ ਰਿਹਾ ਹੈ ਸੁਤੰਤਰ ਪੱਤਰਕਾਰ ਵੱਖ ਵੱਖ ਕਿਸਮ ਦੇ ਨਵੇਂ ਮੀਡੀਆ ਢੰਗ ਵਰਤ ਕੇ ਮਲਟੀਮੀਡੀਆ ਦੇ ਟੋਟਿਆਂ ਨੂੰ ਆਪਣੇ ਸੰਚਾਰ ਲਈ ਵਰਤਦਿਆਂ ਆਪਣੀਆਂ ਖ਼ਬਰਾਂ ਦੀਆਂ ਕਹਾਣੀਆਂ ਪੇਸ਼ ਕਰ ਰਹੇ ਹਨ ਇਸ ਨਾਲ ਵਿਸ਼ਵ ਪੱਧਰ ਉੱਤੇ ਸਰੋਤਿਆਂ ਦਰਸ਼ਕਾਂ ਦੇ ਨਾਲ ਨਾਲ ਜੁੜ ਕੇ ਇਸ ਤਕਨੀਕ ਨਾਲ ਕਹਾਣੀਆਂ ਦੱਸਦੇ ਹਨ ਜਿਸ ਨਾਲ ਨਵੀਆਂ ਸੰਚਾਰ ਤਕਨੀਕਾਂ ਪੈਦਾਵਾਰ ਕਰਨ ਵਾਲੇ ਅਤੇ ਪੱਤਰਕਾਰ ਲਈ ਵਿਕਸਤ ਕੀਤੀਆਂ ਜਾ ਰਹੀਆਂ ਹਨ ਸਾਂਝੇ ਭਾਸ਼ਾ ਪ੍ਰੋਜੈਕਟਾਂ ਨੂੰ ਇਸ ਕਿਸਮ ਦੀ ਮਲਟੀਮੀਡੀਆ ਪੱਤਰਕਾਰੀ ਪੈਦਾਵਾਰ ਲਈ ਉਦਾਹਰਣ ਦੇ ਤੌਰ ਤੇ ਵੇਖਿਆ ਜਾ ਸਕਦਾ ਹੈ ਖ਼ਬਰਾਂ ਅਤੇ ਚਲੰਤ ਮਸਲਿਆਂ ਨਾਲ ਸੰਬੰਧਿਤ ਸੂਚਨਾਵਾਂ ਵੈੱਬਸਾਈਟਾਂ ਉੱਤੇ ਵੱਡੀ ਪੱਧਰ ਤੇ ਰੋਜ਼ਾਨਾ ਉਪਲੱਬਧ ਹੋ ਰਹੀਆਂ ਹਨ ਵੈੱਬ ਦੀ ਵਰਤੋਂ ਤੋਂ ਪਹਿਲਾਂ ਸੂਚਨਾ ਅਣਗਿਣਤ ਵਿਸ਼ਿਆਂ ਉੱਤੇ ਯੂਜ਼ਨੈੱਟ ਦੇ ਜ਼ਰੀਏ ਆਪਸ ਵਿਚ ਸਾਂਝੀ ਕੀਤੀ ਜਾਂਦੀ ਰਹੀ ਹੈ ਅਜੇ ਵੀ ਪ੍ਰਚੱਲਤ ਤੇ ਵਧ ਰਹੇ ਮਸਲੇ ਅਖ਼ਬਾਰੀ ਵਰਗਾਂ ਵੱਲੋਂ ਚੋਣਵੇਂ ਪੱਧਰ ਤੇ ਰੋਜ਼ਾਨਾ ਸਿੱਧੀ ਹੀ ਚੁਣੇ ਜਾ ਰਹੇ ਹਨ

## ਚੈਟ ਰੂਮ

ਇਸੇ ਤਰ੍ਹਾਂ ਇੰਟਰਨੈੱਟ ਦੀ ਮਦਦ ਨਾਲ ਦੋ ਵਿਅਕਤੀ ਆਪੋ ਆਪਣੀ ਥਾਂ ਉੱਤੇ ਬੈਠ ਕੇ ਚੈਟ ਰੂਮ ਰਾਹੀਂ ਗੱਲਬਾਤ ਕਰ ਸਕਦੇ ਹਨ ਇਹ ਵੀ ਇੰਟਰਨੈੱਟ ਦੀ ਇੱਕ ਮਸ਼ਹੂਰ ਸੇਵਾ ਬਣ ਰਹੀ ਹੈ ਇਸ ਇੰਟਰਨੈੱਟ ਦੀ ਆਈ ਆਰ ਸੀ ਵਿਧੀ ਰਾਹੀਂ ਬਹੁਮੰਤਵੀ ਅਤੇ ਬਹੁ ਵਰਤੋਂ ਵਾਲੇ ਕਾਰਜਾਂ ਨੂੰ ਕਾਨਫ਼ਰੰਸ ਨੇ ਡਾਕਟਰੀ ਸੇਵਾਵਾਂ ਲਈ ਵੀ ਵਰਤੋਂ ਕੀਤੀ ਜਾਣ ਲੱਗੀ ਹੈ ਇਸ ਕਾਰਜ ਲਈ ਦਰਜਨਾਂ ਆਈ ਆਰ ਸੀ ਸਰਵਰ ਸੈਂਕੜੇ ਚੈਨਲਾਂ ਉਤੇ ਸੇਵਾ ਉਪਲੱਬਧ ਕਰਵਾ ਰਹੇ ਹਨ ਜਿਨ੍ਹਾਂ ਦੀ ਵਰਤੋਂ ਕੋਈ ਵੀ ਲੈਗੂਨ ਲੌਗਇਨ ਕਰਕੇ ਆਪਣੀ ਕੀ ਬੋਰਡ ਰਾਹੀਂ ਇਹ ਕਰ ਸਕਣ ਯੋਗ ਹੋ ਰਿਹਾ ਹੈ

## ਇੰਜੀਨੀਅਰਿੰਗ

ਸਾਫਟ ਵੇਅਰ ਇੰਜੀਨੀਅਰਿੰਗ ਮਲਟੀਮੀਡੀਆ ਨੂੰ ਆਪਣੇ ਕੰਪਿਊਟਰ ਦੀ ਨਕਲ ਨਾਲ ਮਿਲਟਰੀ ਜਾਂ ਉਦਯੋਗਿਕ ਟ੍ਰੇਨਿੰਗ ਲਈ ਮਨੋਰੰਜਨ ਵਿੱਚ ਵਰਤ ਸਕਦਾ ਹੈ ਮਲਟੀਮੀਡੀਆ ਸਾਫਟਵੇਅਰ ਦਾ ਦਖ਼ਲ ਹਰ ਤਰ੍ਹਾਂ ਦੇ ਕਾਰਜ ਵਿਚ ਕੀਤਾ ਜਾਂਦਾ ਹੈ ਜਿਸ ਨੂੰ ਕਿਰਿਆਸ਼ੀਲ ਵਿਅਕਤੀ ਅਤੇ ਸਾਫਟਵੇਅਰ ਇੰਜੀਨੀਅਰ ਆਮ ਤੌਰ ਤੇ ਵਰਤ ਰਹੇ ਹਨ

## ਉਦਯੋਗ

ਉਦਯੋਗਿਕ ਖੇਤਰ ਵਿੱਚ ਮਲਟੀਮੀਡੀਆ ਸ਼ੇਅਰ ਹੋਲਡਰਾਂ ਵੱਡਿਆਂ ਅਤੇ ਸਹਿ ਕਾਮਿਆਂ ਤੋਂ ਵਰਤਮਾਨ ਜਾਣਕਾਰੀ ਲੈਣ ਅਤੇ ਜਾਣਕਾਰੀ ਦੇਣ ਦੇ ਤੌਰ ਤੇ ਮਦਦ ਕਰਨ ਦੇ ਜ਼ਰੀਏ ਲਈ ਵਰਤਿਆ ਜਾਂਦਾ ਹੈ ਮਲਟੀ ਮੀਡੀਆ ਕਰਮਚਾਰੀਆਂ ਨੂੰ ਸਿੱਖਿਆ ਟਰੇਨਿੰਗ ਦੇਣ ਲਈ ਵੀ ਮਦਦਗਾਰ ਸਾਬਤ ਹੋ ਰਿਹਾ ਇਸ ਤੋਂ ਬਿਨਾਂ ਸੰਸਾਰ ਪੱਧਰ ਤੇ ਅਸੀਮਤ ਵੈੱਬ ਆਧਾਰਤ ਤਕਨਾਲੋਜੀ ਵਰਤੀ ਜਾਣ ਲੱਗੀ ਹੈ

## ਗਣਿਤਕ ਅਤੇ ਵਿਗਿਆਨਕ ਖੋਜ

ਗਣਿਤ ਕਦੇ ਵਿਗਿਆਨਕ ਖੋਜ ਵਿਚ ਮਲਟੀਮੀਡੀਆ ਪ੍ਰਮੁੱਖ ਤੌਰ ਤੇ ਮਾਡਲਿੰਗ ਅਤਿ ਸੈਮਲਿਊਸ਼ਨ ਵਿੱਚ ਵਰਤਿਆ ਜਾਂਦਾ ਹੈ ਉਦਾਹਰਣ ਲਈ ਇਕ ਵਿਗਿਆਨੀ ਆਪਣੀ ਖੋਜ ਲਈ ਵੱਖ ਵੱਖ ਪੱਤਰਾਂ ਰਸਾਲਿਆਂ ਆਦਿ ਤੋਂ ਬਹੁਤ ਕੁਝ ਗ੍ਰਹਿਣ ਕਰਦਾ ਹੈ ਇਹ ਸਾਰਾ ਮਲਟੀਮੀਡੀਆ ਰਾਹੀਂ ਸੰਭਵ ਹੁੰਦਾ

## ਡਾਕਟਰੀ ਖੋਜਾਂ

ਮੈਡੀਸਨ ਵਿੱਚ ਡਾਕਟਰ ਸਰਜਰੀ ਆਦਿ ਦੇ ਕੰਮਾਂ ਨੂੰ ਅਸਲ ਵਿਚ ਹੁੰਦਿਆਂ ਵੇਖਣ ਦੀ ਕੰਪਿਊਟਰ ਦੀ ਟਰੇਨਿੰਗ ਅਤੇ ਸਹਾਇਤਾ ਲੈ ਸਕਦੇ ਹਨ ਜਾਂ ਈ ਵੀ ਜਾਣ ਸਕਦੇ ਹਨ ਕਿ ਕਿਵੇਂ ਮਨੁੱਖ ਸਰੀਰ ਬਿਮਾਰੀਆਂ ਦੁਆਰਾ ਪ੍ਰਭਾਵਤ ਹੈ ਕਿਵੇਂ ਵਾਇਰਸ ਫੈਲਦੇ ਹਨ ਅਤੇ ਬੈਕਟੀਰੀਆ ਫੈਲਦੇ ਹਨ ਇਸ ਉਪਰੰਤ ਡਾ ਅਜਿਹੀਆਂ ਤਕਨੀਕਾਂ ਵਿਕਸਤ ਕਰਕੇ ਬਿਮਾਰੀਆਂ ਦਾ ਇਲਾਜ ਕਰਨ ਯੋਗ ਹੋ ਜਾਂਦੇ ਹਨ ਮਹਾਂਨਗਰਾਂ ਦੇ ਵੱਡੇ ਹਸਪਤਾਲਾਂ ਵਿਚ ਮਲਟੀਮੀਡੀਆ ਦੀ ਮਦਦ ਨਾਲ ਵੱਡੀ ਗੁੰਝਲਦਾਰ ਅਪਰੇਸ਼ਨਾਂ ਦਾ ਸਫਲ ਇਲਾਜ ਕੀਤਾ ਜਾਣ ਲੱਗਾ ਹੈ



## ਮਲਟੀਮੀਡੀਆ ਖੇਡਾਂ ਅਤੇ ਨਕਲਾਂ

ਭੌਤਿਕ ਵਾਤਾਵਰਨ ਵਿਚ ਵਿਸ਼ੇਸ਼ ਪ੍ਰਭਾਵਾਂ ਨਾਲ ਵਰਤੀਆਂ ਜਾ ਸਕਦੀਆਂ ਹਨ ਜਿਹੜੀਆਂ ਬਹੁ ਭਾਂਤੀ ਲੋਕਾਂ ਲਈ ਆਨਲਾਈਨ ਨੈੱਟਵਰਕ ਜਾਂ ਸਥਾਨਕ ਕੰਪਿਊਟਰ ਖੇਡਾਂ ਦੇ ਪ੍ਰਬੰਧ ਜਾਂ ਨਕਲੀਆਂ ਵਜੋਂ ਵਰਤੀਆਂ ਜਾ ਸਕਦੀਆਂ ਹਨ ਇਨ੍ਹਾਂ ਦੀ ਵਰਤੋਂ ਜਾਣਕਾਰੀ ਦੇਣ ਲਈ ਮਨੋਰੰਜਨ ਲਈ ਕਲਾ ਲਈ ਰੋਜ਼ਾਨਾ ਜੀਵਨ ਦੇ ਅਨੁਭਵਾਂ ਨੂੰ ਸਮਝਣ ਸਮਝਾਉਣ ਲਈ ਹੋ ਸਕਦੀ ਹੈ ਜਿਵੇਂ ਜਾਗੋ ਗਾਹਕ ਜਾਗੋ ਦੀਆਂ ਝਲਕੀਆਂ ਆਦਿ ਤਕਨੀਕੀ ਜਾਂ ਸਾਂਝੀ ਮਲਟੀਮੀਡੀਆ ਦੇ ਅਨੇਕਾਂ ਬਾਹਰੀ ਰੂਪ ਵਰਤੋਂ ਕਰਨ ਵਾਲਿਆਂ ਦੀ ਤਜਰਬੇ ਨੂੰ ਵਧਾ ਚੜ੍ਹਾ ਕੇ ਵਧਾਏ ਜਾ ਸਕਦੇ ਹੋਣਗੇ ਉਦਾਹਰਣ ਲਈ ਸੂਚਨਾ ਨੂੰ ਅੱਗੇ ਪਹੁੰਚਾਉਣ ਲਈ ਮਲਟੀਮੀਡੀਆ ਆਸਾਨ ਅਤੇ ਤੀਜੀ ਵਾਲਾ ਸਾਧਨ ਹੈ ਜਾਮ ਰੰਜਨ ਜਾਂ ਕਲਾ ਦਾ ਜੌਹਰ ਰੋਜ਼ਾਨਾਂ ਦੀ ਅਨੁਭਵ ਤਜਰਬੇ ਨਾਲ ਨੂੰ ਸਾਂਝਿਆਂ ਕਰਨ ਲਈ ਦਰਸ਼ਕਾਂ ਜਾਂ ਸਰੋਤਿਆਂ ਕੋਲ ਪਹੁੰਚਣ ਦਾ ਕਾਰਜ ਕਰਦਾ ਹੈ ਜਿਵੇਂ ਸਮਾਜ ਵਿੱਚ ਵਾਪਰਦੀਆਂ ਵੱਖ ਵੱਖ ਘਟਨਾਵਾਂ ਦੀ ਜਾਣਕਾਰੀ ਆਦਿ ਆਪਸੀ ਰਲੇ ਮਿਲੇ ਕਾਰਜਾਂ ਦੀ ਪੱਧਰਾਂ ਨੂੰ ਵਧਾ ਚੜ੍ਹਾ ਕੇ ਸੰਭਵ ਬਣਾਉਣ ਲਈ ਮੀਡੀਆ ਦੀ ਵਿਸ਼ਿਆਂ ਦੇ ਬਹੁਭਾਂਤੀ ਰੂਪਾਂ ਨੂੰ ਆਪਸ ਵਿੱਚ ਮਿਲਾ ਕੇ ਹੀ ਪੇਸ਼ ਕਰਨਾ ਸੰਭਵ ਹੁੰਦਾ ਹੈ ਜਿਵੇਂ ਵੱਖ ਵੱਖ ਸਮੇਂ ਦੀਆਂ ਗਤੀਵਿਧੀਆਂ ਤਸਵੀਰਾਂ ਭਾਸ਼ਣਾਂ ਨੂੰ ਲੋੜ ਅਨੁਸਾਰ ਤਿਆਰ ਕੀਤਾ ਜਾਂਦਾ ਹੈ ਉਦਾਹਰਣ ਲਈ ਟੀ ਵੀ ਦੀ ਪ੍ਰੋਗਰਾਮ ਲੜੀਵਾਰ ਪ੍ਰੋਗਰਾਮ ਐਨੀਮੇਸ਼ਨਜ਼ ਅਤੇ ਹੋਰ ਗਤੀਵਿਧੀਆਂ ਆਦਿ ਵਿੱਚ ਸ਼ਾਮਲ ਮੰਨੇ ਜਾ ਸਕਦੇ ਹਨ



ਆਨਲਾਈਨ ਮਲਟੀਮੀਡੀਆ ਦੇਸ਼ ਆਧਾਰਤ ਅਤੇ ਅੰਕੜਿਆਂ ਦੀ ਪੇਸ਼ਕਾਰੀ ਦੇ ਨਾਲ ਨਾਲ ਸਮਰੱਥ ਹੋ ਰਿਹਾ ਹੈ ਜਿਸ ਵਿਚ ਬੇਨਤੀਕਾਰਾਂ ਦੀਆਂ ਅਰਜ਼ੀਆਂ ਸਮੂਹਿਕ ਅਤੇ ਵਿਅਕਤੀਗਤ ਤੌਰ ਤੇ ਬਹੁਭਾਂਤੀ ਰੂਪ ਵਿਚ ਸਮੇਂ ਸਿਰ ਲੈਣ ਦਾ ਕਾਰਜ ਕਰਦਾ ਹੈ ਜਿਵੇਂ ਫੋਟੋ ਗੈਲਰੀਆਂ ਦੋਵੇਂ ਤਰ੍ਹਾਂ ਦੀਆਂ ਤਸਵੀਰਾਂ ਅਤੇ ਵਿਸ਼ੇ ਦੀ ਰੂਪ ਵਿੱਚ ਵਰਤੋਂਕਾਰ ਲੋੜ ਅਨੁਸਾਰ ਨਵੀਨੀਕਰਨ ਕਰਦਾ ਰਹਿੰਦਾ ਹੈ ਜਿਸ ਨੂੰ ਉਹ

ਵਾਦੀ ਲਈ ਯੋਗ ਬਣਾਉਂਦਾ ਹੈ ਘਟਨਾਵਾਂ ਚਲ ਚਿੱਤਰ ਐਨੀਮੇਸ਼ਨਜ਼ ਜਾਂ ਤਸਵੀਰਾਂ ਦੀ ਸੁਧਾਈ ਕਰਨ ਯੋਗ ਹੋਵੇ ਨੂੰਹ ਮਲਟੀਮੀਡੀਆ ਤਜਰਬੇ ਅਨੁਸਾਰ ਸੋਧਣ ਵਿੱਚ ਮਦਦ ਕਰਦਾ ਹੈ ਅਤੇ ਵਰਤਣ ਦੀ ਆਗਿਆ ਦਿੰਦਾ ਹੈ ਮਲਟੀਮੀਡੀਆ ਸ਼ਬਦੀ ਪਹਿਲੀ ਵਾਰ ਵਰਤੋਂ ਜੁਲਾਈ 1966 ਵਿੱਚ ਬੌਬ ਗੋਲਡ ਸਟਾਈਨ ਨੇ ਕੀਤੀ

## ਵਿਉਪਾਰ ਖੇਤਰ

ਵਪਾਰ ਖੇਤਰ ਵਿੱਚ ਕਲਾਕਾਰ ਆਪਣੀ ਕੰਮ ਪੁਰਾਣੇ ਦੀ ਥਾਂ ਨਵੇਂ ਮੀਡੀਏ ਦੀ ਵਰਤੋਂ ਮਲਟੀਮੀਡੀਆ ਰਾਹੀਂ ਕਰਦੇ ਹਨ ਜਿਸ ਕਰਕੇ ਉਹ ਤੀਜੀ ਕਦੀ ਤਮਾਸ਼ਾਈ ਪੇਸ਼ਕਾਰੀਆਂ ਨਾਲ ਇਤਿਹਾਸ ਬਾਜ਼ੀ ਵਿਚ ਲੋਕਾਂ ਦਾ ਧਿਆਨ ਆਪਣੇ ਵੱਲ ਖਿੱਚਣ ਵਿੱਚ ਕਾਮਯਾਬ ਹੋ ਜਾਂਦੇ ਹਨ ਵਪਾਰ ਤੋਂ ਵਪਾਰ ਅਤੇ ਦਫ਼ਤਰਾਂ ਵਿੱਚ ਅੰਦਰੂਨੀ ਸੰਚਾਰ ਦਾ ਵਿਕਾਸ ਸਿਰਜਣਾਤਮਕ ਸੇਵਾਵਾਂ ਦੀਆਂ ਫਰਮਾਂ ਐਡਵਾਂਸ ਮਲਟੀਮੀਡੀਆ ਦੀ ਵਰਤੋਂ ਕਰਨ ਵਿਚ ਯੋਗ ਹੋਏ ਹਨ ਇਸ ਕਾਰਜ ਲਈ ਵਪਾਰ ਖੇਤਰ ਵਿੱਚ ਮਲਟੀ ਮੀਡੀਆ ਦੀ ਪ੍ਰਬੰਧਕ ਧੀ ਉਤਸ਼ਾਹੀ ਸਰਕਾਰੀ ਸੇਵਾਵਾਂ ਤੇ ਗੈਰ ਲਾਭਕਾਰੀ ਸੇਵਾਵਾਂ ਆਪਣੀ ਡਿਜ਼ਾਈਨਾਂ ਲਈ ਕਰਾਈ ਤੇ ਪ੍ਰਬੰਧਿਤ ਕਰ ਸਕਦੇ ਹਨ

## ਮਨੋਰੰਜਨ ਅਤੇ ਕੋਮਲ ਕਲਾਵਾਂ

ਅੱਜਕੱਲ੍ਹ ਵੱਡੀ ਪੱਧਰ ਤੇ ਮਲਟੀਮੀਡੀਆ ਨੂੰ ਮਨੋਰੰਜਨ ਇੰਡਸਟਰੀ ਭਾਵ ਫ਼ਿਲਮ ਇੰਡਸਟਰੀ ਲਈ ਵਰਤਿਆ ਜਾ ਰਿਹਾ ਹੈ ਇਸ ਦੀ ਵਿਸ਼ੇਸ਼ ਵਰਤੋਂ ਫ਼ਿਲਮਾਂ ਤੇ ਐਨੀਮੇਸ਼ਨ ਦੀ ਸਮਾਜਿਕ ਪ੍ਰਭਾਵਾਂ ਨੂੰ ਉਸਾਰਨ ਲਈ ਕੀਤੀ ਜਾਂਦੀ ਹੈ ਇਸ ਤੋਂ ਬਿਨਾਂ ਮਲਟੀਮੀਡੀਆ ਖੇਡਾਂ ਵੀ ਬੀਤੇ ਵਿਚ ਕਾਫ਼ੀ ਪ੍ਰਸਿੱਧ ਸਨ ਤੇ ਹੁਣ ਸਾਫ਼ਟਵੇਅਰ ਪ੍ਰੋਗਰਾਮਾਂ ਵਿੱਚ ਪ੍ਰਾਪਤ ਹਨ




ਜਾਂ ਜਿਵੇਂ ਸੀਡੀ ਰੋਮਸ ਜਾਂ ਆਨਲਾਈਨ ਤੇ ਉਪਲਬਧ ਹਨ ਕੁਝ ਵੀਡਿਓ ਗੇਮਾਂ ਵੀ ਮਲਟੀਮੀਡੀਆ ਵਿਸ਼ੇਸ਼ਤਾਵਾਂ ਲਈ ਵਰਤੀਆਂ ਜਾਂਦੀਆਂ ਹਨ

## ਦਸਤਾਵੇਜ਼ਾਂ ਦੀ ਨਕਲ

ਦਸਤਾਵੇਜ਼ੀ ਨਕਲ ਇਕ ਅਜਿਹੀ ਤਕਨੀਕ ਹੈ ਜਿਸ ਰਾਹੀਂ ਕਿਸੇ ਵੀ ਵਰਕਰ ਦੀ ਤਸਵੀਰ ਦੀ ਭਾਵ ਦਸਤਾਵੇਜ਼ ਦੀ ਕਾਪੀ ਪ੍ਰਿੰਟ ਹਾਸਲ ਕੀਤਾ ਜਾ ਸਕਦਾ ਹੈ ਅਤੇ ਫਿਰ ਕਿਸੇ ਅੰਕ ਰੂਪ ਵਿੱਚ ਤਬਦੀਲ ਵੀ ਕੀਤਾ ਜਾ ਸਕਦਾ ਹੈ ਉਦਾਹਰਣ ਲਈ ਉਸ ਲਿਖਤ ਦ੍ਰਿਸ਼ ਜਾਂ ਦਸਤਾਵੇਜ ਨੂੰ ਸਕੈਨ ਕਰਕੇ ਸਾਂਭਿਆ ਜਾ ਸਕਦਾ ਹੈ ਇਸ ਤੋਂ ਪਿੱਛੋਂ ਲੋੜ ਅਨੁਸਾਰ ਸਕੈਨ ਕੀਤੇ ਦਸਤਾਵੇਜ਼ ਨੂੰ ਲੋੜ ਅਨੁਸਾਰ ਸੋਧਿਆ ਵਧਾਇਆ ਜਾਂ ਘਟਾਇਆ ਜਾ ਸਕਦਾ ਹੈ

## ਮਲਟੀਮੀਡੀਆ ਦੀ ਤਕਨਾਲੋਜੀ

ਮਲਟੀਮੀਡੀਆ ਵਿਚਲੀਆਂ ਵਧੀਆ ਡਿਜੀਟਲ ਵੀਡੀਓ ਨੂੰ ਬਣਾਉਣ ਲਈ ਮਿਲੀਅਨ ਬਿੱਟ ਦੀ ਜ਼ਰੂਰਤ ਪੈਂਦੀ ਹੈ ਮਲਟੀਮੀਡੀਆ ਦੇ ਦਸਤਾਵੇਜ਼ਾਂ ਨੂੰ ਚਲਾਉਣ ਲਈ ਕੁਝ ਖ਼ਾਸ ਸਾਫ਼ਟਵੇਅਰਾਂ ਦੀ ਵਰਤੋਂ ਕੀਤੀ ਜਾਂਦੀ ਹੈ ਅਜੋਕੇ ਸਮੇਂ ਵਿੱਚ ਦੋ ਮਸ਼ਹੂਰ ਤਕਨੀਕਾਂ ਖੜੀਆਂ ਤਸਵੀਰਾਂ ਲਈ ਜੇ ਪੀ ਈ ਜੀ ਅਤੇ ਚਲੰਤ ਤਸਵੀਰਾਂ ਜਾਂ ਵੀਡੀਓ ਲਈ ਐਮ ਪੀ ਈ ਦੀ ਜ਼ਿਆਦਾ ਵਰਤੋਂ ਵਿੱਚ ਆਉਂਦੀਆਂ ਹਨ

## ਜੇ ਪੀ ਈ ਜੀ

ਜੀ ਪੀ ਏ ਦੀ ਤਕਨਾਲੋਜੀ ਨਾਲ ਤਸਵੀਰਾਂ ਤਿਆਰ ਕੀਤੀਆਂ ਜਾਂਦੀਆਂ ਹਨ ਜੋ ਦਸਤਾਵੇਜ਼ ਵਿਚ ਤਕਨਾਲੋਜੀ ਵਿਚ ਤਿਆਰ ਕੀਤੇ ਜਾਂਦੇ ਹਨ ਇਨ੍ਹਾਂ ਦਸਤਾਵੇਜ਼ਾਂ ਨਾਲ ਜੀ ਪੀ ਜੀ ਅਸਲ ਵਿੱਚ ਜੇ ਪੀ ਦੀ ਤਕਨੀਕ ਜ਼ਿਆਦਾਤਰ ਤਸਵੀਰਾਂ ਨੂੰ ਸੰਭਾਲ ਕੇ ਰੱਖਣ ਲਈ ਤਸਵੀਰਾਂ ਦੇ ਆਦਾਨ ਪ੍ਰਦਾਨ ਲਈ ਅਤੇ ਈ ਮੇਲ ਇੰਟਰਨੈੱਟ ਉੱਤੇ ਭੇਜਣ ਆਦਿ ਲਈ ਵਰਤੀ ਜਾਂਦੀ ਹੈ

## ਐਮ ਪੀ ਈ ਜੀ

ਐਮ ਪੀ ਈ ਜੀ ਤਕਨਾਲੋਜੀ ਦੀ ਵਰਤੋਂ ਚਲਚਿੱਤਰ ਤਸਵੀਰਾਂ ਜਾਂ ਫ਼ਿਲਮਾਂ ਦੀ ਤਿਆਰੀ ਲਈ ਕੀਤੀ ਜਾਂਦੀ ਹੈ

## ਐਮ ਪੀ ਈ ਜੀ

ਤਕਨਾਲੋਜੀ ਦੀ ਵਰਤੋਂ ਨਾਲ ਵੀ ਸੀ ਡੀ ਐਮ ਪੀ ਥ੍ਰੀ ਵੀਡੀਓ ਤਿਆਰ ਕੀਤੀ ਜਾਂਦੀ ਹੈ

## ਐੱਮ ਪੀ ਈ ਜੀ

ਐੱਨ ਪੀ ਈ ਜੀ ਟੂ ਤਕਨਾਲੋਜੀ ਦੀ ਸਹਾਇਤਾ ਨਾਲ ਡੀਵੀਡੀ ਬਣਾਈ ਜਾਂਦੀ ਹੈ ਅਤੇ ਡੀ ਵੀ ਪੀ ਕੀਤੀ ਜਾਂਦੀ ਹੈ ਇਸ ਦੇ ਨਾਲ ਹੀ ਇਸ ਤਕਨਾਲੋਜੀ ਨਾਲ ਵੀਡੀਓ ਅਤੇ ਆਡੀਓ ਨੂੰ ਟੈਲੀਵਿਜ਼ਨ ਦੀ ਗੁਣਤਾ ਤੇ ਪ੍ਰਸਾਰਤ ਕਰਨ ਲਈ ਵਰਤਿਆ ਜਾਂਦਾ ਹੈ

## ਐਮ ਪੀ ਈ ਜੀ

ਐਮ ਪੀ ਜੀ ਥ੍ਰੀ ਤਕਨਾਲੋਜੀ ਐਮ ਪੀ ਈ ਜੀ ਟੂ ਦਾ ਵਿਸਤਰਤ ਰੂਪ ਹੈ

## ਸਾਰੰਸ਼ :

ਉਪਰੋਕਤ ਦੀ ਲੋਅ ਵਿਚ ਕਿਹਾ ਜਾ ਸਕਦਾ ਹੈ ਕਿ ਕੰਪਿਊਟਰ ਤਕਨਾਲੋਜੀ ਅਤੇ ਮਲਟੀਮੀਡੀਆ ਨੇ ਸੰਸਾਰ ਨੂੰ ਬਹੁਤ ਹੀ ਅੱਗੇ ਲਿਜਾਣ ਵਿਚ ਰੋਲ ਅਦਾ ਕੀਤਾ ਹੈ ਜਿੱਥੇ ਸੂਚਨਾਵਾਂ ਨੂੰ ਜਲਦੀ ਜਲਦੀ ਲਿਆ ਅਤੇ ਦਿੱਤਾ ਜਾ ਸਕਦਾ ਹੈ ਉੱਥੇ ਆਨਲਇਨ ਕਾਰਜ ਵੀ ਕੀਤੇ ਜਾ ਸਕਦੇ ਹਨ ਲਿਖਤ ਪੜਤ ਗੱਲ ਕਿ ਅਜੋਕੇ ਸਮੇ ਵਿਚ ਹਰਇਕ ਪੱਧਰ ਤੇ ਤਕਨਾਲੋਜੀ ਨੇ ਆਪਣੀ ਜਗ੍ਹਾ ਬਣਾ ਲਈ ਹੈ। ਸਿੱਖਿਆ ਦੇ ਖੇਤਰ ਚ ਮਲਟੀਮੀਡੀਆ ਕੰਪਿਊਟਰ ਆਧਾਰਿਤ ਟ੍ਰੇਨਿੰਗ ਦੇ ਕੋਰਸਾਂ ਨੂੰ ਤਿਆਰ ਕਰਨ ਲਈ ਵਰਤਿਆ ਜਾਂਦਾ ਹੈ ਜਿਸ ਨੂੰ ਸੀਬੀਟੀ ਕਿਹਾ ਜਾਂਦਾ ਹੈ ਇਸ ਤੋਂ ਬਿਨਾਂ ਰੈਫਰੈੱਸ਼ ਕਿਤਾਬਾਂ ਜਿਵੇਂ ਕਿ ਐਨਸਾਈਕਲੋਪੀਡੀਆ ਡਿਕਸ਼ਨਰੀਆਂ ਜਾਂ ਹੋਰ ਮਹੱਤਵਪੂਰਨ ਪੁਸਤਕਾਂ ਅਤੇ ਮਟੀਰੀਅਲ ਆਦਿ ਸ਼ਾਮਿਲ ਹੈ ਇਸ ਤੋਂ ਇਲਾਵਾ ਨਵੀਆਂ ਸੰਚਾਰ ਤਕਨੀਕਾਂ ਪੈਦਾਵਾਰ ਕਰਨ ਵਾਲੇ ਪੱਤਰਕਾਰ ਲਈ ਵੀ ਵਿਕਾਸ ਕੀਤਾ ਜਾ ਰਿਹਾ ਹੈ ਸਾਂਝੇ ਭਾਸ਼ਾ ਪ੍ਰੋਜੈਕਟਾਂ ਨੂੰ ਇਸ ਕਿਸਮ ਦੀ ਮਲਟੀਮੀਡੀਆ ਪੱਤਰਕਾਰੀ ਪੈਦਾਵਾਰ ਲਈ ਉਦਾਹਰਣ ਦੇ ਤੌਰ ਤੇ ਵੇਖਿਆ ਜਾ ਸਕਦਾ ਹੈ ਖ਼ਬਰਾਂ ਅਤੇ ਚਲੰਤ ਮਸਲਿਆਂ ਨਾਲ ਸੰਬੰਧਿਤ ਸੂਚਨਾਵਾਂ ਵੈੱਬਸਾਈਟਾਂ ਉੱਤੇ ਵੱਡੀ ਪੱਧਰ ਤੇ ਰੋਜ਼ਾਨਾ ਉਪਲੱਬਧ ਹੋ ਰਹੀਆਂ ਹਨ

## ਮੁੱਖ/ਕੇਂਦਰੀ ਸ਼ਬਦ:

ਮਲਟੀਮੀਡੀਆ---ਧੁਨੀਆ ਵਾਲ ਸੰਚਾਰ ਸਾਧਨ

ਇੰਟਰਨੈੱਟ---ਕੰਪਿਊਟਰ ਦਾ ਸੰਚਾਰ ਜਾਂ ਤਾਣਾ ਬਾਣਾ

ਚੈਟ---ਬਾਤ ਚੀਤ

ਈ-ਮੇਲ---ਸੰਚਾਰ ਸਾਧਨ

ਜਨਰਲਿਜ਼ਮ---ਪੱਤਰਕਾਰੀ

ਸੀਬੀਟੀ--- ਕੰਪਿਊਟਰ ਟ੍ਰੇਨਿੰਗ

## ਸਵੈ-ਮੁਲਾਂਕਣ:

1. ਕੰਪਿਊਟਰ ਇਕ ........................ ਮਸ਼ੀਨ ਹੁੰਦੀ ਹੈ

   ੳ. Programmable

   ਅ. ਕਿਰਿਆਤਮਕ

   ੲ. ਵਿਹਲਾ ਸਮਾਂ

   ਸ.ਕੋਈ ਵੀ ਨਹੀਂ

2. .............. ਸੂਚਨਾ ਦੇ ਯੁੱਗ ਵਿਚ ਬਹੁਤ ਤੇਜ਼ੀ ਨਾਲ ਵਿਕਾਸ ਹੋ ਰਿਹਾ ਹੈ

   ੳ. ਲਿਖਣ ਪ੍ਰਣਾਲੀ

   ਅ. ਕੰਪਿਊਟਰ ਤਕਨਾਲੋਜੀ ਦਾ

   ੲ. ਮੈਡੀਕਲ ਤਕਨਾਲੋਜੀ

   ਸ.ਪੜ੍ਹਨ ਤਕਨਾਲੋਜੀ

3. ਕੰਪਿਊਟਰ ਤਕਨਾਲੋਜੀ ਦੇ ਖੇਤਰ ਵਿਚ ਬਿੱਲ ਗੇਟਸ ਦੁਆਰਾ ਕੀਤੀ ਗਈ ਖੋਜ ਨੂੰ ਕਿਹਾ ਜਾਂਦਾ ਹੈ

   ੳ. Inter Face

   ਅ. Inter

   ੲ. Surface

   ਸ. Deepface

4. ਕੰਪਿਊਟਰ ਦੇ ਖੇਤਰ ਵਿਚ ਵੱਡੀ ਖੋਜ ਹੈ

   ੳ. ਡੀਜੀਟਲ ਹਾਰਡਵੇਅਰ

   ਅ. ਡਿਜ਼ਾਵੈਬ ਕੈਮ

   ੲ. ਚਾਰਟ/ਗ੍ਰਾਫ

   ਸ. ਉਪਰੋਕਤ ਸਾਰੇ

5. ਆਧੁਨਿਕ ਯੁੱਗ ਵਿੱਚ ਜੇਕਰ ਮਨੁੱਖ ਕੋਲ ਇਹ ਤਕਨਾਲੋਜੀ ਦੇ ਸਾਧਨ ਖੋਹ ਲਏ ਜਾਣ ਤਾਂ ਮਨੁੱਖ ਦਾ ਜੀਵਨ ਮੁਸ਼ਕਲ ਹੋ ਜਾਵੇਗਾ

   ੳ. ਗ਼ਲਤ

   ਅ.ਸਹੀ

6. ਕੰਪਿਊਟਰ ਨੈੱਟਵਰਕ ਤਕਨਾਲੋਜੀ ਦੀਆਂ ਐਪਲੀਕੇਸ਼ਨਜ਼ ਹਨ

ੳ. ਈ ਮੇਲ

ਅ. .ਡਾਟਾ ਬੇਸ

ੲ. ਆਡੀਓ ਤੇ ਵੀਡੀਓ ਕਾਨਫ਼ਰੰਸ

ਸ.ਉਪਰੋਕਤ ਸਾਰੇ

7 . …………ਨੂੰ ਕੰਟਰੋਲ ਕਰਨ ਤੋਂ ਲੈ ਕੇ ……………….ਰਾਕੇਟ ਨੂੰ ਸੰਭਾਲਣ ਤਕ ਕੰਪਿਊਟਰ ਤਕਨਾਲੋਜੀ ਨਾਲ ਚਲਾਇਆ ਜਾਂਦਾ ਹੈ

ੳ. ਟ੍ਰੈਫਿਕ ਸਿਗਨਲ/ਪੁਲਾੜ ਵਿੱਚ

ਅ. ਕਿਰਿਆ /ਭਾਵ ਵਿਚ

ੲ. .ਸੂਚਨਾ /ਬੋਲਚਾਲ ਵਿੱਚ

ਸ. ਵਿਅਕਤੀ /ਪਹਿਲੂ ਵਿਚ

8.ਕੰਪਿਊਟਰ ਤਕਨਾਲੋਜੀ ਦੇ ਨੁਕਸਾਨਦਾਇਕ ਪਹਿਲੂ ਹਨ

ੳ. ਸਾਈਬਰ ਜੁਰਮ ਦਾ ਵਧਣਾ

ਅ..ਮਾਨਸਿਕ ਤਣਾਓ ਦਾ ਵਧਣਾ

ੲ. ਗਲਤ ਸੂਚਨਾਵਾਂ ਭੇਜਣੀਆਂ

ਸ. ਉਪਰੋਕਤ ਸਾਰੇ

9.ਮਲਟੀਮੀਡੀਆ ਸ਼ਬਦ ਹੈ

ੳ.ਪੰਜਾਬੀ

ਅ.ਅੰਗਰੇਜ਼ੀ

ੲ.ਲਾਤੀਨੀ

ਸ.ਜਰਮਨ

10.ਮਲਟੀਮੀਡੀਆ ਦੇ ਭਾਗ ਹਨ

ੳ. ਲਿਖਤ

ਅ. ਗ੍ਰਾਫਿਕਸ

ੲ. ਐਨੀਮੇਸ਼ਨ

ਸ .ਉਪਰੋਕਤ ਸਾਰੇ

11. ਮਲਟੀਮੀਡੀਆ ਤੱਤ ਹਨ

ੳ. ਸਿੱਖਿਆ

ਅ. ਪੱਤਰਕਾਰੀ

ੲ. ਇੰਜਨੀਅਰਿੰਗ

ਸ. ਉਪਰੋਕਤ ਸਾਰੇ

12. ਮਲਟੀਮੀਡੀਆ ਸ਼ਬਦ ਦੀ ਪਹਿਲੀ ਵਾਰ ਵਰਤੋਂ ਹੋਈ ਹੈ

ੳ. 1986

ਅ. 1966

ੲ. .1994.

ਸ.1999

13. ਮਲਟੀਮੀਡੀਆ ਦੀ ਪਹਿਲੀ ਵਾਰ ਵਰਤੋਂ ਕਿਸ ਨੇ ਕੀਤੀ

ੳ. ਬੋਬ ਗੋਲਡ ਸਟਾਇਨ

ਅ. ਗੌਲਫ ਨੇ

ੲ. ਰਿਚਰਡ ਨੇ

ਸ. ਕ੍ਰਿਸਟਲ ਨੇ

14.ਸਿੱਖਿਆ ਦੇ ਖੇਤਰ ਵਿੱਚ ਮਲਟੀਮੀਡੀਆ ਦੀ ਵਰਤੋਂ ਕੀਤੀ ਜਾਂਦੀ ਹੈ

ੳ. CBT

ਅ. .IT

ੲ. .BCT

ਸ.TCB

15. ਜੇ ਪੀ ਈ ਜੀ ਦੀ ਫੁਲ ਫਾਰਮ ਹੈ

ੳ. Joint photographic experts group

ਅ. Join photographic experts group

ੲ. Joint photography experts group

ਸ. Joint photo experts group

## ਅਭਿਆਸ ਪ੍ਰਸ਼ਨ

1. ਕੰਪਿਊਟਰ ਤੋਂ ਕੀ ਭਾਵ ਹੈ ਅਤੇ ਇਸ ਦੀ ਪਰਿਭਾਸ਼ਾ ਦੱਸੋ।
2. ਕੰਪਿਊਟਰ ਦੇ ਕੰਮਾਂ ਅਤੇ ਵਿਸ਼ੇਸ਼ਤਾਵਾਂ ਬਾਰੇ ਵਰਣਨ ਕਰੋ।
3. ਮਲਟੀਮੀਡੀਆ ਦੀ ਪਰਿਭਾਸ਼ਾ ਲਿਖੋ
4. ਮਲਟੀਮੀਡੀਆ ਦੇ ਤੱਤ,ਵਰਗ ਅਤੇ ਲੱਛਣਾਂ ਦਾ ਵਰਣਨ ਕਰੋ।
5. ਮਲਟੀਮੀਡੀਆ ਦਾ ਮਨੁੱਖੀ ਜ਼ਿੰਦਗੀ ਵਿਚ ਕੀ ਯੋਗਦਾਨ ਹੈ।

## ਸੰਦਰਭ ਪੁਸਤਕਾਂ:


- ਡਾ. ਹਰਬੰਸ ਸਿੰਘ ਧੀਮਾਨ, ਗਗਨਦੀਪ ਕੌਰ, ਕਾਰਜੀ ਪੰਜਾਬੀ ਤੇ ਸੂਚਨਾ ਟੈਕਨਾਲੋਜੀ, ਨਿਊ ਬੁੱਕ ਕੰਪਨੀ, ਜਲੰਧਰ, 2011.
- ਡਾ. ਸੀ.ਪੀ ਕੰਬੋਜ, ਪੰਜਾਬੀ ਭਾਸ਼ਾ ਦਾ ਕੰਪਿਊਟਰੀਕਰਨ, ਗਰੈਸ਼ੀਅਸ ਬੁੱਕ, ਪਟਿਆਲਾ, 2015.
- ਡਾ. ਸੀ.ਪੀ ਕੰਬੋਜ, ਕੰਪਿਊਟਰ ਵਿਗਿਆਨ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 2016.
- ਡਾ. ਸੀ.ਪੀ ਕੰਬੋਜ, ਅਜੋਕਾ ਫੋਨ ਸੰਸਾਰ, ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ, 2016.


## ਮਹੱਤਵਪੂਰਨ ਲਿੰਕ

https://www.punjabitribuneonline.com/news/archive/chandigarh/%E0%A8%95%E0%A9%B0%E0%A8%AA%E0%A8%BF%E0%A8%8A%E0%A8%9F%E0%A8%B0-%E0%A8%A4%E0%A8%95%E0%A8%A8%E0%A8%BE%E0%A8%B2%E0%A9%8B%E0%A8%9C%E0%A9%80-%E0%A8%9A-%E0%A8%AC%E0%A8%B9%E0%A9%81-%E0%A8%AD%E0%A8%BE%E0%A8%B6%E0%A8%BE%E0%A8%B5%E0%A8%BE%E0%A8%A6-%E0%A8%AC%E0%A8%BE%E0%A8%B0%E0%A9%87-%E0%A8%AE%E0%A8%B8%E0%A8%B2%E0%A8%BF%E0%A8%86%E0%A8%82-%E0%A8%A4%E0%A9%87-%E0%A8%9A%E0%A8%B0%E0%A8%9A%E0%A8%BE-629624

https://amp.pa.shops-com.pl/29243/1/%E0%A8%95%E0%A9%B0%E0%A8%AA%E0%A8%BF%E0%A8%8A%E0%A8%9F%E0%A8%B0.html

## ਉੱਤਰਮਾਲਾ

| | | | | |
|---|---|---|---|---|
| 1. ੳ | 2. ਅ | 3. ੲ | 4. ਸ | 5. ਅ |
| 6. ਸ | 7. ੲ | 8. ਸ | 9. ਅ | 10. ਸ |
| 11. ਸ | 12. ੳ | 13. ੳ | 14. ੳ | 15. ੳ |

**DPBI536**

# ਅਧਿਆਇ-3 : ਕੰਪਿਊਟਰ ਤਕਨਾਲੋਜੀ ਅਤੇ ਗੁਰਮੁੱਖੀ ਆਈ.ਪੀ.ਏ ਵਿਧੀ

ਵਿਸ਼ਾ ਵਸਤੂ (Content)

1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ
9. ਮੱਹਤਵਪੂਰਨ ਵੈੱਬਸਾਇਟਸ

## ਉਦੇਸ਼:

1. ਵਿਦਿਆਰਥੀ ਕੰਪਿਊਟਰ ਅਤੇ ਸੂਚਨਾ ਤਕਨੋਲੋਜੀ ਬਾਰੇ ਜਾਣਨਗੇ।
2. ਵਿਦਿਆਰਥੀ ਗੁਰਮੁੱਖੀ ਦਾ ਆਈ.ਪੀ.ਏ ਸਟਾਇਲ ਬਾਰੇ ਜਾਣਨਗੇ।
3. ਵਿਦਿਆਰਥੀ ਆਈ.ਪੀ.ਏ ਦੇ ਮਹੱਤਵ ਬਾਰੇ ਜਾਣਨਗੇ।

## ਪ੍ਰਸਤਾਵਨਾ:

ਜੇਕਰ ਮਨੁੱਖ ਤੋਂ ਤਕਨਾਲੋਜੀ ਦੇ ਸਾਧਨ ਜਿਵੇਂ ਕਿ ਕਾਰ, ਮਾਈਕਰੋਵੇਵ, ਮੋਬਾਇਲ ਫੋਨ, ਕੰਪਿਊਟਰ, ਟੈਲੀਵਿਜ਼ਨ ਆਦਿ ਖੋਹ ਲਏ ਜਾਣ ਤਾਂ ਮਨੁੱਖੀ ਜੀਵਨ ਬਹੁਤ ਮੁਸ਼ਕਿਲ ਲਗਦਾ ਹੈ ਕੁਝ ਲੋਕ ਸਮਝਦੇ ਹਨ ਕਿ ਕੰਪਿਊਟਰ ਦੀ ਆਮਦ ਨਾਲ ਮਨੁੱਖੀ ਜ਼ਿੰਦਗੀ ਬਹੁਤ ਸੁਖਾਵੀਂ ਅਤੇ ਤੇਜ਼ ਹੋ ਗਈ ਹੈ ਪ੍ਰੰਤੂ ਕੁਝ ਦਾ ਮੰਨਣਾ ਹੈ ਕਿ ਇਸ ਨਾਲ ਜ਼ਿੰਦਗੀ ਗੁੰਝਲਦਾਰ ਅਤੇ ਤਣਾਓ ਭਰਪੂਰ ਹੋ ਗਈ ਹੈ ਸੰਨ 1980 ਦੇ ਦਹਾਕੇ ਵਿੱਚ ਕੰਪਿਊਟਰ ਤਕਨਾਲੋਜੀ ਨੇ ਕਈ ਤਰੀਕਿਆਂ ਨਾਲ ਮਨੁੱਖੀ ਜ਼ਿੰਦਗੀ ਵਿੱਚ ਦਖ਼ਲ ਦੇਣਾ ਸ਼ੁਰੂ ਕਰ ਦਿੱਤਾ ਸੀ ਪਹਿਲਾਂ ਦੋ ਦਹਾਕਿਆਂ ਵਿੱਚ ਤਕਨੀਕੀ ਪੁਰਜ਼ਿਆਂ ਦੀ ਕੀਮਤ ਬਹੁਤ ਜ਼ਿਆਦਾ ਹੁੰਦੀ ਸੀ ਪ੍ਰੰਤੂ ਤਕਨਾਲੋਜੀ ਦੀ ਖੋਜ ਨਾਲ ਪੁਰਜ਼ਿਆਂ ਦੀ ਕੀਮਤ ਪੁਰਜ਼ਿਆਂ ਦੀ ਮੁਰੰਮਤ ਦੀ ਕੀਮਤ ਵਿੱਚ ਬਹੁਤ ਗਿਰਾਵਟ ਆਈ ਹੈ ਇੱਕੀਵੀਂ ਸਦੀ ਦੇ ਸ਼ੁਰੂ ਵਿੱਚ ਕੰਪਿਊਟਰ ਨੇ ਹਰ ਖੇਤਰ ਵਿੱਚ ਆਪਣੀ ਵੱਖਰੀ ਪਹਿਚਾਣ ਬਣਾ ਲਈ ਹੈ

## ਵਿਸ਼ਾ

ਕੰਪਿਊਟਰ ਇੱਕ ਪ੍ਰੋਗਰਾਮਏਬਲ ਮਸ਼ੀਨ ਹੁੰਦੀ ਹੈ ਜੋ ਕਿ ਦਿੱਤੀ ਸੂਚਨਾ ਨੂੰ ਲੋੜੀਂਦੇ ਫਾਰਮੈਟ ਵਿਚ ਤਬਦੀਲ ਕਰਨ ਵਿੱਚ ਸਹਾਇਕ ਹੁੰਦੀ ਹੈ ਤੇ ਕੰਪਿਊਟਰ ਤਕਨਾਲੋਜੀ ਸਪੈਸ਼ਲ ਤਰ੍ਹਾਂ ਦੇ ਕਾਰਜ ਕਰਨ ਵਾਲੇ ਕੰਪਿਊਟਰਾਂ ਨੂੰ ਤਿਆਰ ਕਰਨ ਵਾਲੀ ਤਕਨਾਲੋਜੀ ਹੈ

ਕੰਪਿਊਟਰ ਤਕਨਾਲੋਜੀ ਦਾ ਅੱਜ ਸੂਚਨਾ ਦੇ ਯੁੱਗ ਚ ਬਹੁਤ ਤੇਜ਼ੀ ਨਾਲ ਵਿਕਾਸ ਹੋ ਰਿਹਾ ਹੈ ਅੱਜ ਦੇ ਸਮੇਂ ਕੰਪਿਊਟਰ ਦੀ ਮਦਦ ਨਾਲ ਕਈ ਤਰ੍ਹਾਂ ਕਾਰਜ ਜਿਨ੍ਹਾਂ ਨੂੰ ਸੰਪੂਰਨ ਕਰਨ ਵਿੱਚ ਪੁਰਾਤਨ ਸਮਿਆਂ ਵਿੱਚ ਮਹੀਨੇ ਲੱਗ ਜਾਂਦੇ ਸਨ ਕੰਪਿਊਟਰ ਤਕਨਾਲੋਜੀ ਦੀ ਮਦਦ ਨਾਲ ਬਹੁਤ ਘੱਟ ਸਮੇਂ ਵਿਚ ਪੂਰੇ ਕੀਤੇ ਜਾ ਸਕਦੇ ਹਨ ਸੂਚਨਾ ਦੇ ਖੇਤਰ ਚ ਕੰਪਿਊਟਰ ਤਕਨਾਲੋਜੀ ਨੂੰ ਦੋ ਵਰਗਾਂ ਵਿੱਚ ਰੱਖਿਆ ਗਿਆ ਹੈ ਤਕਨਾਲੋਜੀ ਦੀਆਂ ਨਵੀਆਂ ਖੋਜਾਂ ਅਤੇ ਦੂਜਾ ਤਕਨਾਲੋਜੀ ਦੀਆਂ ਨਵੀਆਂ ਵੱਡੀਆਂ ਖੋਜਾਂ

ਨਵੀਂਆਂ ਖੋਜਾਂ

ਕੰਪਿਊਟਰ ਤਕਨਾਲੋਜੀ ਦੇ ਖੇਤਰ ਚ ਬਿਲ ਗੇਟਸ ਦੁਆਰਾ ਕੀਤੀ ਗਈ ਖੋਜ ਜਿਸ ਨੂੰ ਸਰਫ਼ੇਸ ਦਾ ਨਾਂ ਦਿੱਤਾ ਗਿਆ ਬਹੁਤ ਸ਼ਲਾਘਾਯੋਗ ਹੈ ਪੰਜ ਸਾਲਾਂ ਵਿਚ ਪੂਰੀ ਕੀਤੀ ਗਈ ਇਸ ਖੋਜ ਸਦਕਾ ਕੰਪਿਊਟਰ ਦੇ ਖੇਤਰ ਵਿੱਚ ਮਾਊਸ ਦੀ ਥਾਂ ਸਰਫੇਸ ਦੀ ਵਰਤੋਂ ਕੀਤੀ ਗਈ ਜਿਸ ਵਿਚ ਮਨੁੱਖੀ ਸਰੀਰ ਦੀਆਂ ਤਰੰਗਾਂ ਅਤੇ ਛੋਹਾਂ ਸਦਕਾ ਕਾਰਜ ਕੀਤੇ ਜਾਂਦੇ ਹਨ ਨਵੰਬਰ ਦੋ ਹਜਾਰ ਸੱਤ ਨੂੰ ਸਰਫੇਸ ਤਕਨੀਕ ਹੱਥਾਂ ਅਤੇ ਉਂਗਲੀਆਂ ਦੀਆਂ ਛੋਹਾਂ ਉੱਤੇ ਕੰਮ ਕਰਦੀ ਹੈ ਇਸ ਤਰ੍ਹਾਂ ਸਰਫੇਸ ਵਿੱਚ ਵਰਤੇ ਜਾਣ ਵਾਲੇ ਹਾਰਡਵੇਅਰ ਮਾਈਕ੍ਰੋਸਾਫਟ ਵਿੰਡੋਜ਼ ਵਿਸਟਾ ਦੇਸ਼ ਸਪੈਸ਼ਲ ਵਰਜਨ ਲਈ ਹੀ ਕੰਮ ਕਰਦਾ ਹੈ ਸਰਫੇਸ ਤੋਂ ਬਿਨਾਂ ਕੰਪਿਊਟਰ ਤਕਨਾਲੋਜੀ ਦੇ ਖੇਤਰ ਵਿੱਚ ਐਪਲ ਟੀਵੀ ਦੀ ਖੋਜ ਵੀ ਨਵੀਂ ਮੰਨੀ ਜਾਂਦੀ ਹੈ ਜਿਸ ਵਿੱਚ ਕੰਪਿਊਟਰ ਅਤੇ ਟੈਲੀਵਿਜ਼ਨ ਨੂੰ ਆਪਸ ਵਿੱਚ ਜੋੜ ਦਿੱਤਾ ਜਾਂਦਾ ਹੈ ਇਸ ਤਕਨੀਕ ਨੂੰ ਐਪਲ ਟੀਵੀ ਜਾਂ ਆਈ ਟੀ ਵੀ ਕਿਹਾ ਜਾਂਦਾ ਹੈ ਇਸ ਤਕਨੀਕ ਵਿੱਚ ਕੰਪਿਊਟਰ ਜਾਂ ਇੰਟਰਨੈੱਟ ਤੋਂ ਚੱਲ ਰਹੇ ਪ੍ਰੋਗਰਾਮ ਟੀਵੀ ਉਤੇ ਦੇਖੇ ਜਾਂਦੇ ਹਨ

### ਵੱਡੀਆਂ ਖੋਜਾਂ

ਕੰਪਿਊਟਰ ਖੇਤਰ ਵਿੱਚ ਡਿਜੀਟਲ ਹਾਰਡਵੇਅਰ ਦੀ ਖੋਜ ਬਹੁਤ ਵੱਡੀ ਅਤੇ ਸ਼ਲਾਘਾਯੋਗ ਖੋਜ ਮੰਨੀ ਜਾਂਦੀ ਹੈ ਜਿਵੇਂ ਕਿ ਡਿਜੀਟਲ ਸਕੈਨਰ ਆਦਿ ਇਨ੍ਹਾਂ ਡਿਜੀਟਲ ਸਕੈਨਰਾਂ ਦੀ ਮਦਦ ਨਾਲ ਮਹੱਤਵਪੂਰਨ ਸੂਚਨਾ ਆਮ ਜਨਤਾ ਵਿੱਚ ਬਹੁਤ ਆਸਾਨੀ ਨਾਲ ਪਹੁੰਚਾਈ ਜਾ ਸਕਦੀ ਹੈ

ਇਨ੍ਹਾਂ ਵੱਡੀਆਂ ਖੋਜਾਂ ਵਿੱਚ ਵੈੱਬ ਕੈਮਰਾ ਜਾਂ ਵੈੱਬ ਕਾਮ ਦੀ ਖੋਜ ਸਦਕਾ ਕੰਪਿਊਟਰ ਤਕਨਾਲੋਜੀ ਦਾ ਹੋਰ ਵੀ ਜ਼ਿਆਦਾ ਵਿਕਾਸ ਹੋਇਆ ਇਸ ਖੋਜ ਸਦਕਾ ਕੋਈ ਵੀ ਵਿਅਕਤੀ ਸੰਸਾਰ ਪੱਧਰ ਤੇ ਕਿਸੇ ਦੂਜੀ ਥਾਂ ਉੱਤੇ ਬੈਠੇ ਵਿਅਕਤੀ ਨਾਲ ਬਹੁਤ ਆਸਾਨੀ ਨਾਲ ਗੱਲਬਾਤ ਕਰ ਸਕਦਾ ਹੈ ਇਸ ਖੋਜ ਦਾ ਸਭ ਤੋਂ ਜ਼ਿਆਦਾ ਫ਼ਾਇਦਾ ਵਪਾਰਕ ਪੱਧਰ ਉੱਤੇ ਸਿੱਖਿਆ ਖੇਤਰ ਵਿੱਚ ਹੋਇਆ ਮੰਨਿਆ ਜਾਂਦਾ ਹੈ ਅਤੇ ਇਸ ਵਿੱਚ ਹਰ ਕਿਸਮ ਦੀਆਂ ਤਸਵੀਰਾਂ ਚਾਰਟ ਗਰਾਫ ਅਤੇ ਸਬੰਧਤ ਖੇਤਰ ਵਿੱਚ ਨਵੇਂ ਨਵੇਂ ਵਿਚਾਰਾਂ

ਦਾ ਆਪਸ ਵਿੱਚ ਆਦਾਨ ਪ੍ਰਦਾਨ ਕੀਤਾ ਜਾਂਦਾ ਹੈ ਇਸ ਤਕਨੀਕ ਵਿੱਚ ਕੀਤੀ ਜਾਣ ਵਾਲੀ ਗੱਲਬਾਤ ਅਤੇ ਤਸਵੀਰਾਂ ਰਿਕਾਰਡ ਕਰਕੇ ਸੰਭਾਲੀ ਵੀ ਜਾ ਸਕਦੀ ਹੈ

ਜ਼ਿਆਦਾਤਰ ਡਿਜੀਟਲ ਯੰਤਰਾਂ ਵਿਚ ਬਾਇਨਰੀ ਕੋਡ ਦਾ ਇਸਤੇਮਾਲ ਕੀਤਾ ਜਾਂਦਾ ਹੈ ਜਿਸ ਵਿਚ ਸਿਫਰ ਅਤੇ ਇਕ ਦੀ ਵਰਤੋਂ ਹੁੰਦੀ ਹੈ ਇਸ ਦੋ ਨੰਬਰੀ ਕੋਡ ਤੋਂ ਭਾਵ ਹੈ ਸੂਚਨਾ ਲਈ ਸਭ ਤੋਂ ਵੱਡਾ ਅੰਕ ਜ਼ੀਰੋ ਹੁੰਦਾ ਹੈ ਅਤੇ ਸਭ ਤੋਂ ਵੱਡਾ ਅੰਕ ਇੱਕ ਹੁੰਦਾ ਹੈ ਇਸ ਤੋਂ ਬਿਨਾਂ ਹੋਰ ਕੋਈ ਵੀ ਅੰਕ ਵਰਤੋਂ ਵਿੱਚ ਨਹੀਂ ਲਿਆਂਦਾ ਜਾਂਦਾ ਕੰਪਿਊਟਰ ਇੱਕ ਮਸ਼ੀਨ ਹੈ ਜੋ ਮਨੁੱਖੀ ਬੋਲਚਾਲ ਵਾਲੀ ਭਾਸ਼ਾ ਨੂੰ ਨਹੀਂ ਸਮਝ ਸਕਦੀ ਇਸ ਲਈ ਕੰਪਿਊਟਰ ਕਮਪਾਈਲਰ ਵੱਲੋਂ ਮਨੁੱਖੀ ਭਾਸ਼ਾ ਨੂੰ ਕੰਪਿਊਟਰ ਵੱਲੋਂ ਸਮਝੀ ਜਾਣ ਵਾਲੀ ਅੰਕੀ ਭਾਸ਼ਾ ਵਿੱਚ ਤਬਦੀਲ ਕੀਤਾ ਜਾਂਦਾ ਹੈ ਅਤੇ ਫੇਰ ਉਸ ਅੰਕੀ ਭਾਸ਼ਾ ਉੱਤੇ ਵੱਖ ਵੱਖ ਤਰ੍ਹਾਂ ਦੇ ਅਪਰੇਸ਼ਨ ਕੀਤੇ ਜਾਂਦੇ ਹਨ ਆਪਰੇਸ਼ਨ ਪੂਰਾ ਹੋਣ ਪਿੱਛੋਂ ਦੁਬਾਰਾ ਅੰਕੀ ਭਾਸ਼ਾ ਨੂੰ ਮਨੁੱਖ ਦੇ ਸਮਝਣਯੋਗ ਭਾਸ਼ਾ ਵਿਚ ਤਬਦੀਲ ਕੀਤਾ ਜਾਂਦਾ ਹੈ ਇਹ ਤਬਦੀਲ ਕਰਨ ਦਾ ਕਾਰਜ ਬਹੁਤ ਤੇਜ਼ੀ ਨਾਲ ਹੁੰਦਾ ਹੈ

### ਕੰਪਿਊਟਰ ਤਕਨਾਲੋਜੀ ਦੀਆਂ ਵਿਸ਼ੇਸ਼ਤਾਵਾਂ

ਅੱਜ ਸੂਚਨਾ ਦੇ ਯੁੱਗ ਵਿੱਚ ਤਕਨਾਲੋਜੀ ਤੋਂ ਬਿਨਾਂ ਮਨੁੱਖ ਦਾ ਕਿਆਸਿਆ ਜਾਣਾ ਵੀ ਮੁਸ਼ਕਲ ਜਾਪਦਾ ਹੈ ਜੇਕਰ ਮਨੁੱਖ ਤੋਂ ਤਕਨਾਲੋਜੀ ਦੇ ਸਾਧਨ ਜਿਵੇਂ ਕਿ ਕਾਰ, ਮਾਈਕਰੋਵੇਵ, ਮੋਬਾਇਲ ਫੋਨ, ਕੰਪਿਊਟਰ, ਟੈਲੀਵਿਜ਼ਨ ਆਦਿ ਖੋਹ ਲਏ ਜਾਣ ਤਾਂ ਮਨੁੱਖੀ ਜੀਵਨ ਬਹੁਤ ਮੁਸ਼ਕਿਲ ਲਗਦਾ ਹੈ ਕੁਝ ਲੋਕ ਸਮਝਦੇ ਹਨ ਕਿ ਕੰਪਿਊਟਰ ਦੀ ਆਮਦ ਨਾਲ ਮਨੁੱਖੀ ਜ਼ਿੰਦਗੀ ਬਹੁਤ ਸੁਖਾਵੀਂ ਅਤੇ ਤੇਜ਼ ਹੋ ਗਈ ਹੈ ਪ੍ਰੰਤੂ ਕੁਝ ਦਾ ਮੰਨਣਾ ਹੈ ਕਿ ਇਸ ਨਾਲ ਜ਼ਿੰਦਗੀ ਗੁੰਝਲਦਾਰ ਅਤੇ ਤਣਾਓ ਭਰਪੂਰ ਹੋ ਗਈ ਹੈ ਸੰਨ 1980 ਦੇ ਦਹਾਕੇ ਵਿੱਚ ਕੰਪਿਊਟਰ ਤਕਨਾਲੋਜੀ ਨੇ ਕਈ ਤਰੀਕਿਆਂ ਨਾਲ ਮਨੁੱਖੀ ਜ਼ਿੰਦਗੀ ਵਿੱਚ ਦਖ਼ਲ ਦੇਣਾ ਸ਼ੁਰੂ ਕਰ ਦਿੱਤਾ ਸੀ ਪਹਿਲਾਂ ਦੋ ਦਹਾਕਿਆਂ ਵਿੱਚ ਤਕਨੀਕੀ ਪੁਰਜ਼ਿਆਂ ਦੀ ਕੀਮਤ ਬਹੁਤ ਜ਼ਿਆਦਾ ਹੁੰਦੀ ਸੀ ਪ੍ਰੰਤੂ ਤਕਨਾਲੋਜੀ ਦੀ ਖੋਜ ਨਾਲ ਪੁਰਜ਼ਿਆਂ ਦੀ ਕੀਮਤ ਪੁਰਜ਼ਿਆਂ ਦੀ ਮੁਰੰਮਤ ਦੀ ਕੀਮਤ ਵਿੱਚ ਬਹੁਤ ਗਿਰਾਵਟ ਆਈ ਹੈ ਇੱਕੀਵੀਂ ਸਦੀ ਦੇ ਸ਼ੁਰੂ ਵਿੱਚ ਕੰਪਿਊਟਰ ਨੇ ਹਰ ਖੇਤਰ ਵਿੱਚ ਆਪਣੀ ਵੱਖਰੀ ਪਹਿਚਾਣ ਬਣਾ ਲਈ ਹੈ ਅਤੇ ਦਿਨ ਬ ਦਿਨ ਵਿੱਚ ਮਨੁੱਖੀ ਜ਼ਿੰਦਗੀ ਵਿੱਚ ਘੁਲ ਮਿਲ ਰਿਹਾ ਹੈ ਵਿਸ਼ੇਸ਼ਤਾਵਾਂ ਦੇ ਕੁਝ ਖ਼ਾਸ ਕਾਰਨਾਂ ਵਿਚੋਂ ਦੋ ਤੱਥ ਹੋਰ ਮੰਨੇ ਜਾ ਸਕਦੇ ਹਨ ਜਿਵੇਂ ਕਿ ਕੰਪਿਊਟਰ ਰਾਹੀਂ ਮਨੁੱਖ ਨਾਲੋਂ ਤੇਜ਼ ਅਤੇ ਸਹੀ ਹਿਸਾਬ ਗਿਣਤੀ ਮੁਲਾਂਕਣ ਕਰਨਾ ਅਤੇ ਸੰਪਰਕ ਕਾਇਮ ਕਰਨ ਵਿਚ ਸਸਤਾ ਤੇ ਆਸਾਨ ਤਰੀਕਾ ਈਮੇਲ ਮੰਨਿਆ ਜਾਂਦਾ ਹੈ

ਕੰਪਿਊਟਰ ਤਕਨਾਲੋਜੀ ਦੀ ਆਮਦ ਸਿੱਖਿਆ ਖੇਤਰ ਵਿੱਚ ਸੰਨ 1980 ਦੇ ਦਹਾਕੇ ਵਿੱਚ ਹੋਈ ਜਦੋਂ ਕਿ ਇੰਟਰਨੈੱਟ ਦੀ ਆਮਦ ਨਾਲ ਕੰਪਿਊਟਰ ਨੂੰ ਇਕ ਮਸ਼ੀਨ ਤੋਂ ਵੱਧ ਸੂਚਨਾ ਨੂੰ ਵਰਤਣ ਵਾਲੀ ਮਸ਼ੀਨ ਅਤੇ ਸੰਪਰਕ ਕਰਨ ਲਈ ਵਰਤਿਆ ਜਾਣ ਲੱਗ ਪਿਆ

ਕੰਪਿਊਟਰ ਤਕਨਾਲੋਜੀ ਦੇ ਆਉਣ ਨਾਲ ਹਰ ਪਦਵੀ ਦੇ ਵਿਅਕਤੀ ਦਾ ਕੰਮ ਕਰਨ ਦੇ ਤਰੀਕੇ ਚ ਬਦਲਾਅ ਆ ਗਿਆ ਹੈ ਕੰਪਿਊਟਰ ਨੈੱਟਵਰਕ ਤਕਨਾਲੋਜੀ ਨਾਲ ਅਨੇਕਾਂ ਤਰ੍ਹਾਂ ਦੀਆਂ ਐਪਲੀਕੇਸ਼ਨਜ਼ ਦੀ ਵਰਤੋਂ ਕਰਨ ਵਿੱਚ ਬਹੁਤ ਲਾਹੇਵੰਦ ਹੈ ਇਸ ਵਿਚ ਮਲਟੀਮੀਡੀਆ ਈਮੇਲ ਇਲੈਕਟ੍ਰੌਨਿਕ ਜਰਨਲਜ਼ ਡਾਟਾਬੇਸ ਵਰਲਡ ਵਾਈਡ ਵੈੱਬ ਚੈਟ ਆਡੀਓ ਐਂਡ ਵੀਡਿਓ ਕਾਨਫਰੈਂਸਿੰਗ ਅਤੇ ਹੋਰ ਬਹੁਤ ਕੁਝ ਕੰਪਿਊਟਰ ਨੈੱਟਵਰਕ ਨੇ ਖੋਜਕਾਰਾਂ ਸਿਖਿਆਰਥੀਆਂ ਨੂੰ ਬਹੁਤ ਵਧੀਆ ਪਲੇਟਫਾਰਮ ਦਿੱਤਾ ਹੈ ਜਿਸ ਰਾਹੀਂ ਉਹ ਆਪਣੀ ਭਾਸ਼ਾ ਖੋਜ ਪੱਤਰ ਸੂਚਨਾ ਨੂੰ ਦੂਜਿਆਂ ਨਾਲ ਸਾਂਝੀ ਕਰਕੇ ਸੁਧਾਰ ਸਕਦਾ ਹੈ ਅੱਜ ਦੇ ਤਕਨਾਲੋਜੀ ਸੰਸਾਰ ਵਿੱਚ ਤਰਕੀਬਨ ਖੇਤਰੀ ਕੰਪਿਊਟਰ ਤਕਨਾਲੋਜੀ ਦੇ ਪ੍ਰਭਾਵ ਹੇਠ ਹੈ ਟ੍ਰੈਫਿਕ ਸਿਗਨਲ ਨੂੰ ਕੰਟ੍ਰੋਲ ਕਰਨ ਤੋਂ ਲੈ ਕੇ ਪੁਲਾੜ ਵਿੱਚ ਰਾਕਟ ਨੂੰ ਸੰਭਾਲਣ ਤਕ ਸਭ ਕੁਝ ਕੰਪਿਊਟਰ ਤਕਨਾਲੋਜੀ ਨਾਲ ਚਲਾਇਆ ਜਾਣਾ ਹੀ ਅਦਭੁੱਤ ਹੈ ਅੱਜਕੱਲ੍ਹ ਘਰਾਂ ਵਿੱਚ ਚਲਾਈਆਂ ਜਾਣ ਵਾਲੀਆਂ ਵਸਤੂਆਂ ਵੀ ਇਸ ਦੇ ਪ੍ਰਭਾਵ ਤੋਂ ਨਹੀਂ ਬਚ ਸਕੀਆਂ ਇਸ ਦੀ ਸਭ ਤੋਂ ਵੱਡੀ ਉਦਾਹਰਣ ਰੋਜ਼ਮੱਰਾ ਦੇ ਹਿਸਾਬ ਕਿਤਾਬ ਰੱਖਣ ਲਈ ਘਰੇਲੂ ਕੰਪਿਊਟਰ ਹੀ ਹੈ

ਨਿੱਜੀ ਕੰਪਿਊਟਰ ਦੀ ਕ੍ਰਾਂਤੀ 1980 ਦੇ ਨੇੜੇ ਤੇੜੇ ਵਾਪਰਨੀ ਆਰੰਭ ਹੋਈ ਸੀ ਜਿਸ ਨਾਲ ਨਿੱਜੀ ਕੰਪਿਊਟਰ ਬੜੇ ਸ਼ਕਤੀਸ਼ਾਲੀ ਹੁੰਦੇ ਗਏ ਹਨ ਇੰਟਰਨੈੱਟ ਦੀ ਆਮ ਆਦਮੀ ਰਾਹੀਂ ਵਰਤੋਂ ਲਗਭਗ ਪੰਦਰਾਂ ਵਰ੍ਹੇ ਪਹਿਲਾਂ ਆਰੰਭ ਹੋਈ ਸੀ ਇਨ੍ਹਾਂ ਦੋ ਘਟਨਾਵਾਂ ਦੇ ਸੰਸਾਰ ਦਾ ਮੂੰਹ ਮੁਹਾਂਦਰਾ ਹਮੇਸ਼ਾ ਲਈ ਬਦਲ ਦਿੱਤਾ ਹੈ ਅਜੋਕੇ ਸਮੇਂ ਵਿੱਚ ਜੀਵਨ ਦੇ ਹਰ ਖੇਤਰ ਵਿੱਚ ਕੰਪਿਊਟਰ ਦੀ ਵਰਤੋਂ ਹੋ ਰਹੀ ਹੈ ਇਸ ਦੀ ਸਭ ਤੋਂ ਵਧੇਰੇ ਵਰਤੋਂ ਪ੍ਰਗਟਾਵੇ ਦੀ ਖੇਤਰ ਵਿੱਚ ਹੋਈ ਹੈ ਕੰਪਿਊਟਰ ਨਾਲ ਨਾ ਕੇਵਲ ਵਿਭਿੰਨ ਰੂਪਾਂ ਵਿੱਚ ਹੀ ਸਗੋਂ ਵੱਖ ਵੱਖ ਦਿੱਖ ਵਾਲੀ ਸਾਫ਼ ਸੁਥਰੀ ਛਪਾਈ ਵੀ ਕੀਤੀ ਜਾ ਸਕਦੀ ਹੈ ਇਸ ਨਾਲ ਅੱਖਰ ਜੋੜਾਂ ਅਤੇ ਵਿਆਕਰਨ ਦੀਆਂ ਗ਼ਲਤੀਆਂ ਵੀ ਸੁਧਾਰੀਆਂ ਜਾ ਸਕਦੀਆਂ ਹਨ ਕਈ ਥਾਈਂ ਇਕ ਭਾਸ਼ਾ ਤੋਂ ਦੂਜੀ ਭਾਸ਼ਾ ਵਿੱਚ ਅਨੁਵਾਦ ਦੀਆਂ ਸਹੂਲਤਾਂ ਵੀ ਉਪਲਬਧ ਹਨ ਆਰੰਭ ਵਿੱਚ ਕੰਪਿਊਟਰ ਅੰਗਰੇਜ਼ੀ ਜਾਂ ਲਾਤੀਨੀ ਅੱਖਰ ਰੂਪ ਵਰਤਦੇ ਰਹੇ ਹਨ ਜਿਨ੍ਹਾਂ ਵਿੱਚ ਅੱਖਰਾਂ ਦੀ ਗਿਣਤੀ 255 ਸੀ ਅਤੇ 32 ਅੱਖਰ ਨਿਰੰਤਰਨ ਅੱਖਰ ਸਨ ਸੰਨ 1984 ਵਿੱਚ ਮੈਕਿਨਟੋਸ਼ ਕੰਪਿਊਟਰਾਂ ਨੇ ਅੱਖਰ ਰੂਪਾਂ ਦੀ ਪੱਖੋਂ ਵੰਨ ਸੁਵੰਨਤਾ ਲਿਆਂਦੀ ਕੁਝ ਚਿਰ ਮਗਰੋਂ ਦੂਜੀਆਂ ਭਾਸ਼ਾਵਾਂ ਦੀਆਂ ਲਿੱਪੀਆਂ ਦੇ ਗੁਰਮੁਖੀ ਸਮੇਤ ਅੱਖ ਰੂਪ ਵੀ ਉਪਲੱਬਧ ਹੋ

ਗਏ ਪਰ ਸਭ ਪ੍ਰਕਾਰ ਦੇ ਅੱਖਰਾਂ ਦੀ ਗਿਣਤੀ ਦੀ ਸੀਮਾ ਦੋ ਸੌ ਪਚਵੰਜਾ ਹੀ ਰਹੀ ਮੈਕਿਨਟੋਸ਼ ਕੰਪਿਊਟਰਾਂ ਤੇ ਗੁਰਮੁਖੀ ਲਿਪੀ ਦੀ ਵਰਤੋਂ ਇਸ ਪੱਤਰ ਦੇ ਲੇਖਕ ਨੇ ਉੱਨੀ ਸੌ ਚੁਰਾਸੀ ਵਿੱਚ ਆਰੰਭ ਕੀਤੀ ਮਗਰੋਂ ਐੱਮਐੱਸ ਵਿੰਡੋਜ਼ ਪਲੇਟਫਾਰਮਾਂ ਤੇ ਉੱਨੀ ਸੌ ਨੱਬੇ ਵਿੱਚ ਵਿੰਡੋਜ਼ ਤਿੰਨ ਦੀ ਹੋਂਦ ਵਿੱਚ ਆਉਣ ਨਾਲ ਗੁਰਮੁਖੀ ਲਈ ਸਹੂਲਤਾਂ ਵੀ ਉਪਜ ਪਈਆਂ ਮੁੱਢ ਵਿਚ ਕੁਝ ਉੱਦਮੀ ਵਿਅਕਤੀਆਂ ਨੇ ਹੀ ਅੰਗਰੇਜ਼ੀ ਅੱਖਾਂ ਨੂੰ ਆਧਾਰ ਬਣਾ ਕੇ ਗੁਰਮੁਖੀ ਲਿਪੀ ਦੇ ਕੰਪਿਊਟਰ ਰੂਪਾਂ ਦਾ ਨਿਰਮਾਣ ਕੀਤਾ ਮਗਰੋਂ ਭਾਵੇਂ ਭਾਰਤੀ ਲਿਪੀਆਂ ਲਈ ਮਿਆਰੀ ਅੱਖਰ ਰੂਪ ਪ੍ਰਣਾਲੀ ਦਾ ਨਿਰਮਾਣ ਹੋਇਆ ਪਰ ਇਹ ਪ੍ਰਣਾਲੀ ਸਫਲ ਨਾ ਹੋਈ ਜਿਸ ਕਾਰਨ ਕਈ ਵਰ੍ਹੇ ਭਾਰਤੀ ਲਿੱਪੀਆਂ ਆਪੋ ਆਪਣੇ ਢੰਗ ਨਾਲ ਵਿਕਸਿਤ ਕੀਤੀਆਂ ਜਾਂਦੀਆਂ ਰਹੀਆਂ ਪਰ ਦੋ ਸੌ ਪਚਵੰਜਾ ਅੱਖਰਾਂ ਦੀ ਸੀਮਾ ਵੱਡੀ ਸਮੱਸਿਆ ਬਣੀ ਰਹੀ ਫਿਰ ਬੜੀ ਸ਼ਿੱਦਤ ਨਾਲ ਮਹਿਸੂਸ ਕੀਤਾ ਗਿਆ ਕੀ ਵਿਸ਼ਵ ਦੀਆਂ ਲਿਪੀਆਂ ਲਈ ਇਕ ਸਾਂਝਾ ਤੇ ਮਿਆਰੀ ਸਟੈਂਡਰਡ ਸਥਾਪਿਤ ਕੀਤਾ ਜਾਵੇ ਜਿਸ ਨਾਲ ਵਿਸ਼ਵ ਪੱਧਰ ਤੇ ਹਰੇਕ ਭਾਸ਼ਾ ਲਈ ਹਰੇਕ ਕੰਪਿਊਟਰ ਤੇ ਵਰਤਣਯੋਗ ਯੂਨੀਕੋਡ ਦਾ ਨਿਰਮਾਣ ਕੀਤਾ ਗਿਆ ਇਹ ਸਟੈਂਡਰਡ ਵਕਤ ਦੇ ਬੀਤਣ ਨਾਲ ਵਿਕਸਤ ਹੋਇਆ ਹੈ ਨਿੱਖਰਿਆ ਹੈ ਅਤੇ ਪ੍ਰਵਾਨ ਚੜ੍ਹਿਆ ਹੈ ਇਹ ਸਟੈਂਡਰਡ ਨਿੱਕੀਆਂ ਮੋਟੀਆਂ ਸਮੱਸਿਆਵਾਂ ਦੇ ਬਾਵਜੂਦ ਗੁਰਮੁਖੀ ਲਈ ਵੀ ਢੁੱਕਵਾਂ ਹੈ ਅਤੇ ਇਹ ਗੁਰਮੁਖੀ ਲਿਪੀ ਵਿੱਚ ਛਪਾਈ ਦੀਆਂ ਅਜੋਕੀਆਂ ਅਤੇ ਭਵਿੱਖੀ ਲੋੜਾਂ ਪੂਰੀਆਂ ਕਰਨ ਯੋਗ ਹੈ ਅਜੋਕੇ ਸੰਸਾਰ ਵਿੱਚ ਆਮ ਕਰਕੇ ਯੂਨੀਕੋਡ ਹੀ ਵਰਤਿਆ ਜਾ ਰਿਹਾ ਹੈ ਜੇਕਰ ਅਸੀਂ ਅਜੋਕੀ ਤਕਨਾਲੋਜੀ ਤੋਂ ਲਾਭ ਉਠਾਉਣਾ ਚਾਹੁੰਦੀ ਹਾਂ ਤਾਂ ਸਾਨੂੰ ਇਹੀ ਸਟੈਂਡਰਡ ਜਾਂ ਵਿਧੀ ਅਪਣਾਉਣੀ ਪਵੇਗੀ

ਮੁੱਢ ਵਿੱਚ ਕੰਪਿਊਟਰ ਬੜੇ ਵੱਡੇ ਹੁੰਦੇ ਸਨ ਵੱਡੇ ਕੰਪਿਊਟਰਾਂ ਦਾ ਨਿਰਮਾਣ ਜੰਨਤ ਵਰਗੀਆਂ ਵੱਡੀਆਂ ਕੰਪਨੀਆਂ ਨੇ ਉੱਨੀ ਸੌ ਪੰਜਾਹ ਸੱਤਰ ਵਿਚਕਾਰ ਕੀਤਾ ਵੱਡੇ ਕੰਪਿਊਟਰ ਹੁਣ ਵੀ ਕਈ ਥਾਈਂ ਵਰਤੇ ਜਾਂਦੇ ਹਨ ਪਰ ਇਨ੍ਹਾਂ ਕੰਪਿਊਟਰਾਂ ਦਾ ਕੁਝ ਵੀ ਠੰਢੇ ਕਮਰਿਆਂ ਵਿੱਚ ਸਥਾਪਤ ਕੀਤੇ ਜਾਣ ਵਾਲੀ ਮੁੱਢਲੀ ਕੰਪਿਊਟਰਾਂ ਨਾਲ ਸਾਂਝਾ ਨਹੀਂ ਲਗਪਗ ਉਨੀ ਸੌ ਸੱਤਰ ਵਿੱਚ ਮਾਇਕਰੋ ਪ੍ਰੋਸੈਸਰ ਦੀ ਵਰਤੋਂ ਤੋਂ ਪਹਿਲਾਂ ਕੰਪਿਊਟਰ ਵੱਡੇ ਆਕਾਰ ਦੇ ਹੀ ਹੁੰਦੇ ਸਨ ਜਿਹੜੇ ਬੜੇ ਮਹਿੰਗੇ ਸਨ ਤੇ ਆਮ ਕਰਕੇ ਵੱਡੀਆਂ ਕੰਪਨੀਆਂ ਸਰਕਾਰੀ ਅਦਾਰਿਆਂ ਯੂਨੀਵਰਸਿਟੀਆਂ ਆਦਿ ਵਿਚ ਹੀ ਲਗਾਏ ਸਨ ਇਹ ਕੰਪਿਊਟਰਾਂ ਵਿੱਚ ਸੁਧਾਰ ਹੋਇਆ ਤੀਹ ਲਗਭਗ ਉਨੀ ਸੌ ਨੱਬੇ ਵਿੱਚ ਨਿੱਜੀ ਕੰਪਿਊਟਰ ਦੀ ਆਮਦ ਨਾਲ ਵੱਡੀਆਂ ਤਬਦੀਲੀਆਂ ਵਾਪਰੀਆਂ ਅਤੇ ਨਤੀਜੇ ਵਜੋਂ ਇਨ੍ਹਾਂ ਦੀ ਸਮਰੱਥਾ ਵਧੀ ਕੀਮਤਾਂ ਘਟੀਆਂ ਅਤੇ ਕੰਪਿਊਟਰ ਹਰ ਕਿਸੇ ਦੀ ਪਹੁੰਚ ਵਿੱਚ ਆ ਗਿਆ ਹੁਣ ਵੀ ਵੱਡੀ ਕੰਪਿਊਟਰ ਬੜੇ ਗੁੰਝਲਦਾਰ ਅਤੇ ਵਿਸ਼ਾਲ ਪੱਧਰ ਅਤੇ ਮਾਤਰਾ ਵਾਲੇ ਕਾਰਜਾਂ ਲਈ ਵਰਤੇ ਜਾਂਦੇ ਹਨ ਅੱਜਕੱਲ੍ਹ ਇਨ੍ਹਾਂ ਕੰਪਿਊਟਰਾਂ ਨੂੰ ਸੁਪਰ ਕੰਪਿਊਟਰ ਕਿਹਾ ਜਾਂਦਾ ਹੈ ਅਤੇ ਇਨ੍ਹਾਂ ਦੀ ਵਧੇਰੇ ਵਰਤੋਂ ਬੈਂਕਾਂ ਬੀਮਾ ਕੰਪਨੀਆਂ ਸਰਕਾਰੀ ਮਹਿਕਮਿਆਂ ਆਦਿ ਵਿੱਚ ਕੀਤੀ ਜਾਂਦੀ ਹੈ

ਭਾਵੇਂ ਵੱਡ ਅਕਾਰੀ ਕੰਪਿਊਟਰ ਸੱਠਵਿਆਂ ਤੋਂ ਵਰਤੀ ਜਾਂਦੀ ਰਹੇ ਸਨ ਪਰ ਨਿੱਜੀ ਕੰਪਿਊਟਰ ਨੌਵੇਂ ਦਹਾਕੇ ਵਿੱਚ ਹੀ ਸੰਭਵ ਹੋਈ ਵਕਤ ਦੇ ਬੀਤਣ ਨਾਲ ਨਿੱਜੀ ਕੰਪਿਊਟਰ ਨਿਰੰਤਰਨ ਸ਼ਕਤੀਸ਼ਾਲੀ ਹੁੰਦੇ ਗਏ ਹਨ ਭਾਵੇਂ ਹੁਣ ਕੰਪਿਊਟਰ ਸਾਰੀ ਵਿਸ਼ਵ ਵਿੱਚ ਬਣਦੇ ਹਨ ਪਰ ਇਸ ਖੇਤਰ ਵਿਚਲੀਆਂ ਮੁੱਢਲੀਆਂ ਪ੍ਰਾਪਤੀਆਂ ਅਮਰੀਕਾ ਜਿਹੇ ਵਿਕਸਤ ਦੇਸ਼ਾਂ ਵਿੱਚ ਹੀ ਹੋਈਆਂ ਪਹਿਲੀ ਸਫ਼ਲ ਮਾਈਕਰੋ ਪ੍ਰੋਸੈੱਸ ਕਿੱਟ ਵਪਾਰਕ ਦ੍ਰਿਸ਼ਟੀ ਤੋਂ ਐੱਮ ਆਈ ਟੀ ਐੱਸ ਨੇ ਉੱਨੀ ਸੌ ਪਚੱਤਰ ਵਿੱਚ ਜਾਰੀ ਕੀਤੀ ਇਹ ਬੜੀ ਸਫਲ ਸਿੱਧ ਹੋਈ ਅਤੇ ਇਸ ਦੀਆਂ ਦੱਸ ਹਜ਼ਾਰ ਇਕਾਈਆਂ ਦਾ ਨਿਰਯਾਤ ਹੋਇਆ ਪਾਲ ਐਲਨ ਅਤੇ ਉਸ ਦੇ ਪੁਰਾਣੇ ਜਮਾਤੀ ਬਿਲ ਗੇਟਸ ਨੇ ਮਾਈਕਰੋ ਸਾਫਟ ਕੰਪਨੀ ਨਿਰਮਾਣ ਕੀਤਾ ਅਤੇ ਬੇਸਿਕ ਇੰਟਰਪਰੇਟਰ ਦੀ ਕਾਢ ਕੱਢੀ ਇਸ ਉਪਰੰਤ ਕਈ ਵੰਨਗੀਆਂ ਦੇ ਛੋਟੇ ਨਿੱਜੀ ਕੰਪਿਊਟਰਾਂ ਨਿਰਮਾਣ ਹੋਇਆ ਕਈ ਸ਼ੌਕੀਆ ਵਿਗਿਆਨੀਆਂ ਨੇ ਆਪਣੀ ਆਪਣੀ ਲੋੜ ਅਨੁਸਾਰ ਕੰਪਿਊਟਰਾਂ ਦਾ ਨਿਰਮਾਣ ਕੀਤਾ ਕੰਪਿਊਟਰਾਂ ਦੀ ਦੂਜੀ ਪੀੜ੍ਹੀ ਅੱਠ ਦਹਾਕੇ ਦੇ ਅੰਤ ਵਿੱਚ ਪ੍ਰਗਟ ਹੋਈ ਜਿਸ ਨੂੰ ਘਰੇਲੂ ਕੰਪਿਊਟਰ ਕਿਹਾ ਗਿਆ ਇਹ ਕੰਪਿਊਟਰ ਵਧੇਰੇ ਕਰਕੇ ਖੇਡਾਂ ਅਤੇ ਮਨੋਰੰਜਨ ਲਈ ਵਰਤੇ ਗਏ ਲਗਭਗ ਉਨੀ ਸੌ ਸਤੱਤਰ ਵਿੱਚ ਛੋਟੀ ਕੰਪਿਊਟਰਾਂ ਦੇ ਨਿਰਮਾਣ ਦੀ ਪੱਖੋਂ ਵੱਖ ਵੱਖ ਕੰਪਨੀਆਂ ਵਿੱਚ ਦੌੜ ਹੀ ਲੱਗ ਗਈ ਅਤੇ ਵੱਖ ਵੱਖ ਕੰਪਨੀਆਂ ਨੇ ਕਈ ਮਾਡਲ ਤਿਆਰ ਕੀਤੀ ਜਿਨ੍ਹਾਂ ਨੂੰ ਸਾਂਝੇ ਰੂਪ ਵਿੱਚ ਇੱਕ ਨਿੱਜੀ ਕੰਪਿਊਟਰ ਕਿਹਾ ਜਾਂਦਾ ਰਿਹਾ ਹੈ ਨਿੱਜੀ ਕੰਪਿਊਟਰ ਦੇ ਖੇਤਰ ਵਿੱਚ ਇਹ ਇੱਕ ਪ੍ਰਕਾਰ ਦੀ ਕ੍ਰਾਂਤੀ ਸੀ ਕਿਉਂਕਿ ਕੇਵਲ ਐਪਲ ਨਾਂ ਦੀ ਚਾਲੀ ਲੱਖ ਕੰਪਿਊਟਰਾਂ ਦੀ ਵਿਕਰੀ ਹੋਈ

ਮਿਤੀ ਬਾਰਾਂ ਅਗਸਤ ਉਨੀ ਸੌ ਇਕਆਸੀ ਨੂੰ ਵਿਸ਼ਵ ਪ੍ਰਸਿੱਧ ਕੰਪਿਊਟਰ ਕੰਪਨੀ ਆਈਬੀਐਮ ਨੇ ਨਿੱਜੀ ਕੰਪਿਊਟਰ ਪੀ ਸੀ ਜਾਰੀ ਕੀਤਾ ਜਿਸ ਨੇ ਗਾਹਕਾਂ ਵੱਲੋਂ ਆਪਣੇ ਨਿੱਜੀ ਕੰਪਿਊਟਰ ਨੂੰ ਨਿਕਾਹ ਨਵੇਂ ਕਾਰਜਾਂ ਲਈ ਵਰਤੋਂ ਦੇ ਯੋਗ ਬਣਾਇਆ ਇਸ ਵਿਕਾਸ ਨਾਲ ਵੱਖ ਵੱਖ ਕੰਪਨੀਆਂ ਨੇ ਇੱਕ ਦੂਜੇ ਨਾਲੋਂ ਚੰਗੇਰਾ ਨਿੱਜੀ ਕੰਪਿਊਟਰ ਬਣਾਉਣ ਦੇ ਯਤਨ ਕੀਤੇ ਸਨ ਉੱਨੀ ਸੌ ਚੁਰਾਸੀ ਵਿੱਚ ਐਪਲ ਕੰਪਨੀ ਦੇ ਲਗਪਗ ਪੱਚੀ ਸੌ ਡਾਲਰ ਦੀ ਕੀਮਤ ਵਾਲਾ ਮੈਕਸ ਨਟੋਮਸ ਨਾਂ ਦਾ ਨਿੱਜੀ ਕੰਪਿਊਟਰ ਮਾਰਕੀਟ ਵਿਚ ਲਿਆਂਦਾ ਜਿਹੜਾ ਬੜਾ ਹੀ ਸਫ਼ਲ ਹੋਇਆ ਮਾਊਸ ਨਾਲ ਚੱਲਣ ਵਾਲਾ ਇਹ ਪਹਿਲਾ ਕੰਪਿਊਟਰ ਸੀ ਸੰਨ ਉੱਨੀ ਸੌ ਚੁਰਾਸੀ ਵਿੱਚ ਜਨਕ ਨੇ ਆਪਣੇ ਕੰਪਿਊਟਰ ਨੂੰ ਵਰਤਣ ਦੀ ਪੱਖੋਂ ਹਰ ਕਿਸੇ ਨੂੰ ਸੌਖ ਪ੍ਰਦਾਨ ਕੀਤੀ ਵਕਤ ਦੇ ਬੀਤਣ ਨਾਲ

ਨਵੀਂਆਂ ਵਧੇਰੇ ਸਹੂਲਤਾਂ ਅਤੇ ਘਟਦੀਆਂ ਕੀਮਤਾਂ ਦਾ ਨਿੱਜੀ ਕੰਪਿਊਟਰ ਹੋਰ ਵੀ ਵਧੇਰੇ ਹਰਮਨ ਪਿਆਰੇ ਹੋਏ ਹਨ ਅਤੇ ਕਈ ਨਵੇਂ ਆਪਰੇਟਿੰਗ ਸਿਸਟਮ ਵੀ ਹੋਂਦ ਵਿੱਚ ਆਏ ਹਨ ਹੌਲੀ ਹੌਲੀ ਪੋਰਟੇਬਲ ਕੰਪਿਊਟਰ ਦਾ ਰਿਵਾਜ ਪਿਆ ਹੈ ਵਿਸ਼ਵ ਪੱਧਰ ਤੇ ਇੰਟਰਨੈੱਟ ਅਤੇ ਵਰਲਡਵਾਈਡ ਨੀਂ ਤਕਨਾਲੋਜੀ ਦੇ ਖੇਤਰ ਚ ਕ੍ਰਾਂਤੀ ਲੈ ਆਂਦੀ ਹੈ ਇੱਕ ਸਰਵੇਖਣ ਅਨੁਸਾਰ ਦੋ ਹਜਾਰ ਚਾਰ ਵਿਚ ਅਮਰੀਕਾ ਵਿਚਲੀ ਸਤਰ ਪ੍ਰਸਿੱਧ ਘਰਾਂ ਵਿੱਚ ਨਿੱਜੀ ਕੰਪਿਊਟਰ ਵਰਤੇ ਜਾ ਰਹੇ ਸਨ

ਸਾਨੂੰ ਇੱਕ ਸੌ ਅਠਵੰਜਾ ਵਿੱਚ ਅਮਰੀਕਾ ਨੇ ਤਕਨਾਲੋਜੀ ਦੇ ਪੱਖੋਂ ਰੂਸ ਤੋਂ ਅੱਗੇ ਲੰਘਣ ਲਈ ਇਹ ਖੋਜ ਏਜੰਸੀ ਦਾ ਨਿਰਮਾਣ ਕੀਤਾ ਸੀ ਇਸ ਏਜੰਸੀ ਨੇ ਹੋਰ ਕਈ ਪ੍ਰਾਪਤੀਆਂ ਤੋਂ ਇਲਾਵਾ ਸਾਰੇ ਅਮਰੀਕਾ ਨੂੰ ਰਾਡਾਰ ਪ੍ਰਣਾਲੀ ਨਾਲ ਜੋੜ ਦਿੱਤਾ ਸੀ ਇਸ ਏਜੰਸੀ ਨੇ ਉੱਨੀ ਸੌ ਉਨੱਤਰ ਵਿੱਚ ਅਜਿਹੇ ਨੈੱਟਵਰਕ ਦਾ ਨਿਰਮਾਣ ਕੀਤਾ ਜਿਹੜਾ ਅਜੋਕੇ ਇੰਟਰਨੈੱਟ ਦਾ ਅਗਵਾਂਣੂ ਬਣਿਆ ਆਰੰਭ ਵਿਚ ਅਮਰੀਕਾ ਵਿਚ ਇੰਟਰਨੈੱਟ ਦੀ ਵਰਤੋਂ ਫ਼ੌਜੀ ਕਾਰਜਾਂ ਅਤੇ ਪ੍ਰਯੋਗਸ਼ਾਲਾਵਾਂ ਲਈ ਕੀਤੀ ਗਈ ਇਸ ਦੀ ਵਪਾਰਕ ਵਰਤੋਂ ਉਨੀ ਸੌ ਅਠਾਸੀ ਵਿੱਚ ਆਰੰਭ ਹੋਈ ਅਤੇ ਅਗਲੇ ਦੋ ਸਾਲਾਂ ਵਿੱਚ ਕਈ ਨਿੱਜੀ ਕੰਪਿਊਟਰਾਂ ਤੇ ਇਸ ਸਹੂਲਤ ਉਪਲੱਬਧ ਹੋ ਗਈ ਵਰਲਡ ਵਾਈਡ ਵੈੱਬ ਦਾ ਨਿਰਮਾਣ ਉਨੀ ਸੌ ਇਕੱਨਵੇ ਵਿਚ ਹੋਇਆ ਯੂਨੀਵਰਸਿਟੀਆਂ ਵਿੱਚ ਇੰਟਰਨੈੱਟ ਦੀ ਵਰਤੋਂ ਨਾਲ ਇੰਟਰਨੈੱਟ ਬੜਾ ਹਰਮਨ ਪਿਆਰਾ ਹੋ ਗਿਆ ਅਤੇ ਨਤੀਜੇ ਵਜੋਂ ਤੀਹ ਸਤੰਬਰ ਦੋ ਹਜਾਰ ਸੱਤ ਨੂੰ ਵਿਸ਼ਵ ਭਰ ਵਿੱਚ ਲਗਪਗ ਸਵਾ ਅਰਬ ਆਬਾਦੀ ਇੰਟਰਨੈੱਟ ਦੀ ਵਰਤੋਂ ਕਰ ਰਹੀ ਸੀ

## ਬਹੁਭਾਸ਼ਾ ਵਾਦ ਨਾਲ ਜੋੜਨਾ :

ਕੰਪਿਊਟਰ ਤਕਨਾਲੋਜੀ ਦੀਆਂ ਵਿਸ਼ੇਸ਼ਤਾਵਾਂ ਸਦਕਾ ਹੀ ਇਸ ਨੂੰ ਡਾਕਟਰੀ ਖੇਤਰ ਵਿਚ ਵੀ ਵਰਤਿਆ ਜਾਣ ਲੱਗ ਪਿਆ ਹੈ ਇਸ ਤਕਨਾਲੋਜੀ ਦੀ ਸਹਾਇਤਾ ਨਾਲ ਮਰੀਜ਼ਾਂ ਦੇ ਇਲਾਜ ਡਾਕਟਰੀ ਖੋਜ ਬਿਮਾਰੀਆ ਨੂੰ ਠੀਕ ਕਰਨ ਲਈ ਨਵੇਂ ਨਵੇਂ ਢੰਗਾਂ ਦਾ ਵਰਤਿਆ ਜਾਣਾ ਵੀ ਕਿਸੇ ਕ੍ਰਿਸ਼ਮੇ ਤੋਂ ਘੱਟ ਨਹੀਂ ਮੰਨਿਆ ਜਾਂਦਾ ਕੰਪਿਊਟਰ ਤਕਨਾਲੋਜੀ ਦੀ ਮਦਦ ਨਾਲ ਮਰੀਜ਼ ਨੂੰ ਦਵਾਈ ਦੇਣ ਤੋਂ ਪਹਿਲਾਂ ਹੀ ਦਵਾਈਆਂ ਦਾ ਮਨੁੱਖੀ ਸਰੀਰ ਤੇ ਅਸਰ ਵੀ ਆਸਾਨੀ ਨਾਲ ਦੇਖਿਆ ਜਾ ਸਕਦਾ ਹੈ ਇਸ ਤੋਂ ਬਿਨਾਂ ਕੰਪਿਊਟਰ ਤਕਨਾਲੋਜੀ ਦੀ ਸਹਾਇਤਾ ਨਾਲ ਸਮਾਜ ਵਿੱਚ ਵਧ ਰਹੇ ਜੁਰਮਾਂ ਨੂੰ ਠੱਲ੍ਹ ਪਾਉਣਾ ਸੌਖਾ ਹੋ ਗਿਆ ਹੈ20 ਨਵੰਬਰ ਪੰਜਾਬੀ ਯੂਨੀਵਰਸਿਟੀ ਦੇ ਕੰਪਿਊਟਰ ਸਾਇੰਸ ਵਿਭਾਗ ਵੱਲੋਂ ਕੰਪਿਊਟਰੀਕਰਨ ਨਾਲ ਸਬੰਧਤ ਬਹੁ-ਭਾਸ਼ਾਈ ਤਕਨਾਲੋਜੀ ਵਿਸ਼ੇ 'ਤੇ ਸੱਤ ਰੋਜ਼ਾ ਵਰਕਸ਼ਾਪ ਕਰਵਾਈ ਗਈ। ਇਹ ਇਸ ਖੇਤਰ ਦੀ ਅਜਿਹੀ ਪਲੇਠੀ ਵਰਕਸ਼ਾਪ ਸੀ, ਜਿਸ ਵਿੱਚ ਭਾਗ ਲੈਣ ਵਾਲਿਆਂ ਨੂੰ ਬਹੁ-ਭਾਸ਼ਾਈ ਤਕਨਾਲੋਜੀ ਦੇ ਵਿਕਾਸ ਨਾਲ ਸਬੰਧਤ ਵੱਖ ਵੱਖ ਚੁਣੌਤੀਆਂ ਅਤੇ ਮਸਲਿਆਂ ਤੋਂ ਜਾਣੂੰ ਕਰਵਾਇਆ ਗਿਆ। ਬਹੁ-ਭਾਸ਼ਾਈ ਤਕਨਾਲੋਜੀ ਤੋਂ ਭਾਵ ਅਜਿਹੀ ਤਕਨਾਲੋਜੀ ਤੋਂ ਹੈ, ਜਿਹੜੀ ਵਰਤੋਂ ਕਾਰਨ ਇਕੋ ਸਮੇਂ ਬਹੁਤ ਸਾਰੀਆਂ ਭਾਸ਼ਾਵਾਂ ਵਿੱਚ ਕੰਪਿਊਟਰ ਨਾਲ ਆਪਸ ਵਿੱਚ ਤਾਲਮੇਲ ਦੇ ਯੋਗ ਬਣਾਉਂਦੀ ਹੈ। ਵਰਕਸ਼ਾਪ ਵਿੱਚ ਆਈ.ਐਸ.ਆਈ. ਕੋਲਕਾਤਾ ਦੇ ਡਾ. ਬੀ.ਬੀ. ਚੌਧਰੀ ਨੇ ਬੰਗਲਾ ਭਾਸ਼ਾ ਲਈ ਸਪੈੱਲ ਚੈੱਕਰ ਦੇ ਵਿਕਾਸ ਨਾਲ ਸਬੰਧਤ ਮਸਲਿਆਂ ਬਾਰੇ ਗੱਲਬਾਤ ਕੀਤੀ। ਸੀ.ਡੈੱਕ. ਪੁਣੇ ਦੇ ਡਿਪਟੀ ਡਾਇਰੈਕਟਰ ਐਮ.ਕੇ. ਕੁਲਕਰਨੀ ਨੇ ਸੰਵਿਧਾਨ ਵਿੱਚ ਦਰਜ 22 ਭਾਰਤੀ ਭਾਸ਼ਾਵਾਂ ਲਈ ਸਾਂਝੇ ਵੈੱਬ ਬ੍ਰਾਊਜ਼ਰ ਦੇ ਵਿਕਾਸ ਬਾਰੇ ਵਿਚਾਰ ਸਾਂਝੇ ਕੀਤੇ। ਬੰਗਲੋਰ ਤੋਂ ਡਾ. ਏ.ਜੀ. ਰਾਮਾਕ੍ਰਿਸ਼ਨਨ ਨੇ ਭਾਰਤੀ ਭਾਸ਼ਾਵਾਂ ਲਈ ਸਪੀਚ ਤਕਨਾਲੋਜੀ ਨਾਲ ਸਬੰਧਤ ਮਸਲਿਆਂ ਸਮੇਤ ਤਾਮਿਲ ਤੇ ਤੇਲਗੂ ਭਾਸ਼ਾਵਾਂ ਲਈ ਸਪੀਚ ਸੰਕਲਨ ਅਤੇ ਓ.ਸੀ.ਆਰ. ਸਿਸਟਮ ਦੇ ਵਿਕਾਸ ਨਾਲ ਸਬੰਧਤ ਮਸਲਿਆਂ ਤੋਂ ਵੀ ਜਾਣੂੰ ਕਰਵਾਇਆ। ਡਾ. ਦੀਪਤੀ ਮਿਸ਼ਰਾ ਨੇ 9 ਭਾਰਤੀ ਭਾਸ਼ਾਵਾਂ ਲਈ ਵਿਚਾਰ ਸਾਂਝੇ ਕੀਤੇ ਇਸ ਵਰਕਸ਼ਾਪ ਦੇ ਸੰਚਾਲਕ ਡਾ. ਗੁਰਪ੍ਰੀਤ ਸਿੰਘ ਲਹਿਲ ਨੇ ਪੰਜਾਬੀ ਯੂਨੀਵਰਸਿਟੀ ਵੱਲੋਂ ਬਣਾਏ ਜਾ ਰਹੇ ਉਰਦੂ ਲਿੱਪੀ ਦੇ ਪਹਿਲੇ ਓ.ਸੀ.ਆਰ. ਦੇ ਵਿਕਾਸ ਦੇ ਰਾਹ ਵਿੱਚ ਆਉਣ ਵਾਲੀਆਂ ਚੁਣੌਤੀਆਂ ਬਾਰੇ ਚਰਚਾ ਕੀਤੀ। ਡਾ. ਵਿਸ਼ਾਲ ਗੋਇਲ ਤੇ ਡਾ. ਅਜੀਤ ਕੁਮਾਰ, ਡਾ. ਉਤਪਲ ਗਰੇਨ (ਕੋਲਕਾਤਾ), ਡਾ. ਨਿਲਾਧਰੀ ਚੈਟਰਜੀ (ਦਿੱਲੀ) ਡਾ. ਕਮਲੇਸ਼ ਦੱਤਾ (ਹਮੀਰਪੁਰ), ਡਾ. ਰੇਨੂੰ ਧੀਰ (ਜਲੰਧਰ), ਡਾ. ਆਰ.ਕੇ. ਸ਼ਰਮਾ ਅਤੇ ਡਾ. ਪ੍ਰਤੀਕ ਭਾਟੀਆ (ਥਾਪਰ ਯੂਨੀਵਰਸਿਟੀ), ਡਾ. ਵਿਸ਼ਾਲ ਗੁਪਤਾ (ਪੀ.ਯੂ.), ਡਾ. ਪਰਮਿੰਦਰ ਸਿੰਘ (ਲੁਧਿਆਣਾ) ਸਮੇਤ ਡਾ. ਤੇਜਿੰਦਰ ਸਿੰਘ ਸੈਣੀ ਅਤੇ ਡਾ. ਗੁਰਪ੍ਰੀਤ ਜੋਸ਼ਨ ਨੇ ਵੀ ਵਿਚਾਰ ਪੇਸ਼ ਕੀਤੇ। ਕੰਪਿਊਟਰ ਵਿੱਚ ਬਹੁ-ਭਾਸ਼ਾਵਾਦ ਨਾਲ ਸਬੰਧਤ ਮਸਲਿਆਂ ਤੇ ਵਿਚਾਰ ਚਰਚਾ ਕੀਤੀ

**ਕੰਪਿਊਟਰ ਤਕਨਾਲੋਜੀ ਦੀਆਂ ਸੀਮਾਵਾਂ**

ਇਸੇ ਤਰ੍ਹਾਂ ਕੰਪਿਊਟਰ ਤਕਨਾਲੋਜੀ ਦੀਆਂ ਕੁਝ ਵਿਸ਼ੇਸ਼ਤਾਵਾਂ ਨੂੰ ਉਸੇ ਤਰ੍ਹਾਂ ਤਕਨਾਲੋਜੀ ਤੇ ਕੁਝ ਨੁਕਸਾਨਦਾਇਕ ਪਹਿਲੂ ਵੀ ਜ਼ਰੂਰ ਸਾਹਮਣੇ ਆਏ ਹਨ ਜਿਵੇਂ ਕਿ

1. ਸਾਈਬਰ ਕ੍ਰਾਈਮ ਦਾ ਵਧਣਾ
2. ਬੇਰੁਜ਼ਗਾਰੀ ਦਾ ਵਧਣਾ
3. ਮਨੁੱਖ ਦਾ ਅੰਤਰਮੁਖੀ ਹੋਣਾ
4. ਮਾਨਸਿਕ ਤਣਾਅ ਵਿੱਚ ਵਾਧਾ ਹੋਣਾ
5. ਸੂਚਨਾ ਸਬੰਧੀ ਪ੍ਰਾਈਵੇਸੀ ਖ਼ਤਮ ਹੋਣਾ
6. ਉਪਕਰਨਾਂ ਦਾ ਹੈਕ ਹੋ ਜਾਣਾ
7. ਕਾਪੀਰਾਈਟ ਦੀ ਸਮੱਸਿਆ
8. ਗ਼ਲਤ ਸੂਚਨਾਵਾਂ ਭੇਜਣੀਆਂ
9. ਪੇਂਡੂ ਜਾਂ ਜੀਵਨ ਤੋਂ ਦੂਰ
10. ਬਿਜਲੀ ਉੱਤੇ ਨਿਰਭਰ ਹੋਣ ਕਾਰਨ ਕਾਰਜ ਦਾ ਰੁਕ ਜਾਣਾ
11. ਨਵੀਂ ਤਕਨਾਲੋਜੀ ਦੇ ਕਾਰਨ ਕਾਰਜ ਕਰਨ ਦੇ ਮੁੱਢਲੇ ਢੰਗਾਂ ਦਾ ਅਲੋਪ ਹੋ ਜਾਣਾ

ਗੁਰਮੁਖੀ ਦਾ ਸੰਬੋਧ ਉਚਾਰਨ ਆਈਪੀਏ ਵਿਧੀ ਅਨੁਸਾਰ

ਆਈ ਪੀ ਏ ਚਿੰਨ ਅੰਤਰਰਾਸ਼ਟਰੀ ਧੁਨੀਆਤਮਕ ਵਰ੍ਹਨ ਵਾਲਾ ਇੱਕ ਅਜਿਹੇ ਪ੍ਰਵਾਣਿਤ ਜਿਨ੍ਹਾਂ ਦਾ ਸਮੂਹ ਹੈ ਜਿਹੜਾ ਅੰਤਰਰਾਸ਼ਟਰੀ ਧੁਨੀਆਤਮਕ ਸੰਸਥਾ ਨੇ ਅੰਤਰਰਾਸ਼ਟਰੀ ਉਚਾਰਨ ਲਈ ਸਥਾਪਿਤ ਕੀਤਾ ਸੀ ਤਾਂ ਜੋ ਕਿਸੇ ਵੀ ਭਾਸ਼ਾ ਦਾ ਵਿਅਕਤੀ ਇੱਕ ਦੂਜੇ ਨਾਲ ਗੱਲਬਾਤ ਕਰਨ ਵੇਲੇ ਆਮ ਤੌਰ ਤੇ ਠੀਕ ਸੰਚਾਰ ਨੂੰ ਸਮਝ ਕੇ ਉਸ ਅਨੁਸਾਰ ਉਚਾਰਨ ਕਰਨ ਯੋਗ ਹੋ ਜਾਵੇ

ਇਸ ਅਧਿਆਇ ਵਿੱਚ ਅਸੀਂ ਇਹ ਸਿੱਖਣਾ ਹੈ ਕਿ ਕਿਵੇਂ ਵੱਖ ਵੱਖ ਸੰਦਰਭੀ ਸੰਦਰਭਾਂ ਵਿਚ ਆਈ ਪੀ ਏ ਚਿੰਨ੍ਹਾਂ ਦੀ ਵਰਤੋਂ ਕੀਤੀ ਜਾਂਦੀ ਹੈ ਕੁਝ ਕੁ ਹਾਲਤਾਂ ਵਿਚ ਹਰੇਕ ਉਚਾਰਣ ਦੀ ਸੂਖ਼ਮ ਗਤੀਸ਼ੀਲ ਪ੍ਰਭਾਵਸ਼ਾਲੀ ਅਤੇ ਪ੍ਰਬਲ ਦਬਾਓ ਸਵਾਰ ਸਮਾਂ ਸਵਾਰ ਨੂੰ ਸੰਖੇਪ ਕਰਨ ਦਾ ਗੁਣ ਆਦਿ ਹੀ ਆਈ ਪੀ ਏ ਦੀ ਸੰਕੇਤ ਲਿਪੀ ਵਿੱਚ ਪੇਸ਼ ਕੀਤੇ ਗਏ ਹਨ ਜੇਕਰ ਤੁਸੀਂ ਆਈ ਪੀ ਏ ਤੋਂ ਜਾਣੂ ਨਹੀਂ ਹੋ ਤਾਂ ਹੇਠ ਲਿਖੇ ਵਿਚਾਰਾਂ ਨੂੰ ਪੜ੍ਹੋ ਜਿਨ੍ਹਾਂ ਰਾਹੀਂ ਦੱਸਿਆ ਗਿਆ ਹੈ ਕਿ ਕਿਵੇਂ ਪੰਜਾਬੀ ਭਾਸ਼ਾ ਦੇ ਅੱਖਰ ਚਿੰਨ੍ਹਾਂ ਨੂੰ ਉਚਾਰਿਆ ਜਾਂਦਾ ਹੈ ਕੁਦਰਤੀ ਤੌਰ ਤੇ ਆਈ ਪੀ ਇਹ ਚਿੰਨ੍ਹ ਪੂਰੀ ਤਰ੍ਹਾਂ ਕਿਸੇ ਖਾਸ ਧੁਨੀ ਲਈ ਧੁਨੀ ਪੇਸ਼ ਨਹੀਂ ਕਰ ਸਕਦੇ ਅਤੇ ਹਰ ਕੋਈ ਆਮ ਕਰਕੇ ਇਹ ਵੀ ਵੇਖਦਾ ਹੈ ਕਿ ਉਹੀ ਆਈ ਪੀ ਏ ਚਿੰਨ੍ਹ ਕੁਝ ਕੁ ਅੰਤਰ ਨਾਲ ਹੋਰ ਭਾਸ਼ਾ ਵਿੱਚ ਕਿਵੇਂ ਉਚਾਰਿਆ ਜਾਂਦਾ ਹੈ

ਪੰਜਾਬੀ ਉਚਾਰਣ

ਪੰਜਾਬੀ ਵਿਚ ਕੋਈ ਵੀ ਸ਼ਬਦ ਙ,ਞ, ਣ ਅੱਖਰ ਨਾਲ ਸ਼ੁਰੂ ਨਹੀਂ ਹੁੰਦਾ ਅਤਿ ਧੁਨੀਆਂ ਖ਼,ਗ਼,ਜ਼,ਫ਼,ਲ਼ਨਾਲ ਵੀ ਕੋਈ ਪੰਜਾਬੀ ਸ਼ਬਦ ਆਰੰਭ ਨਹੀਂ ਹੁੰਦਾ ਇਸ ਲਈ ਇਨ੍ਹਾਂ ਅੱਖਰਾਂ ਨਾਲ ਕੋਈ ਵੀ ਸ਼ਬਦ ਪੱਟੀ ਸ਼ੁਰੂ ਨਹੀਂ ਹੁੰਦਾ ਇਨ੍ਹਾਂ ਵਿੱਚੋਂ ਕੁਝ ਧੁਨੀਆਂ ਦਾ ਪ੍ਰਯੋਗ ਸ਼ਬਦ ਦੇ ਵਿਚਕਾਰ ਜਾਂ ਅੰਤ ਵਿਚ ਕੀਤਾ ਜਾਂਦਾ ਹੈ

ਉਚਾਰਣ ਦੇਣ ਲਈ ਜਿਹੜੇ ਚਿੰਨ੍ਹ ਵਰਤੇ ਗਏ ਹਨ ਉਹ ਹੇਠ ਲਿਖੀ ਸਾਰਣੀ ਅਨੁਸਾਰ ਹਨ
ਪੰਜਾਬੀ ਚਿੰਨ੍ਹ : ਅ ਆ ਇ ਈ ਉ ਊ

| | | | | | | |
|---|---|---|---|---|---|---|
| ਪੰਜਾਬੀ ਚਿੰਨ੍ਹ | ਅ | ਆ | ਇ | ਈ | ਉ | ਊ |
| IPA : | ə | a | ɪ | i | ʊ | u |
| ਪੰਜਾਬੀ ਚਿੰਨ੍ਹ | ਏ | ਐ | ਓ | ਔ | | |
| IPA : | e | ɛ | o | ɔ | | |
| ਪੰਜਾਬੀ ਚਿੰਨ੍ਹ | ਕ | ਖ | ਗ | ਘ | | |
| IPA : | k | kh | g | | | |
| ਪੰਜਾਬੀ ਚਿੰਨ੍ਹ | ਚ | ਛ | ਜ | ਝ | | |
| IPA : | c | ch | j | | | |
| ਪੰਜਾਬੀ ਚਿੰਨ੍ਹ | ਟ | ਠ | ਡ | ਢ | ਣ | |
| IPA : | ṭ | ṭh | ḍ | | ṇ | |
| ਪੰਜਾਬੀ ਚਿੰਨ੍ਹ | ਤ | ਥ | ਦ | ਧ | ਨ | |
| IPA : | t | th | d | | n | |
| ਪੰਜਾਬੀ ਚਿੰਨ੍ਹ | ਪ | ਫ | ਬ | ਭ | ਮ | |
| IPA : | p | ph | b | | m | |

ਵਿਦਿਆਰਥੀ ਗੁਰਮੁੱਖੀ ਭਾਸ਼ਾ ਦਾ ਕਿਵੇ ਅੰਗਰੇਜ਼ੀ ਭਾਸ਼ਾ ਵਿਚ ਉਚਾਰਨ ਕਰਦੇ ਹਨ ਕਿਵੇ ਲਿਪੀਬੱਧ ਰੂਪ ਵਿਚ ਲਿਖਦੇ ਹਨ ਆਦਿ ਨੂੰ ਸਮਝਣ ਦੇ ਸਮੱਰਥ ਹੁੰਦੇ ਹਨ।

**ਮੁੱਖ/ਕੇਂਦਰੀ ਸ਼ਬਦ:**

MT---ਮੈਡੀਕਲ ਤਕਨਾਲੋਜੀ

IT---ਸੂਚਨਾ ਤਕਨਾਲੋਜੀ

ਗਲੋਬਲਾਈਜੇਸ਼ਨ---ਦੁਨੀਆਂ ਨੂੰ ਛੋਟ ਦੇਖਣਾ

ਆਨ-ਲਾਇਨ ਸ਼ਾਪਿੰਗ---ਆਈ.ਟੀ ਦੀ ਸਹਾਇਤਾ ਰਾਹੀਂ ਖਰੀਦ

ਅਨਮੋਲ ਲਿਪੀ---ਪੰਜਾਬੀ ਲਿਖਤ ਦਾ ਫੌਂਟ

ਫੌਂਟ--- ਲਿਖਤ ਦਾ ਸਾਇਜ਼

## ਸਵੈ-ਮੁਲਾਂਕਣ:

1. ਆਈ.ਪੀ.ਏ ਦਾ ਪੂਰਾ ਨਾਮ ਹੈ

   ੳ. ਅੰਤਰ ਰਾਸ਼ਟਰੀ ਧੁਨੀਆਤਮਕ ਵਰਣਮਾਲਾ

   ਅ. ਰਾਸ਼ਟਰੀ ਧੁਨੀਆਤਮਕ ਵਰਣਮਾਲਾ

   ੲ. ਅੰਤਰ ਧੁਨੀਆਤਮਕ ਵਰਣਮਾਲਾ

   ਸ.ਅੰਤਰ ਰਾਸ਼ਟਰੀ ਧੁਨੀਆਤਮਕ

2. ਕੰਪਿਊਟਰ ਇਕ ...................... ਮਸ਼ੀਨ ਹੁੰਦੀ ਹੈ

   ੳ. Programmable

   ਅ. ੲ. ਸ.ਕਿਰਿਆਤਮਕ

   ੲ. ਵਿਹਲਾ ਸਮਾਂ

   ਸ.ਕੋਈ ਵੀ ਨਹੀਂ

3. .............. ਸੂਚਨਾ ਦੇ ਯੁੱਗ ਵਿਚ ਬਹੁਤ ਤੇਜ਼ੀ ਨਾਲ ਵਿਕਾਸ ਹੋ ਰਿਹਾ ਹੈ

   ੳ. ਲਿਖਣ ਪ੍ਰਣਾਲੀ

   ਅ. ਕੰਪਿਊਟਰ ਤਕਨਾਲੋਜੀ ਦਾ

   ੲ. ਮੈਡੀਕਲ ਤਕਨਾਲੋਜੀ

   ਸ. ਪੜ੍ਹਨ ਤਕਨਾਲੋਜੀ

4. ਕੰਪਿਊਟਰ ਤਕਨਾਲੋਜੀ ਦੇ ਖੇਤਰ ਵਿਚ ਬਿੱਲ ਗੇਟਸ ਦੁਆਰਾ ਕੀਤੀ ਗਈ ਖੋਜ ਨੂੰ ਕਿਹਾ ਜਾਂਦਾ ਹੈ

   ੳ. Inter Face

   ਅ. Inter

   ੲ. Surface

   ਸ. Deepface

5. ਕੰਪਿਊਟਰ ਦੇ ਖੇਤਰ ਵਿਚ ਵੱਡੀ ਖੋਜ ਹੈ

   ੳ. ਡੀਜੀਟਲ ਹਾਰਡਵੇਅਰ

   ਅ. ਡਿਜ਼ਾਵੈਬ ਕੈਮ

   ੲ. ਚਾਰਟ/ਗ੍ਰਾਫ

   ਸ. ਉਪਰੋਕਤ ਸਾਰੇ

6. ਆਧੁਨਿਕ ਯੁੱਗ ਵਿੱਚ ਜੇਕਰ ਮਨੁੱਖ ਕੋਲ ਇਹ ਤਕਨਾਲੋਜੀ ਦੇ ਸਾਧਨ ਖੋਹ ਲਏ ਜਾਣ ਤਾਂ ਮਨੁੱਖ ਦਾ ਜੀਵਨ ਮੁਸ਼ਕਲ ਹੋ ਜਾਵੇਗਾ

   ੳ. ਗ਼ਲਤ

   ਅ. ਸਹੀ

7. ਕੰਪਿਊਟਰ ਨੈੱਟਵਰਕ ਤਕਨਾਲੋਜੀ ਦੀਆਂ ਐਪਲੀਕੇਸ਼ਨਜ਼ ਹਨ

ੳ. ਈ ਮੇਲ

ਅ. ਡਾਟਾ ਬੇਸ

ੲ. ਆਡੀਓ ਤੇ ਵੀਡੀਓ ਕਾਨਫ਼ਰੰਸ

ਸ. ਉਪਰੋਕਤ ਸਾਰੇ

8 . …………ਨੂੰ ਕੰਟਰੋਲ ਕਰਨ ਤੋਂ ਲੈ ਕੇ ………………ਰਾਕੇਟ ਨੂੰ ਸੰਭਾਲਣ ਤਕ ਕੰਪਿਊਟਰ ਤਕਨਾਲੋਜੀ ਨਾਲ ਚਲਾਇਆ ਜਾਂਦਾ ਹੈ

ੳ.ਟ੍ਰੈਫਿਕ ਸਿਗਨਲ/ਪੁਲਾੜ ਵਿੱਚ

ਅ. ਕਿਰਿਆ /ਭਾਵ ਵਿਚ

ੲ. ਸੂਚਨਾ /ਬੋਲਚਾਲ ਵਿੱਚ

ਸ. ਵਿਅਕਤੀ /ਪਹਿਲੂ ਵਿਚ

9.ਕੰਪਿਊਟਰ ਤਕਨਾਲੋਜੀ ਦੇ ਨੁਕਸਾਨਦਾਇਕ ਪਹਿਲੂ ਹਨ

ੳ. ਸਾਈਬਰ ਜੁਰਮ ਦਾ ਵਧਣਾ

ਅ. ਮਾਨਸਿਕ ਤਣਾਓ ਦਾ ਵਧਣਾ

ੲ. ਗਲਤ ਸੂਚਨਾਵਾਂ ਭੇਜਣੀਆਂ

ਸ .ਉਪਰੋਕਤ ਸਾਰੇ

10. ਆਈ .ਪੀ.ਏ ਅਨੁਸਾਰ kh ਦਾ ਉਚਾਰਨ ਹੈ

ੳ. ਕ

ਅ .ਤ

ੲ . ਖ

ਸ. ਭ

11. ਕੰਪਿਊਟਰ ਕਿਹੜੀ ਮਸ਼ੀਨ ਹੈ

ੳ. ਬੁੱਧੀਮਾਨ

ਅ. ਇਲੈਕਟ੍ਰੋਨਿਕ

ੲ. ਯੰਤਰਿਕ

ਸ. ਉਪਰੋਕਤ ਸਾਰੇ

12. ਤੀਸਰੀ ਪੀੜ੍ਹੀ ਦੇ ਕੰਪਿਊਟਰ ਬਣਨੇ ਕਦੋਂ ਸ਼ੁਰੂ ਹੋਏ

ੳ. 1940

ਅ. 1964

ੲ. 1952

ਸ. 1971

13. ਭੱਵਿਖ ਵਿਚ ਤਿਆਰ ਹੋਣ ਵਾਲੇ ਕੰਪਿਊਟਰ ਕਿਹੜੀ ਪੀੜ੍ਹੀ ਦੇ ਕੰਪਿਊਟਰ ਹੋਣਗੇ?

ੳ. ਪੰਜਵੀਂ

ਅ. ਤੀਸਰੀ

ੲ. ਦੂਸਰੀ

ਸ. ਪਹਿਲੀ

14. ਕੀ ਇਹ ਕੰਪਿਊਟਰ ਲਈ ਕਥਨ ਸਹੀ ਹੈ

ਕੰਪਿਊਟਰ ਇਨਪੁਟ ਲੈਂਦਾ ਹੈ ਉਸ ਉੱਤੇ ਪ੍ਰਕਿਰਿਆ ਕਰਦਾ ਹੈ ਅਤੇ ਆਉਟਪੁੱਟ ਦਿੰਦਾ ਹੈ

ੳ. ਗਲਤ

ਅ. ਸਹੀ

15. ਪਹਿਲੀ ਪੀੜ੍ਹੀ ਦੇ ਕੰਪਿਊਟਰਾਂ ਵਿਚ ਵੈਕਿਊਮ ਟਿਊਬਾਂ ਹੀ ਵਰਤੀਆਂ ਗਈਆਂ ਸਨ ਕਥਨ ਹੈ

ੳ. ਸਹੀ

ਅ.ਗਲਤ

**ਅਭਿਆਸ ਪ੍ਰਸ਼ਨ**

1. ਸੂਚਨਾ ਤਕਨਾਲੋਜੀ ਤੋਂ ਕੀ ਭਾਵ ਹੈ
2. ਸੂਚਨਾ ਤਕਨਾਲੋਜੀ ਦੀਆਂ ਕਿਹੜੀਆਂ-ਕਿਹੜੀਆਂ ਸ਼ਾਖਾਵਾਂ ਹਨ?
3. ਸੂਚਨਾ ਤਕਨਾਲੋਜੀ ਦੀਆਂ ਵਿਸ਼ੇਸ਼ਤਾਵਾਂ ਤੇ ਨੋਟ ਲਿਖੋ
4. ਸੂਚਨਾ ਤਕਨਾਲੋਜੀ ਦੀਆਂ ਘਾਟਾਂ ਦੀ ਚਰਚਾ ਕਰੋ।
5. ਸੂਚਨਾ ਤਕਨਾਲੋਜੀ ਦਾ ਭਾਸ਼ਾਵਾਂ ਨਾਲ ਕੀ ਸੰਬੰਧ ਹੈ?
6. ਸੂਚਨਾ ਤਕਨਾਲੋਜੀ ਅਤੇ ਇਸ ਦਾ ਗੁਰਮੁੱਖੀ ਲਿਪੀ ਨਾਲ ਸੰਬਧ ਨੂੰ ਦੱਸੋ।
7. ਕੰਪਿਊਟਰ ਤਕਨਾਲੋਜੀ ਦੀਆਂ ਸੀਮਾਵਾਂ ਹਨ।
8. ਕੀ ਕੰਪਿਊਟਰ ਨੇ ਮਨੁੱਖ ਨੂੰ ਬਹੁਭਾਸ਼ਾਵਾਂ ਨਾਲ ਜੋੜਿਆ ਹੈ
9. ਕੰਪਿਊਟਰ ਦੀਆਂ ਕੁਲ ਕਿੰਨੀਆਂ ਪੀੜ੍ਹੀਆ ਹਨ

## ਸੰਦਰਭ ਪੁਸਤਕਾਂ:


- ਡਾ. ਹਰਬੰਸ ਸਿੰਘ ਧੀਮਾਨ, ਗਗਨਦੀਪ ਕੌਰ, ਕਾਰਜੀ ਪੰਜਾਬੀ ਤੇ ਸੂਚਨਾ ਟੈਕਨਾਲੋਜੀ, ਨਿਊ ਬੁੱਕ ਕੰਪਨੀ, ਜਲੰਧਰ, 2011.
- ਡਾ. ਸੀ.ਪੀ ਕੰਬੋਜ, ਪੰਜਾਬੀ ਭਾਸ਼ਾ ਦਾ ਕੰਪਿਊਟਰੀਕਰਨ, ਗਰੈਸ਼ੀਅਸ ਬੁੱਕ, ਪਟਿਆਲਾ, 2015.
- ਡਾ. ਸੀ.ਪੀ ਕੰਬੋਜ, ਕੰਪਿਊਟਰ ਵਿਗਿਆਨ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 2016.
- ਡਾ. ਸੀ.ਪੀ ਕੰਬੋਜ, ਅਜੋਕਾ ਫੋਨ ਸੰਸਾਰ, ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ, 2016.


## ਮਹੱਤਵਪੂਰਨ ਲਿੰਕ

http://www.diprpunjab.gov.in/?q=node/3985

https://pa.info-about.info/2347/1/%E0%A9%B3.html

**ਉੱਤਰਮਾਲਾ**

| | | | | |
|---|---|---|---|---|
| 1. ੳ | 2. ੳ | 3. ਅ | 4. ੲ | 5. ਸ |
| 6. ਅ | 7. ਸ | 8. ੲ | 9. ਸ | 10. ੲ |
| 11. ਅ | 12. ਅ | 13. ੳ | 14. ਅ | 15. ਅ |

**DPBI536**

# ਅਧਿਆਇ - 4 : ਕੰਪਿਊਟਰ ਬਾਰੇ ਜਾਣ ਪਛਾਣ

ਵਿਸ਼ਾ ਵਸਤੂ (Content)


1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ
9. ਮੱਹਤਵਪੂਰਨ ਵੈੱਬਸਾਇਟਸ


## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ--

- ਵਿਦਿਆਰਥੀ ਕੰਪਿਊਟਰ ਨੂੰ ਸਮਝਣ ਦੇ ਸਮਰੱਥ ਹੋਣਗੇ।
- ਵਿਦਿਆਰਥੀ ਕੰਪਿਊਟਰ ਦੇ ਮਹੱਤਵ ਤੋਂ ਜਾਣੂ ਹੋਣਗੇ।
- ਵਿਦਿਆਰਥੀ ਕੰਪਿਊਟਰ ਦੀਆਂ ਵਿਸ਼ੇਸ਼ਤਾਵਾਂ ਬਾਰੇ ਜਾਣਨ ਦੇ ਕਾਬਿਲ ਹੋਣਗੇ
- ਵਿਦਿਆਰਥੀ ਕੰਪਿਊਟਰ ਆਧੁਨਿਕ ਯੁੱਗ ਵਿਚ ਕੰਪਿਊਟਰ ਪ੍ਰਯੋਗ ਕਰਨ ਦੇ ਕਾਬਿਲ ਹੋਣਗੇ।


## ਪ੍ਰਸਤਾਵਨਾ:

ਅੱਜ ਦੁਨੀਆਂ ਵਿੱਚ ਲਗਭਗ ਹਰੇਕ ਪ੍ਰਚੱਲਿਤ ਭਾਸ਼ਾ ਦੇ ਸਾਫ਼ਟਵੇਅਰਾਂ ਦਾ ਵਿਕਾਸ ਹੋ ਚੁੱਕਾ ਹੈ। ਭਾਰਤ ਵਿੱਚ ਵੀ ਪੰਜਾਬੀ ਸਮੇਤ ਹੋਰਨਾਂ ਖੇਤਰੀ ਭਾਸ਼ਾਵਾਂ ਵਿੱਚ ਕੰਮ ਕਰਨ ਵਾਲੇ ਸਾਫ਼ਟਵੇਅਰ ਬਣ ਚੁੱਕੇ ਹਨ ਇਨ੍ਹਾਂ ਸਾਫਟਵੇਅਰਾਂ ਦੀ ਬਦੌਲਤ ਹੁਣ ਅਸੀਂ ਆਪਣੇ ਕੰਪਿਊਟਰ ਨਾਲ ਆਪਣੀ ਮਾਂ ਬੋਲੀ ਰਾਹੀਂ ਜੁੜ ਸਕਦੇ ਹਾਂ। ਕਿਉਂਕਿ ਇਸ ਤੋਂ ਪਹਿਲਾਂ ਪੰਜਾਬੀ ਵਿਚ ਕੰਪਿਊਟਰ ਦੀ ਵਰਤੋਂ ਨਹੀਂ ਕੀਤੀ ਜਾਂਦੀ ਸੀ ਅੱਜ 20ਵੀਂ ਅਤੇ 21ਵੀਂ ਸਦੀ ਵਿਚ ਪੁੱਜ ਕੇ ਪੰਜਾਬੀ ਵਿਚ ਵੀ ਕੰਪਿਊਟਰ ਦੀ ਵਰਤੋਂ ਕੀਤੀ ਜਾਣ ਲੱਗ ਗਈ ਹੈ।

## ਵਿਸ਼ਾ :

ਕੰਪਿਊਟਰ ਇੱਕ ਇਲੈਕਟ੍ਰੌਨਿਕ ਯੰਤਰ ਹੈ। ਇਹ ਮਨੁੱਖ ਲਈ ਹਰੇਕ ਖੇਤਰ ਵਿੱਚ ਸਹਾਈ ਸਿੱਧ ਹੋ ਰਿਹਾ ਹੈ। ਮਨੋਰੰਜਨ, ਸੰਚਾਰ, ਸਿੱਖਿਆ, ਰੁਜ਼ਗਾਰ, ਡਾਕਟਰੀ, ਪ੍ਰਕਾਸ਼ਨ ਦਾ ਖੇਤਰ ਹੋਵੇ ਜਾਂ ਕੋਈ ਹੋਰ ਸਭ ਥਾਈਂ ਕੰਪਿਊਟਰ ਦੀ ਵਰਤੋਂ ਹੀ ਕੀਤੀ ਜਾ ਰਹੀ ਹੈ। ਇੰਟਰਨੈੱਟ ਨਾਲ ਜੁੜ ਕੇ ਅਸੀਂ ਪੂਰੀ ਦੁਨੀਆਂ ਨੂੰ ਇੱਕ ਨਵੀਂ ਨਿੱਕੇ ਪਿੰਡ ਦੇ ਰੂਪ ਵਿੱਚ ਵੇਖ ਸਕਦੇ ਹਾਂ ਹਜ਼ਾਰਾਂ ਮੀਲਾਂ ਤਕ ਪਸਰੀ ਇਸ ਦੁਨੀਆ ਨੂੰ ਇੰਟਰਨੈੱਟ ਦੀਆ ਈ ਮੇਲ ਚੈਟਿੰਗ ਵੈੱਬ ਸਰਫਿੰਗ/ਸਰਚਿੰਗ ਆਦਿ ਸੁਵਿਧਾਵਾਂ ਨੇ ਇਕ ਦੂਜੇ ਦੇ ਨੇੜੇ ਕਰ ਦਿੱਤਾ ਹੈ। ਅੱਜ ਦੁਨੀਆਂ ਵਿੱਚ ਲਗਭਗ ਹਰੇਕ ਪ੍ਰਚੱਲਿਤ ਭਾਸ਼ਾ ਦੇ ਸਾਫ਼ਟਵੇਅਰਾਂ ਦਾ ਵਿਕਾਸ ਹੋ ਚੁੱਕਾ ਹੈ। ਭਾਰਤ ਵਿੱਚ ਵੀ ਪੰਜਾਬੀ ਸਮੇਤ ਹੋਰਨਾਂ ਖੇਤਰੀ ਭਾਸ਼ਾਵਾਂ ਵਿੱਚ ਕੰਮ ਕਰਨ ਵਾਲੇ ਸਾਫ਼ਟਵੇਅਰ ਬਣ ਚੁੱਕੇ ਹਨ ਇਨ੍ਹਾਂ ਸਾਫਟਵੇਅਰਾਂ ਦੀ ਬਦੌਲਤ ਹੁਣ ਅਸੀਂ ਆਪਣੇ ਕੰਪਿਊਟਰ ਨਾਲ ਆਪਣੀ ਮਾਂ ਬੋਲੀ ਰਾਹੀਂ ਜੁੜ ਸਕਦੇ ਹਾਂ ਅੱਜ ਅਸੀਂ ਕੰਪਿਊਟਰੀ ਸ਼ਬਦ ਕੋਸ਼ਾਂ ਅਨੁਵਾਦ ਅਤੇ ਲਿਪੀਅੰਤਰਨ ਪ੍ਰੋਗਰਾਮਾਂ ਭਾਸ਼ਾਈ ਗਿਆਨ ਦੇਣ ਵਾਲੀਆਂ ਵੈੱਬਸਾਈਟਾਂ ਦੇ ਵਚਿੱਤਰ ਸੰਸਾਰ ਦਾ ਲਾਹਾ ਲੈ ਕੇ ਆਪਣੀਆਂ ਵੱਡੀਆਂ ਤੇ ਪੇਚੀਦਾ ਸਮੱਸਿਆਵਾਂ ਨੂੰ ਹੱਲ ਕਰ ਸਕਦੇ ਹਾਂ।

## ਕੰਪਿਊਟਰ ਕੀ ਹੈ?




ਕੰਪਿਊਟਰ ਇੱਕ ਬਿਜਲੀ ਤੇ ਚੱਲਣ ਵਾਲਾ ਇਲੈਕਟ੍ਰੌਨਿਕ ਯੰਤਰ ਹੈ। ਇਹ ਵਿਅਕਤੀ ਤੋਂ ਇਨਪੁਟ ਪ੍ਰਾਪਤ ਕਰਦਾ ਹੈ ਫਿਰ ਉਸ ‘ਤੇ ਪ੍ਰਕਿਰਿਆ ਕਰਦਾ ਹੈ ਤੇ ਆਊਟਪੁੱਟ ਨੂੰ ਸਾਡੇ ਸਮਝਣਯੋਗ ਰੂਪ ਵਿੱਚ ਮੁੱਹਈਆ ਕਰਵਾਉਂਦਾ ਹੈ। ਇਸ ਦੀ ਵਿਸ਼ਾਲ ਯਾਦਦਾਸ਼ਤ ਹੁੰਦੀ ਹੈ। ਜਿਸ ਨਾਲ ਇਹ ਕਿਸੇ ਵੀ ਵਿਸ਼ੇ ਤੇ ਕੀਤੀ ਖੋਜ ਨੂੰ ਸਾਡੇ ਸਾਹਮਣੇ ਲਿਆ ਦਿੰਦਾ ਹੈ।

## ਨਾਮਕਰਨ

ਕੰਪਿਊਟਰ ਸ਼ਬਦ ਦੀ ਨਿਰੁੱਕਤੀ ਅੰਗਰੇਜ਼ੀ ਦੇ ਸ਼ਬਦ ਕੰਪਿਊਟ ਤੋਂ ਹੋਈ ਮੰਨੀ ਜਾਂਦੀ ਹੈ ਜਿਸ ਦਾ ਅਰਥ ਹੈ ਗਣਨਾ ਕਰਨਾ ਜਾਂ ਹਿਸਾਬ ਕਰਨਾ ਪਹਿਲਾਂ ਪਹਿਲ ਕੰਪਿਊਟਰ ਦੀ ਵਰਤੋਂ ਸਿਰਫ਼ ਕੈਲਕੁਲੇਟਰ ਦੇ ਅਰਥਾਂ ਵਿਚ ਕੰਪਿਊਟ ਕਰਨ ਲਈ ਕੀਤੀ ਜਾਂਦੀ ਸੀ ਪਰ ਜਿਉਂ ਜਿਉਂ ਪ੍ਰਫਾਰਮਿੰਗ ਕੰਪਿਊਟਰੀ ਭਾਸ਼ਾਵਾਂ ਦਾ ਵਿਕਾਸ ਹੋਇਆ ਤਾਂ ਇਸ ਦੀ ਵਰਤੋਂ ਗੁੰਝਲਦਾਰ ਕੰਮਾਂ ਲਈ ਵੀ ਹੋਣ ਲੱਗ ਪਈ। ਪੰਜਾਬੀ ਵਿਚ ਕੰਪਿਊਟਰ ਦੀ ਵਰਤੋਂ 20ਵੀਂ ਸਦੀ ਦਾ ਨਤੀਜਾ ਕਿਹਾ ਜਾ ਸਕਦਾ ਹੈ ਕਿਉਂਕਿ ਇਸ ਤੋਂ ਪਹਿਲਾਂ ਕੰਪਿਊਟਰ ‘ਤੇ ਪੰਜਾਬੀ ਦੀ ਵਰਤੋਂ ਨਹੀਂ ਹੁੰਦੀ ਸੀ।

## ਇਤਿਹਾਸ

ਕੰਪਿਊਟਰ ਦਾ ਯੁੱਗ ਹਾਜ਼ਾਰਾ ਸਾਲ ਪਹਿਲਾ ਦਾ ਯੁੱਗ ਹੈ ਇਸ ਦਾ ਇਤਿਹਾਸ ਬਹੁਤ ਪੁਰਾਣਾ ਹੈ ਦੁਨੀਆਂ ਦਾ ਸਭ ਤੋਂ ਪਹਿਲਾਂ ਕੰਪਿਊਟਰ ਕਈ ਹਜ਼ਾਰ ਸਾਲ ਪਹਿਲਾਂ ਬਣਿਆ ਸੀ ਕੰਪਿਊਟਰ ਤਕਨਾਲੋਜੀ ਇਤਿਹਾਸ ਦੇ ਵੱਖ ਵੱਖ ਪੜਾਵਾਂ ਵਿੱਚੋਂ ਨਿਕਲ ਕੇ ਵਿਕਸਤ ਰੂਪ ਵਿੱਚ ਸਾਡੇ ਸਾਹਮਣੇ ਆਈ ਹੈ ਕੰਪਿਊਟਰ ਦੇ ਇਤਿਹਾਸ ਬਾਰੇ ਵਿਸਥਾਰ ਨਾਲ ਜਾਣਕਾਰੀ ਪ੍ਰਾਪਤ ਕਰਨ ਲਈ ਪਹਿਲਾਂ ਇਸ ਦੇ ਇਤਿਹਾਸ ਨੂੰ ਜਾਣਦੇ ਹਾਂ ਇਸ ਦਾ ਇਤਿਹਾਸ ਕੀ ਹੈ ਜਿਵੇਂ ਕਿ।

## ਐਬਾਕਸ

ਇਹ ਮੰਨਿਆ ਜਾਂਦਾ ਹੈ ਕਿ ਦੁਨੀਆਂ ਦੇ ਸਭ ਤੋਂ ਪਹਿਲੀ ਗਣਨਾ ਕਰਨ ਵਾਲੀ ਮਸ਼ੀਨ ਐਬਾਕਸ ਸੀ ਜਿਸ ਨੂੰ ਚੀਨ ਦੇ ਵਿਗਿਆਨੀਆਂ ਨੇ ਪੰਜ ਹਜ਼ਾਰ ਸਾਲ ਪਹਿਲਾਂ ਤਿਆਰ ਕੀਤਾ ਸੀ ਇਸ ਵਿੱਚ ਇੱਕ ਲੱਕੜ ਦਾ ਫਰੇਮ ਲੱਗਿਆ ਹੁੰਦਾ ਹੈ ਇਹ ਫਰੇਮ ਨਾਲ ਤਾਰਾ ਜਾਂ ਧਾਗੇ ਬੰਨ੍ਹੇ ਹੁੰਦੇ ਹਨ ਤੇ ਇਨ੍ਹਾਂ ਧਾਗਿਆਂ ਵਿਚ ਮਣਕੇ ਪਰੋਏ ਹੁੰਦੇ ਹਨ ਮਣਕਿਆਂ ਨੂੰ ਧਾਗੇ ਵਿਚੋਂ ਇੱਧਰ ਉੱਧਰ ਸਰਕਾ ਕੇ ਗਣਨਾਵਾਂ ਕਰਵਾਈਆਂ ਜਾਂਦੀਆਂ ਹਨ ਇਹ ਬਾਕਸ ਉੱਪਰ ਇੱਕ ਵਿਅਕਤੀ ਥੋੜ੍ਹੇ ਜਿਹੇ ਅਭਿਆਸ ਰਾਹੀਂ ਬਹੁਤ ਹੀ ਤੇਜ਼ ਰਫਤਾਰ ਨਾਲ ਗਿਣਤੀ ਅਤੇ ਜੋੜ ਘਟਾਓ ਦਾ ਕੰਮ ਕਰ ਸਕਦਾ ਹੈ।

## ਨੇਪੀਅਰ ਡੰਡੀਆਂ

ਸਕਾਟਲੈਂਡ ਦੇ ਹਿਸਾਬ ਵਿਗਿਆਨੀ ਜੌਨ ਨੇਪੀਅਰ ਨੇ ਇਕ ਗਣਨਾ ਕਰਨ ਵਾਲਾ ਯੰਤਰ ਤਿਆਰ ਕੀਤਾ ਜਿਸ ਨੂੰ ਨੇਪੀਅਰ ਦੀਆਂ ਡੰਡੀਆਂ ਕਿਹਾ ਜਾਂਦਾ ਹੈ ਇਸ ਯੰਤਰ ਵਿੱਚ ਵੱਖ ਵੱਖ ਅੰਕਾਂ ਵਾਲੀਆਂ ਡੰਡੀਆਂ ਲੱਗੀਆਂ ਹੁੰਦੀਆਂ ਹਨ ਆਮ ਤੌਰ ਤੇ ਇਹ ਡੰਡੀਆਂ ਹੱਡੀਆਂ ਤੋਂ ਬਣੀਆਂ ਹੁੰਦੀਆਂ ਸਨ ਜਿਸ ਕਾਰਨ ਇਨ੍ਹਾਂ ਨੂੰ ਨੇਪੀਅਰ ਬੋਨਸ ਵੀ ਕਿਹਾ ਜਾਂਦਾ ਹੈ ਨੇਪੀਅਰ ਡੰਡੀਆਂ ਸਾਲ 1617 ਵਿੱਚ ਤਿਆਰ ਕੀਤੀਆਂ ਗਈਆਂ

**ਪਾਸਕਲੀਨ**

ਪਾਸ ਕਲੀਨ ਦੁਨੀਆਂ ਦਾ ਸਭ ਤੋਂ ਪਹਿਲਾਂ ਗਣਨਾਵਾਂ ਕਰਨ ਵਾਲਾ ਯੰਤਰ ਸੀ ਇਸ ਦੀ ਖੋਜ 1642 ਵਿਚ ਬਾਲੇਜ਼ ਪਾਸਕਲ ਨੇ ਕੀਤੀ ਇਸ ਵਿਚ ਗਰਾਰੀਆਂ ਪੁਲੀਆਂ ਅਤੇ ਜ਼ੰਜੀਰਾਂ ਆਦਿ ਵਰਤੋਂ ਕੀਤੀ ਗਈ

**ਬਾਬੇਜ ਦੇ ਜੰਤਰ**

ਚਾਰਲਸ ਬਬੇਜ਼ ਇੱਕ ਯੂਨੀਵਰਸਿਟੀ ਵਿੱਚ ਪ੍ਰੋਫੈਸਰ ਸੀ ਉਸ ਨੇ ਗਣਨਾ ਕਰਨ ਵਾਲੇ ਦੋ ਯੰਤਰਾਂ ਦੀ ਖੋਜ ਕੀਤੀ ਇਨ੍ਹਾਂ ਦੇ ਨਾਂ ਸਨ ਡਿਫੈਂਸ ਇੰਜਣ ਅਤੇ ਐਨਾਲਿਟੀਕਲ ਇੰਜਣ ਚਾਰਲਸ ਬਾਬੇਜ਼ ਦੇ ਗਣਨਾ ਯੰਤਰਾਂ ਦਾ ਕੰਮ ਕਰਨ ਦਾ ਤਰੀਕਾ ਕਾਫੀ ਹੱਦ ਤਕ ਅੱਜ ਦੇ ਕੰਪਿਊਟਰਾਂ ਨਾਲ ਮੇਲ ਖਾਂਦਾ ਹੈ ਇਹੀ ਕਾਰਨ ਹੈ ਕਿ ਚਾਰਲਸ ਬਬੇਜ਼ ਨੂੰ ਆਧੁਨਿਕ ਕੰਪਿਊਟਰ ਦਾ ਪਿਤਾਮਾ ਕਿਹਾ ਜਾਂਦਾ ਹੈ

**ਪੰਚ ਕਾਰਡ**

ਕੰਪਿਊਟਰ ਦੇ ਮਹਾਨ ਵਿਗਿਆਨੀ ਹਰਮਨ ਹੋਲੀਰੀਥ ਨੇ ਸਾਲ 1889 ਵਿੱਚ ਇੱਕ ਮਸ਼ੀਨ ਤਿਆਰ ਕੀਤੀ ਜਿਸ ਵਿੱਚ ਛੇਕ ਕੀਤੇ ਹੋਏ ਕਾਰਡਾਂ ਦੀ ਵਰਤੋਂ ਕੀਤੀ ਜਾਂਦੀ ਸੀ ਇਨ੍ਹਾਂ ਕਾਰਡਾਂ ਨੂੰ ਪੰਚ ਕਾਰਡ ਕਿਹਾ ਜਾਂਦਾ ਸੀ ਹਰਮਨ ਦੀ ਮਸ਼ੀਨ ਕਾਰਡਾਂ ਤੇ ਕੀਤੇ ਗਏ ਛੇੱਕਾਂ ਨੂੰ ਸਮਝ ਸਕਦੀ ਸੀ ਉਸ ਸਮੇਂ ਇਹ ਮਸ਼ੀਨ ਦੀ ਵਰਤੋਂ ਜਨਗਣਨਾ ਕਰਨ ਲਈ ਕੀਤੀ ਗਈ

**ਮਾਰਕ-1**

ਸਾਲ 1944 ਵਿੱਚ ਮਾਰਕ-1 ਦਾ ਸਭ ਤੋਂ ਪਹਿਲਾਂ ਸਵੈ ਚਾਲਿਤ ਡਿਜੀਟਲ ਕੰਪਿਊਟਰ ਹੋਂਦ ਵਿਚ ਆਇਆ ਇਸ ਵਿੱਚ ਬਿਜਲੀ ਦੇ ਤਿੰਨ ਹਜ਼ਾਰ ਸਵਿੱਚਾਂ ਦਾ ਇਸਤੇਮਾਲ ਕੀਤਾ ਗਿਆ ਇਸ ਵਿੱਚ ਜਨਤਕ ਅਤੇ ਬਿਜਲਈ ਭਾਗ ਲੱਗੇ ਹੋਏ ਸਨ

**ਐਨੀਐਕ**

ਐਨੀ ਏਕ ਦਾ ਪੂਰਾ ਨਾਂ ਹੈ ਇਲੈਕਟ੍ਰੋਨਿਕ ਨਿਊਮੈਰੀਕਲ ਇੰਟੀਗ੍ਰੇਟਿਡ ਐਂਡ ਕੈਲਕੁਲੇਟਰ ਇਹ 1946 ਵਿੱਚ ਤਿਆਰ ਕੀਤਾ ਗਿਆ ਇਹ ਸਭ ਤੋਂ ਪਹਿਲਾਂ ਆਮ ਮੰਤਵ ਵਾਲਾ ਡਿਜੀਟਲ ਕੰਪਿਊਟਰ ਸੀ ਜਿਸ ਵਿਚ ਵੈਕਿਊਮ ਟਿਊਬਾਂ ਵਰਤੀਆਂ ਗਈਆਂ ਇਸ ਦਾ ਭਾਰ ਕਰੀਬ ਤੀਹ ਟਨ ਦੀ ਆਕਾਰ ਇਕ ਵੱਡੇ ਕਮਰੇ ਜਿੱਡਾ ਸੀ ਇਹ ਬਿਜਲੀ ਬਹੁਤ ਖ਼ਰਚ ਕਰਦਾ ਸੀ ਤੇ ਜਲਦੀ ਗਰਮ ਹੋ ਜਾਂਦਾ ਸੀ ਇਸ ਨੂੰ ਪਹਿਲੀ ਪੀੜ੍ਹੀ ਦੇ ਕੰਪਿਊਟਰ ਵਿੱਚ ਗਿਣਿਆ ਜਾਂਦਾ ਹੈ

ਇਸ ਤੋਂ ਬਾਅਦ ਐਡਸੈਕ ਐਡਵੇਕ ਅਤੇ ਯੂਨੀਵੇਕ ਆਫ ਕੰਪਿਊਟਰ ਆਈ ਜਿਨ੍ਹਾਂ ਵਿਚ ਪ੍ਰੋਗਰਾਮਾਂ ਨੂੰ ਸਟੋਰ ਕੀਤਾ ਜਾ ਸਕਦਾ ਸੀ ਤੇ ਇਹ ਪੁਰਾਣੇ ਕੰਪਿਊਟਰਾਂ ਨਾਲੋਂ ਤੇਜ਼ ਚੱਲਦੇ ਸਨ ਜਿਹੜੇ ਕੰਪਿਊਟਰ ਅਸੀਂ ਆਪਣੇ ਘਰਾਂ ਦਫਤਰਾਂ ਸਕੂਲਾਂ ਬੈਂਕਾਂ ਆਦਿ ਵਿੱਚ ਵਰਤ ਰਹੇ ਹਾਂ ਇਹ ਸਾਲ 1982 ਈਂ ਨੂੰ ਹੋਂਦ ਵਿਚ ਆਏ ਇਨ੍ਹਾਂ ਨੂੰ ਪਰਸਨਲ ਕੰਪਿਊਟਰ ਪੀਸੀ ਵੀ ਕਿਹਾ ਜਾਂਦਾ ਹੈ ਪਰਸਨਲ ਜਾਂ ਆਧੁਨਿਕ ਕੰਪਿਊਟਰ ਚੌਥੀ ਪੀੜ੍ਹੀ ਦੇ ਕੰਪਿਊਟਰ ਹਨ ਇਨ੍ਹਾਂ ਵਿੱਚ ਮਾਇਕਰੋ ਪ੍ਰੋਸੈਸਰ ਵਰਤੇ ਜਾਂਦੇ ਹਨ ਇਹ ਆਕਾਰ ਵਿੱਚ ਛੋਟੇ ਹਲਕੇ ਪ੍ਰਤੀ ਰਫ਼ਤਾਰ ਵਾਲੇ ਅਤੇ ਸਸਤੇ ਹੁੰਦੇ ਹਨ

**ਕੰਪਿਊਟਰ ਅਤੇ ਮਾਨਵ ਜਾਤੀ ਅੰਤਰ/ਸੰਬੰਧ**

ਕੰਪਿਊਟਰ ਮਨੁੱਖ ਕਿੰਨਾ ਕਾਰਨਾ ਕਰਕੇ ਇੱਕਠੇ ਅਤੇ ਵੱਖਰੇ ਹਨ

1. ਮਾਨਵ ਜਾਤੀ ਦੀ ਕੰਮ ਕਰਨ ਦੀ ਰਫ਼ਤਾਰ ਕੰਪਿਊਟਰ ਦੇ ਮੁਕਾਬਲੇ ਬਹੁਤ ਧੀਮੀ ਹੈ ਪਰ ਕੰਪਿਊਟਰ ਮਾਨਵ ਨਾਲੋਂ ਤੇਜ਼ ਕੰਮ ਕਰ ਸਕਦਾ ਹੈ


2. ਮਾਨਵ ਆਪਣੇ ਆਪ ਕੰਮ ਕਰ ਸਕਦਾ ਹੈ ਕੰਪਿਊਟਰ ਆਪਣੇ ਆਪ ਕੰਮ ਨਹੀਂ ਕਰ ਸਕਦਾ
3. ਵਿਅਕਤੀ ਕੰਮ ਕਰਦਾ-2 ਥੱਕ ਜਾਂਦਾ ਹੈ ਪਰ ਕੰਪਿਊਟਰ ਕਦੇ ਨਹੀਂ ਥੱਕਦਾ
4. ਵਿਅਕਤੀ ਅਕਸਰ ਗ਼ਲਤੀ ਕਰ ਲੈਂਦਾ ਹੈ ਪਰ ਕੰਪਿਊਟਰ ਦੇ ਨਤੀਜੇ ਹਮੇਸ਼ਾਂ ਸਹਾਈ ਹੁੰਦੇ ਹਨ
5. ਮਨੁੱਖ ਦੀ ਯਾਦਦਾਸ਼ਤ ਅਸਥਾਈ ਹੈ ਸਮਾਂ ਪਾ ਕੇ ਭੁੱਲ ਜਾਂਦਾ ਹੈ ਦੂਜੇ ਪਾਸੇ ਕੰਪਿਊਟਰ ਦੀ ਯਾਦਦਾਸ਼ਤ ਸਥਾਈ ਅਤੇ ਵਿਸ਼ਾਲ ਹੈ
6. ਮਨੁੱਖ ਇੱਕ ਬੁੱਧੀਮਾਨ ਜੀਵ ਹੈ ਪਰ ਕੰਪਿਊਟਰ ਵਿਚ ਬੁੱਧੀ ਨਹੀਂ ਹੁੰਦੀ
7. ਕਈ ਲੋਕ ਕੰਪਿਊਟਰ ਨੂੰ ਇੱਕ ਚੰਗੇ ਮਿਆਰ ਵਾਲਾ ਕੈਲਕੁਲੇਟਰ ਇੱਕ ਛੋਟੀ ਪ੍ਰਿੰਟਿੰਗ ਮਸ਼ੀਨ ਜਾਂ ਫਿਰ ਟਾਈਪ ਰਾਈਟਰ ਦਾ ਵੱਡਾ ਭਰਾ ਹੀ ਸਮਝਦੇ ਹਨ ਪਰ ਇਹ ਬਿਲਕੁਲ ਗਲਤ ਹੈ

**ਕੰਪਿਊਟਰ ਦੇ ਕੰਮ ਕਰਨ ਦਾ ਤਰੀਕਾ** : ਆਮ ਤੌਰ ਤੇ ਕੰਪਿਊਟਰ ਹੇਠਾਂ ਲਿਖੇ ਕੰਮ ਕਰਨ ਦੀ ਸਮਰੱਥ ਹੁੰਦਾ ਹੈ।

## ਇਨਪੁੱਟ ਲੈਣੀ :

ਵਰਤੋਂਕਾਰ ਤੋਂ ਕੀ ਬੋਰਡ ਰਾਹੀਂ ਇਨਪੁੱਟ ਲਈ ਜਾਂਦੀ ਹੈ।

## ਪ੍ਰਕਿਰਿਆ ਕਰਨੀ :




ਇਨਪੁੱਟ ਵਜੋਂ ਪ੍ਰਾਪਤ ਹੋਏ ਅੰਕੜਿਆਂ ਡਾਟਾ ਤੇ ਹਦਾਇਤਾਂ ਦੇ ਆਧਾਰ 'ਤੇ ਪ੍ਰਕਿਰਿਆ ਕਰਵਾਈ ਜਾਂਦੀ ਹੈ।

## ਆਊਟਪੁੱਟ ਦੇਣੀ :

ਪੈਦਾ ਕੀਤੇ ਨਤੀਜੇ ਜਾਂ ਆਊਟਪੁੱਟ ਨੂੰ ਮੋਨੀਟਰ ਆਦਿ ਰਾਹੀਂ ਵਾਪਸ ਵਰਤੋਂਕਾਰ ਤੱਕ ਭੇਜਿਆ ਜਾਂਦਾ ਹੈ।

## ਡਾਟਾ ਸਟੋਰ :

ਡਾਟਾ ਜਾਂ ਨਤੀਜੇ ਨੂੰ ਕੰਪਿਊਟਰ ਆਪਣੀ ਮੈਂਬਰੀ ਵਿੱਚ ਸਾਂਭ ਕੇ ਰੱਖਦਾ ਹੈ ਤੇ ਲੋੜ ਪੈਣ ਤੇ ਪੇਸ਼ ਕਰਦਾ ਹੈ।

## ਨਿਯੰਤਰਣ ਕਰਨਾ :

ਉਹ ਵੱਖ ਵੱਖ ਭਾਗਾਂ ਅਤੇ ਕੰਮਾਂ ਨੂੰ ਨਿਯੰਤਰਣ ਕਰਦਾ ਹੈ।

## ਕੰਪਿਊਟਰ ਦੀਆਂ ਵਿਸ਼ੇਸ਼ਤਾਵਾਂ

ਕੰਪਿਊਟਰ ਵਿੱਚ ਬਹੁਤ ਸਾਰੀਆਂ ਵਿਸ਼ੇਸ਼ਤਾਵਾਂ ਹਨ ਜਿਨ੍ਹਾਂ ਕਾਰਨ ਇਹ ਹਰਮਨ ਪਿਆਰਾ ਹੋ ਗਿਆ ਹੈ। ਇਨ੍ਹਾਂ ਵਿਸ਼ੇਸ਼ਤਾਵਾਂ ਵਿੱਚੋਂ ਸਟੋਰ ਕਰਨ ਦੀ ਸਮਰੱਥਾ ਤੇਜ਼ ਰਫ਼ਤਾਰ, ਸਹੀ ਨਤੀਜੇ, ਉੱਦਮਤਾ, ਗੁਣਵੱਤਾ, ਸਵੈ ਚਾਲਣ ਆਦਿ ਪ੍ਰਮੁੱਖ ਹਨ

## ਯਾਦਦਾਸ਼ਤ ਜਾਂ ਮੈਮਰੀ

ਮਨੁੱਖ ਕੁਝ ਸੀਮਤ ਜਾਣਕਾਰੀ ਹੀ ਯਾਦ ਰੱਖ ਸਕਦਾ ਹੈ। ਦੂਜੇ ਪਾਸੇ ਕੰਪਿਊਟਰ ਵਿੱਚ ਅਜਿਹਾ ਨਹੀਂ ਹੁੰਦਾ ਇਹ ਮਨੁੱਖ ਦੁਆਰਾ ਦਾਖ਼ਲ ਕੀਤੀਆਂ ਗਈਆਂ ਸੂਚਨਾਵਾਂ ਨੂੰ ਆਪਣੀ ਯਾਦਦਾਸ਼ਤ ਵਿੱਚ ਪੱਕੇ ਤੌਰ ਤੇ ਸਟੋਰ ਕਰ ਸਕਦਾ ਹੈ। ਤੇ ਲੋੜ ਪੈਣ ਤੇ ਪੇਸ਼ ਕਰ ਸਕਦਾ ਹੈ।

## ਰਫ਼ਤਾਰ

ਕੰਪਿਊਟਰ ਤੇਜ਼ ਰਫ਼ਤਾਰ ਨਾਲ ਕੰਮ ਕਰ ਸਕਦਾ ਹੈ। ਮਨੁੱਖ ਦੁਆਰਾ ਕਈ ਕਈ ਸਾਲਾਂ ਤਕ ਕੀਤੇ ਜਾਣ ਵਾਲੇ ਕੰਮਾਂ ਨੂੰ ਕੰਪਿਊਟਰ ਕੁਝ ਹੀ ਘੰਟਿਆਂ ਵਿੱਚ ਪੂਰਾ ਕਰ ਸਕਦਾ ਹੈ। ਸ਼ਕਤੀਸ਼ਾਲੀ ਕੰਪਿਊਟਰ ਇੱਕ ਸੈਕਿੰਡ ਵਿੱਚ ਇਕ ਅਰਬ ਤੋਂ ਵੱਧ ਗਣਨਾਵਾਂ ਕਰ ਸਕਦਾ ਹੈ।

## ਉੱਦਮੀ

ਕੰਪਿਊਟਰ ਨੂੰ ਜੇਕਰ ਵਾਰ ਵਾਰ ਦੁਹਰਾਇਆ ਜਾਣਾ ਵਾਲਾ ਕੰਮ ਦਿੱਤਾ ਜਾਵੇ ਤਾਂ ਇਹ ਕਦੀ ਵੀ ਅੱਕਦਾ ਜਾਂ ਥੱਕਦਾ ਨਹੀਂ ਇਸੇ ਤਰ੍ਹਾਂ ਇਹ ਜਲਦਬਾਜ਼ੀ ਵਿਚ ਕਦੀ ਵੀ ਗ਼ਲਤੀ ਨਹੀਂ ਕਰਦਾ ਕੰਪਿਊਟਰ ਵੱਡੀਆਂ ਤੇ ਗੁੰਝਲਦਾਰ ਸਮੱਸਿਆਵਾਂ ਨੂੰ ਹੱਲ ਕਰ ਸਕਦਾ ਹੈ। ਕੰਪਿਊਟਰ ਕੰਮ ਦੇ ਮਿਆਰ ਨੂੰ ਬਰਕਰਾਰ ਰੱਖ ਕੇ ਘੰਟਿਆਂ ਬੱਧੀ ਲਗਾਤਾਰ ਕੰਮ ਕਰ ਸਕਦਾ ਹੈ। ਸੋ ਕੰਪਿਊਟਰ ਦੇ ਅਣਥੱਕ ਰੂਪ ਵਿਚ ਲੰਬੇ ਅਤੇ ਵਾਰ ਵਾਰ ਕੀਤੇ ਜਾਣ ਵਾਲੇ ਕੰਮਾਂ ਨੂੰ ਆਸਾਨੀ ਨਾਲ ਕਰਨ ਦੇ ਇਸ ਗੁਣ ਨੂੰ ਉਦਮਤਾ ਕਿਹਾ ਜਾਂਦਾ ਹੈ।

**ਸਹੀ ਨਤੀਜੇ**

ਕੰਪਿਊਟਰ ਹਮੇਸ਼ਾਂ ਹੀ ਸਹੀ ਜਾਂ ਸਾਰਥਕ ਨਤੀਜੇ ਦਿੰਦਾ ਹੈ। ਪਰ ਇੱਥੇ ਚੇਤੇ ਰੱਖਣ ਯੋਗ ਹੈ। ਕਿ ਕੰਪਿਊਟਰ ਦੁਆਰਾ ਤਿਆਰ ਕੀਤੀ ਆਊਟਪੁੱਟ ਉਦੋਂ ਤੱਕ ਹੀ ਸਹੀ ਹੁੰਦੀ ਹੈ। ਜਦੋਂ ਤਕ ਉਸ ਨੂੰ ਇਨਪੁੱਟ ਅੰਕੜੇ ਅਤੇ ਹਦਾਇਤਾਂ ਸਹੀ ਮੁਹੱਈਆ ਕਰਵਾਈਆਂ ਜਾਣ ਕੰਪਿਊਟਰ ਦੁਆਰਾ ਗ਼ਲਤ ਨਤੀਜੇ ਦੇਣ ਦਾ ਇੱਕੋ ਇੱਕ ਕਾਰਨ ਵਰਤੋਂਕਾਰ ਵੱਲੋਂ ਗ਼ਲਤ ਇਨਪੁੱਟ ਦੇਣਾ ਹੁੰਦਾ ਹੈ। ਕੰਪਿਊਟਰ ਉਹੀ ਕਰਦਾ ਹੈ। ਜੋ ਉਸ ਨੂੰ ਕਿਹਾ ਜਾਵੇ ਇਹ ਆਪਣੇ ਆਪ ਕੁਝ ਵੀ ਕਰਨ ਤੋਂ ਅਸਮਰੱਥ ਹੈ। ਜੇਕਰ ਅਸੀਂ ਕੰਪਿਊਟਰ ਨੂੰ ਗ਼ਲਤ ਇਨਪੁਟ ਦੇ ਦਈਏ ਤਾਂ ਉਸ ਦਾ ਨਤੀਜਾ ਜਾਂ ਆਊਟਪੁੱਟ ਵੀ ਗਲਤ ਹੀ ਹੋਵੇਗੀ

## ਸਵੈ ਚਾਲਨ

ਕੰਪਿਊਟਰ ਦੁਆਰਾ ਆਪਣੇ ਆਪ ਕੰਮ ਕਰਨ ਦੀ ਯੋਗਤਾ ਨੂੰ ਸਵੈਚਾਲਨ ਕਿਹਾ ਜਾਂਦਾ ਹੈ। ਜੇਕਰ ਕੰਪਿਊਟਰ ਵਿਚ ਪਹਿਲਾਂ ਹੀ ਕੋਈ ਪ੍ਰੋਗਰਾਮ ਪਾ ਦਿੱਤਾ ਜਾਵੇ ਤਾਂ ਇਹ ਆਪਣੇ ਆਪ ਕੰਮ ਕਰਦਾ ਰਹਿੰਦਾ ਹੈ। ਕੰਪਿਊਟਰ ਦੇ ਇਸ ਗੁਣ ਸਦਕਾ ਵਾਰ ਵਾਰ ਕੀਤੇ ਜਾਣ ਵਾਲੇ ਕੰਮਾਂ ਨੂੰ ਬਹੁਤ ਹੀ ਆਸਾਨੀ ਨਾਲ ਸਵੈ ਚਾਲਨ ਢੰਗ ਨਾਲ ਕਰਵਾਇਆ ਜਾ ਸਕਦਾ ਹੈ।

## ਬਹੁਗੁਣੀ

ਇਹ ਕੰਪਿਊਟਰ ਦਾ ਇੱਕ ਹੋਰ ਮਹੱਤਵਪੂਰਨ ਗੁਣ ਹੈ। ਕੰਪਿਊਟਰ ਕਈ ਪ੍ਰਕਾਰ ਦੇ ਕੰਮ ਜਿਵੇਂ ਸੂਚਨਾਵਾਂ ਉਪਲੱਬਧ ਕਰਵਾਉਣਾ ਮਨੋਰੰਜਨ ਕਰਨਾ, ਗਣਨਾਵਾਂ ਕਰਨ, ਪਾਠ ਟਾਈਪ ਕਰਨਾ, ਚਿੱਤਰਕਾਰੀ ਕਰਨਾ ਆਦਿ ਕਰ ਸਕਦਾ ਹੈ। ਇਸੇ ਤਰ੍ਹਾਂ ਕੰਪਿਊਟਰ ਕਿਸੇ ਸਮੇਂ ਟੈਲੀਫੋਨ ਦਾ ਬਿੱਲ ਬਣਾ ਰਿਹਾ ਹੁੰਦਾ ਹੈ ਤੇ ਕਿਸੇ ਸਮੇਂ ਕਿਸੇ ਵਿਦਿਆਰਥੀ ਦੀ ਪ੍ਰੀਖਿਆ ਦਾ ਨਤੀਜਾ ਕਾਰਡ ਕਿਸੇ ਸਮੇਂ ਇਹ ਵਿਗਿਆਨਕ ਕਾਰਜਾਂ ਵਿਚ ਜੁਟਿਆ ਹੁੰਦਾ ਹੈ ਤੇ ਕਿਸੇ ਸਮੇਂ ਰੇਲਵੇ ਜਾਂ ਹਵਾਈ ਜਹਾਜ਼ ਦੀਆਂ ਸੀਟਾਂ ਰਾਖਵੀਆਂ ਕਰ ਰਿਹਾ ਹੁੰਦਾ ਹੈ। ਕੰਪਿਊਟਰ ਦੀ ਇਸ ਗੁਣ ਨੂੰ ਬਹੁਗੁਣਤਾ ਕਿਹਾ ਜਾਂਦਾ ਹੈ।

**ਕੰਪਿਊਟਰ ਦੀ ਵੱਖ ਵੱਖ ਭਾਗਾਂ ਦੀ ਜਾਣਕਾਰੀ**

1. **ਇਨਪੁਟ ਭਾਗ**
2. **ਆਉਟਪੁੱਟ ਭਾਗ**

## ਇਨਪੁੱਟ ਕੀ ਹੈ

ਕੰਪਿਊਟਰ ਨੂੰ ਦਿੱਤੇ ਜਾਣ ਵਾਲੇ ਅੰਕੜਿਆਂ ਅਤੇ ਹਦਾਇਤਾਂ ਨੂੰ ਇਨਪੁੱਟ ਕਿਹਾ ਜਾਂਦਾ ਹੈ। ਕੰਪਿਊਟਰ ਨੂੰ ਇਨਪੁਟ ਦੇਣ ਲਈ ਕਈ ਵਿਸ਼ੇਸ਼ ਪ੍ਰਕਾਰ ਦੇ ਉਪਕਰਨਾਂ ਜਾਂ ਭਾਗਾਂ ਦੀ ਵਰਤੋਂ ਕੀਤੀ ਜਾਂਦੀ ਹੈ। ਜਿਨ੍ਹਾਂ ਨੂੰ ਇਨਪੁੱਟ ਭਾਗ ਕਿਹਾ ਜਾਂਦਾ ਹੈ। ਕੀ ਬੋਰਡ ਸਕੈਨਰ ਮਾਊਸ ਜੁਆਏ ਸਟਿਕ ਟੱਚ ਸਕਰੀਨ ਲਾਈਟ ਪੈੱਨ ਆਦਿ ਕੰਪਿਊਟਰ ਦੀ ਇਨਪੁੱਟ ਭਾਗ ਹਨ



## ਕੀ-ਬੋਰਡ

ਕੀ-ਬੋਰਡ ਕੰਪਿਊਟਰ ਦਾ ਮੁੱਖ ਇਨਪੁੱਟ ਭਾਗ ਹੈ। ਇਸ ਤੇ ਟਾਈਪ ਰਾਈਟਰ ਦੀ ਤਰ੍ਹਾਂ ਕਈ ਬਟਨ ਲੱਗੇ ਹੁੰਦੇ ਹਨ ਜਿਉਂ ਹੀ ਅਸੀਂ ਕੰਪਿਊਟਰ ਦੀ ਕੀ-ਬੋਰਡ ਦਾ ਕੋਈ ਬਟਨ ਦੱਬਦੇ ਹਾਂ ਤਾਂ ਕੀ-ਬੋਰਡ ਤੋਂ ਬਿਜਲੀ ਦਾ ਸੰਕੇਤ ਪੈਦਾ ਹੁੰਦਾ ਹੈ। ਇਹ ਸੰਕੇਤ ਕੀ-ਬੋਰਡ ਦੀ ਤਾਰ ਰਾਹੀਂ ਸੀਪੀਯੂ ਵਿੱਚ ਪਹੁੰਚਦਾ ਹੈ। ਤੇ ਦਬਾਏ ਗਏ ਉਸ ਵਿਸ਼ੇਸ਼ ਅੱਖਰ ਨੂੰ ਮੋਨੀਟਰ ਤੇ ਦਰਸਾਉਣ ਦੀ ਹਦਾਇਤ ਕਰਦਾ ਹੈ। ਆਮ ਤੌਰ ਤੇ ਪੰਜਾਬੀ ਜਾਂ ਕਈ ਹੋਰ ਭਾਰਤੀ ਭਾਸ਼ਾ ਵਿੱਚ ਟਾਈਪ ਕਰਨ ਲਈ ਸਾਧਾਰਨ ਅੰਗਰੇਜ਼ੀ ਕੀ-ਬੋਰਡ ਹੀ ਵਰਤਿਆ ਜਾਂਦਾ ਹੈ।

## ਸਕੈਨਰ



ਸਕੈਨਰ ਇੱਕ ਅਜਿਹਾ ਯੰਤਰ ਹੈ। ਜੋ ਕਿਸੇ ਫ਼ੋਟੋ ਜਾਂ ਪੱਤਰ ਆਦਿ ਦੀ ਡਿਜੀਟਲ ਕਾਪੀ ਕਰਕੇ ਕੰਪਿਊਟਰ ਨੂੰ ਭੇਜਣ ਦਾ ਕੰਮ ਕਰਦਾ ਹੈ। ਤੁਸੀਂ ਆਪਣੀ ਫੋਟੋ ਜਾਂ ਚਿੱਠੀ ਪੱਤਰ ਵਿੱਚ ਕੋਈ ਤਬਦੀਲੀ ਕਰਨ ਪ੍ਰਿੰਟ ਕਰਨ ਜਾਂ ਫਿਰ ਕੰਪਿਊਟਰ ਵਿੱਚ ਸਾਂਭ ਕੇ ਰੱਖਣਾ ਚਾਹੁੰਦੇ ਹੋ ਤਾਂ ਤੁਹਾਡੇ ਕੰਪਿਊਟਰ ਨਾਲ ਸਕੈਨਰ ਲੱਗਿਆ ਹੋਣਾ ਚਾਹੀਦਾ ਹੈ। ਇਹ ਇਕ ਫੋਟੋ ਸਟੇਟ ਮਸ਼ੀਨ ਵਾਂਗ ਹੁੰਦਾ ਹੈ। ਇਸ ਦਾ ਢੱਕਣ ਖੋਲ੍ਹ ਕੇ ਫੋਟੋ ਜਾਂ ਪੱਤਰ ਆਦਿ ਨੂੰ ਇਕ ਪੱਧਰੀ ਸ਼ੀਸ਼ੇ ਤੇ ਰੱਖਿਆ ਜਾਂਦਾ ਹੈ। ਬਟਨ ਨੱਪਦੇ ਹੀ ਇਹ ਤੁਰੰਤ ਉਸ ਦੀ ਡਿਜੀਟਲ ਕਾਪੀ ਕਰ ਕੇ ਕੰਪਿਊਟਰ ਨੂੰ ਭੇਜ ਦਿੰਦਾ ਹੈ। ਇਸ ਤਰ੍ਹਾਂ ਤੁਸੀਂ ਕੰਪਿਊਟਰ ਦੀ ਸਕਰੀਨ ਤੇ ਨਜ਼ਰ ਆਉਣ ਵਾਲੀ ਫ਼ੋਟੋ ਜਾਂ ਪੱਤਰ ਆਦਿ ਨੂੰ ਕਿਸੇ ਵੀ ਰੂਪ ਵਿੱਚ ਤਬਦੀਲ ਕਰ ਸਕਦੇ ਹੋ ਸਕੈਨਰ ਦੋ ਤਰ੍ਹਾਂ ਦੇ ਫਲੈਟ ਬੈੱਡ ਅਤੇ ਰੋਲਰ ਫੀਡ ਹੁੰਦੇ ਹਨ ਪਰ ਫਲੈਟ ਬੈੱਡ ਦੀ ਵਰਤੋਂ ਜ਼ਿਆਦਾ ਕੀਤੀ ਜਾਂਦੀ ਹੈ।

## ਮਾਊਸ



ਮਾਊਸ ਕੰਪਿਊਟਰ ਦਾ ਇੱਕ ਇਨਪੁਟ ਯੂਨਿਟ ਹੈ। ਇਸ ਦੀ ਦੋ ਜਾਂ ਤਿੰਨ ਬਟਨ ਅਤੇ ਇੱਕ ਪਹੀਆ ਜਿਹਾ ਰੂਲਰ ਲੱਗਿਆ ਹੁੰਦਾ ਹੈ। ਮਾਊਸ ਰਾਹੀਂ ਕਲਿੱਕ ਕਰ ਕੇ ਕੰਪਿਊਟਰ ਨੂੰ ਇਨਪੁਟ ਭੇਜੀ ਜਾਂਦੀ ਹੈ। ਕੰਪਿਊਟਰ ਦੀ ਸਕਰੀਨ ਤੇ ਇੱਕ ਤੀਰ ਦਾ ਨਿਸ਼ਾਨ ਲੱਗਿਆ ਨਜ਼ਰ ਆਉਂਦਾ ਹੈ। ਜਿਸ ਨੂੰ ਮਾਊਸ ਪੁਆਂਇੰਟਰ ਕਿਹਾ ਜਾਂਦਾ ਹੈ। ਇਹ ਸੰਕੇਤ ਕਰਦਾ ਹੈ। ਕਿ ਜੋ ਕੁਝ ਤੁਸੀਂ ਟਾਈਪ ਕਰੋਗੇ ਉਹ ਇੱਥੇ ਨਜ਼ਰ ਆਵੇਗਾ ਇਹੀ ਕਾਰਨ ਹੈ। ਕਿ ਇਸ ਨੂੰ ਸੰਕੇਤਕ ਜੰਤਰ ਜਾਂ ਪੁਆਇੰਟਿੰਗ ਡਿਵਾਈਸ ਵੀ ਕਿਹਾ ਜਾਂਦਾ ਹੈ। ਮਾਊਸ

ਕੰਮਾਂ ਨੂੰ ਕਾਹਲੀ ਕਾਹਲੀ ਪੂਰਾ ਕਰਨ ਵਿੱਚ ਮਦਦ ਕਰਦਾ ਹੈ। ਇਹ ਕੀ-ਬੋਰਡ ਰਾਹੀਂ ਲੰਮੀਆਂ ਲੰਮੀਆਂ ਲਾਈਨਾਂ ਟਾਈਪ ਕਰਨ ਦੇ ਝੰਜਟ ਤੋਂ ਛੁਟਕਾਰਾ ਪਾਉਂਦਾ ਹੈ। ਪੁਰਾਣੇ ਸਮੇਂ ਜਿਹੜੇ ਮਾਊਸ ਵਰਤੇ ਜਾਂਦੇ ਸਨ ਉਨ੍ਹਾਂ ਦੇ ਹੇਠਲੇ ਪਾਸੇ ਗੇਂਦ ਲੱਗੀ ਹੁੰਦੀ ਸੀ ਪਰ ਹੁਣ ਨਵੇਂ ਮਾਊਸ ਵਿੱਚ ਪ੍ਰਕਾਸ਼ ਨੂੰ ਗੇਂਦ ਦੀ ਬਦਲ ਵਜੋਂ ਵਰਤਿਆ ਜਾਂਦਾ ਹੈ। ਜਦੋਂ ਅਸੀ ਮਾਊਸ ਨੂੰ ਕਿਸੇ ਪੱਧਰੀ ਸਤਹਿ ਤੇ ਕਿਸੇ ਵਿਸ਼ੇਸ਼ ਦਿਸ਼ਾ ਵਿਚ ਸਰਕਾਉਂਦੇ ਹਾਂ ਤਾਂ ਸਕਰੀਨ ਤੇ ਨਜ਼ਰ ਆਉਣ ਵਾਲਾ ਪੁਆਇੰਟਰ ਵੀ ਉਸੇ ਦਿਸ਼ਾ ਵਿਚ ਗਤੀ ਕਰਦਾ ਨਜ਼ਰ ਆਉਂਦਾ ਹੈ। ਮਾਊਸ ਰਾਹੀਂ ਅਸੀਂ ਚੀਜ਼ਾਂ ਨੂੰ ਸੰਕੇਤ ਕਰਦੇ ਹਾਂ ਚੁਣਦੇ ਹਾਂ ਅਤੇ ਖੋਲ੍ਹਦੇ ਹਾਂ ਮਾਊਸ ਹੋਰ ਵੀ ਅਨੇਕਾਂ ਕੰਮਾਂ ਵਿਚ ਸਾਡੀ ਮਦਦ ਕਰਦਾ ਹੈ।

## 2.ਆਊਟਪੁੱਟ ਭਾਗ :



ਕੰਪਿਊਟਰ ਦੁਆਰਾ ਪੈਦਾ ਕੀਤੇ ਨਤੀਜੇ ਮਨੁੱਖ ਨਹੀਂ ਸਮਝ ਸਕਦਾ ਨਤੀਜਿਆਂ ਜਾਂ ਆਊਟਪੁੱਟ ਨੂੰ ਪੜ੍ਹਨਯੋਗ ਰੂਪ ਵਿੱਚ ਬਦਲ ਕੇ ਪੇਸ਼ ਕਰਨਾ ਹੀ ਆਊਟਪੁੱਟ ਭਾਗ ਦਾ ਕੰਮ ਹੈ। ਕੰਪਿਊਟਰ ਤੋਂ ਆਊਟਪੁੱਟ ਪ੍ਰਾਪਤ ਕਰਨ ਲਈ ਜਿਹੜੇ ਭਾਗ ਵਰਤੇ ਜਾਂਦੇ ਹਨ ਉਨ੍ਹਾਂ ਨੂੰ ਆਊਟਪੁੱਟ ਭਾਗ ਕਿਹਾ ਜਾਂਦਾ ਹੈ। ਮੋਨੀਟਰ ਪ੍ਰਿੰਟਰ ਸਪੀਕਰ ਪਲੋਟਰ ਆਦਿ ਆਊਟਪੁੱਟ ਭਾਗਾਂ ਦੀਆਂ ਉਦਾਹਰਣਾਂ ਹਨ।

## ਮੋਨੀਟਰ

ਮੋਨੀਟਰ ਕੰਪਿਊਟਰ ਦਾ ਇੱਕ ਆਊਟਪੁਟ ਯੰਤਰ ਹੈ। ਜੋ ਸੀਪੀਯੂ ਤੋਂ ਪ੍ਰਾਪਤ ਹੋਣ ਵਾਲੇ ਨਤੀਜਿਆਂ ਨੂੰ ਸਕਰੀਨ ਤੇ ਦਿਖਾਉਂਦਾ ਹੈ। ਮੋਨੀਟਰ ਵਿਚ ਟੀ ਵੀ ਦੀ ਤਰ੍ਹਾਂ ਪਿਕਚਰ ਟਿਊਬ ਲੱਗੀ ਹੁੰਦੀ ਹੈ। ਸੀਪੀਯੂ ਤੋਂ ਆਉਣ ਵਾਲੀ ਆਊਟਪੁੱਟ ਦੇ ਆਧਾਰ ਤੇ ਇਹ ਸਾਨੂੰ ਅੱਖਰਾਂ ਜਾਂ ਫੋਟੋਆਂ ਆਦਿ ਨੂੰ ਸਕਰੀਨ ਤੇ ਦਿਖਾਉਂਦਾ ਹੈ। ਅੱਜ ਪਿੱਕਚਰ ਟਿਊਬ (ਸੀਆਰਟੀ) ਵਾਲੇ ਮੀਟਰਾਂ ਦੀ ਥਾਂ ਤੇ ਹਲਕੇ ਤੇ ਪਤਲੇ ਮੋਨੀਟਰ ਪ੍ਰਚੱਲਿਤ ਹਨ ਇਹ ਮੋਨੀਟਰ ਐੱਲ ਸੀ ਡੀ ਜਾਂ ਐੱਲ ਈ ਡੀ ਤਕਨੀਕ ਤੇ ਆਧਾਰਤ ਹਨ ਇਹ ਬਹੁਤ ਹਲਕੇ ਹੁੰਦੇ ਹਨ ਤੇ ਬਹੁਤ ਘੱਟ ਜਗ੍ਹਾ ਘੇਰਦੇ ਹਨ ਇਹ ਪੁਰਾਣੇ ਮੀਟਰਾਂ ਦੇ ਮੁਕਾਬਲੇ ਬਿਜਲੀ ਵੀ ਬਹੁਤ ਘੱਟ ਪੀਂਦੇ ਹਨ ਇਨ੍ਹਾਂ ਤੇ ਤਸਵੀਰਾਂ ਦਾ ਮਿਆਰ ਚੰਗੇ ਦਰਜੇ ਦਾ ਹੁੰਦਾ ਹੈ। ਅੱਜ ਇਹੋ ਅਜਿਹੇ ਮਨੀਟਰਾਂ ਦੀ ਖੋਜ ਹੋ ਚੁੱਕੀ ਹੈ। ਜਿਨ੍ਹਾਂ ਨੂੰ ਦੀਵਾਰਾਂ ਤੇ ਕੈਲੰਡਰ ਦੀ ਤਰ੍ਹਾਂ ਟੰਗਿਆ ਜਾਂਦਾ ਹੈ।

## ਪ੍ਰਿੰਟਰ

ਪ੍ਰਿੰਟਰ ਕੰਪਿਊਟਰ ਦਾ ਆਊਟਪੁੱਟ ਯੂਨਿਟ ਹੈ। ਕੰਪਿਊਟਰ ਦੀ ਆਊਟਪੁੱਟ ਨੂੰ ਕਾਗਜ਼ ਤੇ ਛਾਪਣ ਲਈ ਪ੍ਰਿੰਟਰ ਦੀ ਜ਼ਰੂਰਤ ਪੈਂਦੀ ਹੈ। ਪ੍ਰਿੰਟਰ ਕਈ ਪ੍ਰਕਾਰ ਦੇ ਹੁੰਦੇ ਹਨ ਜਿਵੇਂ ਕਿ ਡਾਟ ਮੈਟ੍ਰਿਕਸ ਇੰਕਜੈੱਟ ਅਤੇ ਲੇਜ਼ਰ ਪ੍ਰਿੰਟਰ ਪ੍ਰਿੰਟਰਾਂ ਨੂੰ ਤਕਨਾਲੋਜੀ ਛਪਾਈ ਮਿਆਰ ਰੰਗਦਾਰ ਜਾਂ ਸਫ਼ੇਦ ਕਾਲੀ ਸ਼ਾਹੀ ਦੇ ਆਧਾਰ ਤੇ ਵੱਖ ਵੱਖ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ।



## ਸਪੀਕਰ



ਸਪੀਕਰ ਦੀ ਵਰਤੋਂ ਕੰਪਿਊਟਰ ਦੀ ਆਵਾਜ਼ ਸੁਣਨ ਲਈ ਕੀਤੀ ਜਾਂਦੀ ਹੈ। ਇਹ ਅੱਜਕੱਲ੍ਹ ਲਗਪਗ ਹਰੇਕ ਕੰਪਿਊਟਰ ਨਾਲ ਲੱਗੇ ਹੁੰਦੇ ਹਨ ਸਪੀਕਰ ਇੱਕ ਆਉਟਪੁੱਟ ਯੰਤਰ ਹੈ ਤੇ ਇਹ ਕੰਪਿਊਟਰ ਤੋਂ ਆਉਣ ਵਾਲੀ ਬਿਜਲੀ ਸੰਕੇਤ ਨੂੰ ਆਵਾਜ਼ ਸੰਕੇਤ ਵਿਚ ਬਦਲਣ ਦਾ ਕੰਮ ਕਰਦਾ ਹੈ। ਗੀਤ ਸੰਗੀਤ ਸੁਣਨ ਫ਼ਿਲਮਾਂ ਵੇਖਣ ਵੀਡੀਓ ਗੇਮਾਂ ਖੇਡਣ ਲਈ ਲੋਕ ਸਪੀਕਰ ਨੂੰ ਕੰਪਿਊਟਰ ਨਾਲ ਜੋੜ ਕੇ ਰੱਖਦੇ ਹਨ

## ਸੀ ਪੀ ਯੂ

ਸੀਪੀਯੂ ਜਾਂ ਕੇਂਦਰੀ ਪ੍ਰਕਿਰਿਆ ਇਕਾਈ ਨੂੰ ਕੰਪਿਊਟਰ ਦਾ ਦਬਾਅ ਕਿਹਾ ਜਾਂਦਾ ਹੈ। ਇਹ ਕੰਪਿਊਟਰ ਪ੍ਰਣਾਲੀ ਦੇ ਸਭ ਤੋਂ ਮਹੱਤਵਪੂਰਨ ਭਾਗ ਹੈ। ਕੰਪਿਊਟਰ ਦੇ ਸਾਰੇ ਕੰਮ ਇਸ ਹਿੱਸੇ ਵਿਚ ਪੁਗਾਏ ਜਾਂਦੇ ਹਨ ਇਸ ਦੇ ਹੇਠਾਂ ਲਿਖੇ ਤਿੰਨ ਭਾਗ ਹੁੰਦੇ ਹਨ

### ੳ. ਮੈਮਰੀ

ਇਸ ਦੀ ਵਰਤੋਂ ਪ੍ਰਕਿਰਿਆ ਦੌਰਾਨ ਅੰਕੜਿਆਂ ਨੂੰ ਆਰਜ਼ੀ ਤੌਰ ਤੇ ਸਟੋਰ ਕਰਨ ਲਈ ਕੀਤੀ ਜਾਂਦੀ ਹੈ। ਇਸ ਦੀ ਧਾਰਨ ਸਮਰੱਥਾ ਕਾਫੀ ਘੱਟ ਹੁੰਦੀ ਹੈ ਤੇ ਬਿਜਲੀ ਬੰਦ ਹੋਣ ਉਪਰੰਤ ਇਸ ਵਿੱਚ ਪਿਆ ਡਾਟਾ ਨਸ਼ਟ ਹੋ ਜਾਂਦਾ ਹੈ। ਇਹ ਕਾਫ਼ੀ ਤੇਜ਼ ਹੁੰਦੀ ਹੈ ਤੇ ਇਸ ਤੋਂ ਬਿਨਾਂ ਕੰਪਿਊਟਰ ਕੰਮ ਨਹੀਂ ਕਰ ਸਕਦਾ ਰੈਮ ਅਤੇ ਰੋਮ ਇਸ ਦੀਆਂ ਦੋ ਕਿਸਮਾਂ ਹਨ।

### ਅ. ਏ ਐੱਲ ਯੂ

ਇਸ ਭਾਗ ਵਿੱਚ ਗਣਿਤਕ ਅਤੇ ਤਾਰਕਿਕ ਕੰਮ ਕਰਾਏ ਜਾਂਦੇ ਹਨ

### ੲ. ਕੰਟਰੋਲ ਯੂਨਿਟ

ਇਹ ਕੰਪਿਊਟਰ ਦੇ ਵੱਖ ਵੱਖ ਭਾਗਾਂ ਤੇ ਨਿਯੰਤਰਣ ਰੱਖਦਾ ਹੈ।

## ਸਟੋਰੇਜ ਭਾਗ

ਅਸੀਂ ਜਾਣਦੇ ਹਾਂ ਕਿ ਕੰਪਿਊਟਰ ਦੀ ਮੈਮਰੀ (ਰੈਮ) ਰਹਿਮ ਦੀ ਧਾਰਣਾ ਸਮਰੱਥਾ ਬਹੁਤ ਘੱਟ ਹੁੰਦੀ ਹੈ ਤੇ ਇਹ ਡਾਟੇ ਨੂੰ ਪੱਕੇ ਤੌਰ ਤੇ ਨਹੀਂ ਸਾਂਭ ਸਕਦੀ ਡਾਟੇ ਨੂੰ ਪੱਕੇ ਤੌਰ ਤੇ ਸਾਂਭਣ ਅਤੇ ਮੁੜ ਵਰਤਣ ਲਈ ਸਟੋਰੇਜ ਭਾਗਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਨ੍ਹਾਂ ਭਾਗਾਂ ਦੀ ਧਾਰਨ ਸਮਰੱਥਾ ਅੰਦਰੂਨੀ ਜਾਂ ਰੈਮ ਮੈਮਰੀ ਦੇ ਮੁਕਾਬਲੇ ਬਹੁਤ ਜ਼ਿਆਦਾ ਹੁੰਦੀ ਹੈ। ਬਿਜਲੀ ਚਲੇ ਜਾਣ ਤੇ ਇਨ੍ਹਾਂ ਵਿੱਚ ਪਿਆ ਡਾਟਾ ਨਸ਼ਟ ਨਹੀਂ ਹੁੰਦਾ ਹਾਰਡ ਡਿਸਕ, ਫਲਾਪੀ ਡਿਸਕ, ਸੀਡੀ, ਡੀਵੀਡੀ, ਪੈੱਨ ਡਰਾਈਵ, ਮੈਮਰੀ ਕਾਰਡ ਆਦਿ ਇਸ ਦੀਆਂ ਮਹੱਤਵਪੂਰਣ ਉਦਾਹਰਣਾਂ ਹਨ

## ਹਾਰਡ ਡਿਸਕ

ਹਾਰਡ ਡਿਸਕ ਕੰਪਿਊਟਰ ਦਾ ਇੱਕ ਮਹੱਤਵਪੂਰਨ ਸਟੋਰੇਜ ਭਾਗ ਹੈ। ਇਹ ਸਿਸਟਮ ਵਿੱਚ ਪੱਕੇ ਤੌਰ ਤੇ ਲੱਗੀ ਹੁੰਦੀ ਹੈ ਜਾਂ ਫਿਰ ਇਸ ਨੂੰ ਯੂ ਐੱਸ ਬੀ ਪੋਰਟ ਵਿਚ ਬਾਹਰੀ ਰੂਪ ਵਿਚ ਲਗਾਇਆ ਜਾ ਸਕਦਾ ਹੈ। ਇਸ ਦੀ ਸਟੋਰੇਜ ਸਮਰੱਥਾ ਬਹੁਤ ਜ਼ਿਆਦਾ ਹੁੰਦੀ ਹੈ। ਸਾਡੇ ਵੱਲੋਂ ਸੇਵ ਕੀਤੇ ਜਾਣ ਵਾਲੇ ਦਸਤਾਵੇਜ਼ ਤਸਵੀਰਾਂ ਵੀਡੀਓ ਆਦਿ ਹਾਰਡ ਡਿਸਕ ਵਿੱਚ ਹੀ ਸਟੋਰ ਹੁੰਦੀਆਂ ਹਨ

## ਫਲਾਪੀ ਡਿਸਕ

ਇਸ ਨੂੰ ਲੋੜ ਪੈਣ ਤੇ ਕੰਪਿਊਟਰ ਨਾਲ ਲਗਾਇਆ ਜਾ ਸਕਦਾ ਹੈ ਇਹੀ ਕਾਰਨ ਹੈ ਕਿ ਇਸ ਨੂੰ ਹਟਾਉਣ ਯੋਗ ਡਿਸਕ ਵੀ ਕਿਹਾ ਜਾਂਦਾ ਹੈ। ਇਸ ਦੀ ਵਰਤੋਂ ਕੰਪਿਊਟਰ ਵਿਚਕਾਰ ਡਾਟੇ ਦਾ ਆਦਾਨ ਪ੍ਰਦਾਨ ਕਰਨ ਅਤੇ ਬੈਕਅੱਪ ਲੈਣ ਲਈ ਕੀਤੀ ਜਾਂਦੀ ਹੈ। ਫਲਾਪੀ ਡਿਸਕ ਦੋ ਆਕਾਰ ਵਿਚ ਉਪਲਬਧ ਹੈ। ਅੱਜਕੱਲ੍ਹ ਇਨ੍ਹਾਂ ਦੀ ਥਾਂ ਸੀਡੀ ਡੀਵੀਡੀ ਪੈਨ ਡ੍ਰਾਈਵ ਅਤੇ ਮੈਮਰੀ ਕਾਰਡ ਨੇ ਲੈ ਲਈ ਹੈ।

## ਸੀਡੀ ਅਤੇ ਡੀਵੀਡੀ

ਸੀਡੀ ਜਾਂ ਸੀਡੀ ਰੋਮ ਕੰਪੈਕਟ ਡਿਸਕ ਰੀਡ ਓਨਲੀ ਦਾ ਸੰਖੇਪ ਨਾਂ ਹੈ। ਫਲੋਪੀ ਦੀ ਤਰ੍ਹਾਂ ਸੀਡੀ ਇੱਕ ਹਟਾਉਣਯੋਗ ਮੀਡੀਆ ਹੈ। ਅੱਜਕੱਲ੍ਹ ਸਟੋਰੇਜ ਅਤੇ ਬੈਕਅੱਪ ਲਈ ਜ਼ਿਆਦਾਤਰ ਸੀਡੀ ਦੀ ਵਰਤੋਂ ਹੀ ਕੀਤੀ ਜਾਂਦੀ ਹੈ। ਬਾਜ਼ਾਰ ਵਿੱਚੋਂ ਕਈ ਗੀਤ ਸੰਗੀਤ ਅਤੇ ਗੇਮਾਂ ਵਾਲੀਆਂ

ਸੀਡੀਆਂ ਮਿਲ ਜਾਂਦੀਆਂ ਹਨ ਇਕ ਸੀਡੀ ਵਿੱਚ ਸੱਤ ਸੌ ਐਮਬੀ ਤਕ ਡਾਟਾ ਰਿਕਾਰਡ ਕੀਤਾ ਜਾ ਸਕਦਾ ਹੈ। ਵੱਧ ਡਾਟੇ ਨੂੰ ਸਟੋਰ ਕਰਨ ਲਈ ਡੀਬੀਡੀ ਦੀ ਵਰਤੋਂ ਕੀਤੀ ਜਾ ਰਹੀ ਹੈ। ਡੀਵੀਡੀ ਦੀ ਸਟੋਰੇਜ ਸਮਰੱਥਾ 4.7 ਜੀਬੀ ਹੁੰਦੀ ਹੈ।

## ਪੈਨ ਡ੍ਰਾਈਵ

ਪੈਨ ਡ੍ਰਾਈਵ ਨੂੰ ਫਲੈਸ਼ ਡਰਾਈਵ ਜਾਂ ਯੂ ਐੱਸ ਬੀ ਡ੍ਰਾਈਵ ਵੀ ਕਿਹਾ ਜਾਂਦਾ ਹੈ। ਇਹ ਕੰਪਿਊਟਰ ਦੀ ਯੂਐਸਬੀ ਪੋਰਟ ਵੇਚ ਸਿੱਧੀ ਲੱਗ ਜਾਂਦੀ ਹੈ। ਇਹ ਅਲੱਗ ਅਲੱਗ ਆਕਾਰਾਂ ਸ਼ਕਲਾਂ ਧਾਰਨ ਸਮਰੱਥਾਵਾਂ ਵਿੱਚ ਉਪਲੱਬਧ ਹੁੰਦੀ ਹੈ। ਵੱਖ ਵੱਖ ਕੰਪਿਊਟਰਾਂ ਦਰਮਿਆਨ ਡਾਟੇ ਦਾ ਆਦਾਨ ਪ੍ਰਦਾਨ ਕਰਨ ਅਤੇ ਡਾਟਾ ਸਟੋਰ ਕਰਨ ਲਈ ਪੈੱਨ ਡਰਾਈਵ ਦੀ ਵਰਤੋਂ ਕੀਤੀ ਜਾਂਦੀ ਹੈ। ਅੱਜਕੱਲ੍ਹ ਦੋ ਮੂੰਹਾਂ ਵਾਲੀ ਪੈਨ ਡ੍ਰਾਈਵ ਵੀ ਉਪਲੱਬਧ ਹੈ। ਜਿਸ ਦਾ ਇੱਕ ਸਿਰਾ ਕੰਪਿਊਟਰ ਜਾਂ ਲੈਪਟਾਪ ਨਾਲ ਤੇ ਦੂਸਰਾ ਮਾਇਕ੍ਰੋ ਯੂਐਸਬੀ ਵਾਲਾ ਸਿਰਾ ਮੋਬਾਇਲ ਫੋਨ ਦੇ ਪੋਰਟ ਵਿਚ ਲਗਾਇਆ ਜਾ ਸਕਦਾ ਹੈ। ਵਾਇਰਸ ਆਦਿ ਤੋਂ ਬਚਣ ਲਈ ਪੈਨ ਡ੍ਰਾਈਵ ਨੂੰ ਵਰਤਣ ਤੋਂ ਪਹਿਲਾਂ ਚੰਗੀ ਤਰ੍ਹਾਂ ਸਕੈਨ ਕਰ ਲੈਣਾ ਚਾਹੀਦਾ ਹੈ।

## ਮੈਮਰੀ ਕਾਰਡ

ਮੈਮੋਰੀ ਕਾਰਡ ਨੂੰ ਫਲੈਸ਼ ਕਾਰਡ ਜਾਂ ਇਲੈਕਟ੍ਰਾਨਿਕ ਫਲੈਸ਼ ਮੈਮਰੀ ਕਿਹਾ ਜਾਂਦਾ ਹੈ। ਇਸ ਦੀ ਵਰਤੋਂ ਡਿਜੀਟਲ ਸੂਚਨਾਵਾਂ ਨੂੰ ਸਾਂਭਣ ਲਈ ਕੀਤੀ ਜਾਂਦੀ ਹੈ। ਇਹ ਡਿਜੀਟਲ ਕੈਮਰਿਆਂ ਮੋਬਾਇਲ ਫੋਨਾਂ ਲੈਪਟਾਪਾਂ ਕੰਪਿਊਟਰਾਂ ਟੈਬਲੇਟ ਕੰਪਿਊਟਰਾਂ ਐਮ ਪੀ ਥ੍ਰੀ ਪਲੇਅਰ ਅਤੇ ਵੀਡਿਓ ਗੇਮਾਂ ਕੌਂਸਲਾਂ ਵਿਚ ਵਰਤੀ ਜਾਂਦੀ ਹਨ ਮੈਮਰੀ ਕਾਰਡ ਨੂੰ ਪੜ੍ਹਨ ਲਈ ਵੱਖਰੇ ਮੈਮਰੀ ਕਾਰਡ ਰੀਡਰ ਦੀ ਵਰਤੋਂ ਕੀਤੀ ਜਾ ਸਕਦੀ ਹੈ।

**ਕੰਪਿਊਟਰ ਦੀਆਂ ਕਿਸਮਾਂ :** ਕੰਪਿਊਟਰ ਨੂੰ ਉਨ੍ਹਾਂ ਦੇ ਕਾਰਜ ਅਤੇ ਸਮਰੱਥਾ ਦੇ ਆਧਾਰ ਤੇ ਹੇਠਾਂ ਲਿਖੇ ਚਾਰ ਭਾਗਾਂ ਵਿੱਚ ਵੰਡਿਆ ਗਿਆ ਹੈ।

1. ਮਾਈਕ੍ਰੋ ਕੰਪਿਊਟਰ
2.ਮਿੰਨੀ ਕੰਪਿਊਟਰ
3.ਮੇਨਫਰੇਮ
4.ਸੁਪਰ ਕੰਪਿਊਟਰ

## 1. ਮਾਈਕ੍ਰੋ ਕੰਪਿਊਟਰ:

ਇਹ ਘਰਾਂ ਵਿਚ ਵਰਤੇ ਜਾਣ ਵਾਲੇ ਆਮ ਕੰਪਿਊਟਰ ਹਨ ਅਸਲ ਵਿੱਚ ਇਹ ਕੰਪਿਊਟਰ ਇੱਕੋ ਸਮੇਂ ਇੱਕ ਵਿਅਕਤੀ ਦੀ ਵਰਤੋਂ ਲਈ ਬਣਾਏ ਗਏ ਹਨ ਇਹੀ ਕਾਰਨ ਹੈ। ਕਿ ਇਸ ਕਿਸਮ ਦੇ ਕੰਪਿਊਟਰਾਂ ਨੂੰ ਪਰਸਨਲ ਕੰਪਿਊਟਰ ਜਾਂ ਪੀ ਸੀ ਜਾਂ ਨਿੱਜੀ ਕੰਪਿਊਟਰ ਕਿਹਾ ਜਾਂਦਾ ਹੈ। ਇਨ੍ਹਾਂ ਦੀ ਵਰਤੋਂ ਦਾ ਖੇਤਰ ਘਰਾਂ ਤੋਂ ਲੈ ਕੇ ਵੱਡੀਆਂ ਸੰਸਥਾਵਾਂ ਤੱਕ ਹੈ। ਇਨ੍ਹਾਂ ਵਿੱਚ ਭਾਵੇਂ ਆਗਤ ਅਤੇ ਨਤੀਜਾ ਦੀ ਸਮਰੱਥਾ ਬਹੁਤ ਸੀਮਤ ਹੈ। ਪਰ ਇਨ੍ਹਾਂ ਦੀ ਮੰਗ ਦਿਨੋਂ ਦਿਨ ਵਧ ਰਹੀ ਹੈ। ਇਨ੍ਹਾਂ ਕੰਪਿਊਟਰਾਂ ਵਿੱਚ ਵੱਖ ਵੱਖ ਪ੍ਰਕਾਰ ਦੇ ਅਪਰੇਟਿੰਗ ਸਿਸਟਮ ਚਲਾਉਣ ਦੀ ਵਿਵਸਥਾ ਹੁੰਦੀ ਹੈ। ਅਜਿਹੇ ਕੰਪਿਊਟਰਾਂ ਨੂੰ ਮਲਟੀਮੀਡੀਆ ਉਪਕਰਣਾਂ ਅਤੇ ਇੰਟਰਨੈੱਟ ਨਾਲ ਵੀ ਜੋੜਿਆ ਜਾ ਸਕਦਾ ਹੈ।

## 2.ਮਿੰਨੀ ਕੰਪਿਊਟਰ :

ਮਿੰਨੀ ਕੰਪਿਊਟਰ 1960ਈ ਦੌਰਾਨ ਵਰਤੋਂ ਵਿਚ ਲਿਆਂਦੇ ਗਏ ਇਹ ਆਕਾਰ ਵਿੱਚ ਦਰਮਿਆਨੇ ਹੁੰਦੇ ਹਨ ਤੇ ਇਨ੍ਹਾਂ ਦੀ ਕਾਰਜ ਸਮਰੱਥਾ ਵੀ ਬਹੁਤ ਨਹੀਂ ਹੁੰਦੀ ਇਹ ਕੰਪਿਊਟਰ ਮਾਈਕ੍ਰੋ ਕੰਪਿਊਟਰ ਨਾਲੋਂ ਪੰਜ ਗੁਣਾ ਤੇਜ਼ ਹੁੰਦੇ ਹਨ ਇਨ੍ਹਾਂ ਵਿੱਚ ਜਲਦੀ ਨਾਲ ਕੋਈ ਖ਼ਰਾਬੀ ਨਹੀਂ ਆਉਂਦੀ ਇਨ੍ਹਾਂ ਦੀ ਮੁਰੰਮਤ ਵੀ ਸੌਖੀ ਹੈ। ਇਨ੍ਹਾਂ ਤੇ ਇਕੋ ਸਮੇਂ ਕਈ ਵਰਤੋਂਕਾਰ ਇਕੱਠੇ ਕੰਮ ਕਰ ਸਕਦੇ ਹਨ ਇਨ੍ਹਾਂ ਦਾ ਆਕਾਰ ਇੱਕ ਡੈਕਸਟਾਪ ਮਾਡਲ ਤੋਂ ਲੈ ਕੇ ਛੋਟੀ ਅਲਮਾਰੀ ਜਿਹਾ ਹੋ ਸਕਦਾ ਹੈ।

## 3.ਮੇਨ ਫਰੇਮ

ਕੰਪਿਊਟਰ ਜ਼ਿਆਦਾ ਮਾਤਰਾ ਵਿੱਚ ਅੰਕੜਿਆਂ ਨੂੰ ਸਟੋਰ ਕਰਨ ਲਈ ਜਿਹੜੇ ਕੰਪਿਊਟਰ ਵਰਤੇ ਜਾਂਦੇ ਹਨ ਉਨ੍ਹਾਂ ਨੂੰ ਮੇਨ ਫਰੇਮ ਕੰਪਿਊਟਰ ਕਿਹਾ ਜਾਂਦਾ ਹੈ। ਇਨ੍ਹਾਂ ਦੀ ਕਾਰਜ ਸ਼ਕਤੀ ਮਿੰਨੀ ਕੰਪਿਊਟਰ ਨਾਲੋਂ ਵੱਧ ਹੁੰਦੀ ਹੈ। ਇਨ੍ਹਾਂ ਦੀ ਵਰਤੋਂ ਬੈਂਕਾਂ ਬੀਮਾ ਸੰਸਥਾਵਾਂ ਅਤੇ ਫੈਕਟਰੀਆਂ ਵਿੱਚ ਕੀਤੀ ਜਾਂਦੀ ਹੈ। ਇਨ੍ਹਾਂ ਕੰਪਿਊਟਰਾਂ ਨੂੰ ਮੁੱਖ ਕੰਪਿਊਟਰ ਵਜੋਂ ਵਰਤ ਕੇ ਦੂਜੇ ਕੰਪਿਊਟਰਾਂ ਨਾਲ ਵੀ ਜੋੜਿਆ ਜਾ ਸਕਦਾ ਹੈ।

ਇਹ ਆਮ ਕੰਪਿਊਟਰ ਨਾਲੋਂ ਵੱਡੇ ਤੇ ਸ਼ਕਤੀਸ਼ਾਲੀ ਹੁੰਦੇ ਹਨ ਇਹ ਕੰਪਿਊਟਰ ਵੱਡੀਆਂ ਵੱਡੀਆਂ ਸੰਸਥਾਵਾਂ ਵੱਡੇ ਤੇ ਗੁੰਜਲਦਾਰ ਕੰਮਾਂ ਨੂੰ ਕਰਵਾਉਣ ਲਈ ਵਰਤੇ ਜਾਂਦੇ ਹਨ।

## 4.ਸੁਪਰ ਕੰਪਿਊਟਰ :



ਸੁਪਰ ਕੰਪਿਊਟਰ ਸਭ ਤੋਂ ਤੇਜ਼ ਵੱਡੇ ਤੇ ਮਹਿੰਗੇ ਕੰਪਿਊਟਰ ਹਨ ਇਨ੍ਹਾਂ ਦੀ ਵਰਤੋਂ ਇੱਥੇ ਕੀਤੀ ਜਾਂਦੀ ਹੈ। ਜਿੱਥੇ ਬਹੁਤ ਹੀ ਜ਼ਿਆਦਾ ਗਣਿਤਕ ਅਤੇ ਗੁੰਝਲਦਾਰ ਘਟਨਾਵਾਂ ਕਰਵਾਉਣੀਆਂ ਹੋਣ ਮੌਸਮ ਸਬੰਧੀ ਭਵਿੱਖਬਾਣੀ ਲਈ ਵੀ ਇਨ੍ਹਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਭੂਚਾਲ ਅਤੇ ਹੋਰਨਾਂ ਕੁਦਰਤੀ ਆਫ਼ਤਾਂ ਬਾਰੇ ਅਗਾਊਂ ਜਾਣਕਾਰੀ ਦੇਣ ਅਤੇ ਪ੍ਰਮਾਣੂ ਨਿਰੀਖਣਾਂ ਨੂੰ ਕਰਵਾਉਣ ਲਈ ਵਰਤੇ ਜਾਂਦੇ ਹਨ ਸ਼ੈਮਰ ਕੇਅਰ ਨਾਮ ਦੇ ਵਿਅਕਤੀ ਨੂੰ ਸੁਪਰ ਕੰਪਿਊਟਰ ਦਾ ਪਿਤਾਮਾ ਕਿਹਾ ਜਾਂਦਾ ਹੈ। ਕਾਰਜ ਦੇ ਸਿਧਾਂਤ ਦੇ ਆਧਾਰ ਤੇ ਕੰਪਿਊਟਰਾਂ ਨੂੰ ਐਨਾਲਾਗ ਕੰਪਿਊਟਰ ਡੀਜ਼ੀਟਲ ਕੰਪਿਊਟਰ ਅਤੇ ਹਾਈਬ੍ਰਿਡ ਕੰਪਿਊਟਰ ਵਿੱਚ ਵਰਗੀਕਰਨ ਕੀਤਾ ਜਾਂਦਾ ਹੈ। ਕੁਝ ਹੋਰ ਕੰਪਿਊਟਰ ਹਨ ਜਿਵੇਂ ਲੈਪਟਾਪ ਪਾਮਟਮ ਅਤੇ ਟੈਬਲੇਟ ਪੀ ਸੀ

## ੳ. ਲੈਪਟਾਪ :

ਲੈਪਟਾਪ ਇੱਕ ਛੋਟੇ ਟੈਚੀ ਜਿਹੇ ਹੁੰਦੇ ਹਨ ਜਿਸ ਕਾਰਨ ਉਨ੍ਹਾਂ ਨੂੰ ਬਰੀਫ ਕੇਸ ਕੰਪਿਊਟਰ ਵੀ ਕਿਹਾ ਜਾਂਦਾ ਹੈ। ਇਹ ਛੋਟੇ ਕੰਪਿਊਟਰ ਹੁੰਦੇ ਹਨ ਤੇ ਸਾਡੀ ਗੋਦੀ ਲੈਪ ਵਿੱਚ ਬੜੀ ਆਸਾਨੀ ਨਾਲ ਰੱਖੇ ਜਾ ਸਕਦੇ ਹਨ ਜਿਸ ਕਾਰਨ ਇਨ੍ਹਾਂ ਨੂੰ ਲੈਪਟਾਪ ਦਾ ਨਾਂ ਦਿੱਤਾ ਗਿਆ ਹੈ। ਛੋਟਾ ਆਕਾਰ ਅਤੇ ਉਚਾਵੇਂ ਹੋਣ ਕਾਰਨ ਇਨ੍ਹਾਂ ਦੀ ਵਰਤੋਂ ਤੁਰਦੀ ਫਿਰਦੀ ਜਾਂ ਸਫ਼ਰ ਦੌਰਾਨ ਕੀਤੀ ਜਾ ਸਕਦੀ ਹੈ। ਊਰਜਾ ਲਈ ਉਨ੍ਹਾਂ ਵਿਚ ਬੈਟਰੀ ਲੱਗੀ ਹੁੰਦੀ ਹੈ। ਇਨ੍ਹਾਂ ਨੂੰ ਮੋਬਾਇਲ ਫੋਨ ਦੀ ਤਰ੍ਹਾਂ ਚਾਰਜ ਕਰਨਾ ਪੈਂਦਾ ਹੈ। ਇਨ੍ਹਾਂ ਤੋਂ ਪਰਸਨਲ ਕੰਪਿਊਟਰ ਵਾਲੇ ਸਾਰੇ ਕੰਮ ਲਏ ਜਾ ਸਕਦੇ ਹਨ ਇਨ੍ਹਾਂ ਦੀ ਸਕਰੀਨ ਮੌਨੀਟਰ ਦੀ ਤਰ੍ਹਾਂ ਸੀ ਆਰ ਟੀ ਦੀ ਨਹੀਂ ਸਗੋਂ ਐਲਸੀਡੀ ਜਾਂ ਐਲਈਡੀ ਦੀ ਬਣੀ ਹੁੰਦੀ ਹੈ। ਇਸ ਵਿੱਚ ਸੀਡੀ ਫਲਾਪੀ ਡੀਵੀਡੀ ਹਾਰਡ ਡਿਸਕ ਮਾਡਮ ਆਦਿ ਵੀ ਲੱਗੇ ਹੁੰਦੇ ਹਨ ਇਨ੍ਹਾਂ ਨਾਲ ਰਵਾਇਤੀ ਕੀ ਬੋਰਡ ਮਾਊਸ ਪ੍ਰਿੰਟਰ ਅਤੇ ਮੀਟਰ ਆਦਿ ਨੂੰ ਵੀ ਜੋੜਿਆ ਜਾ ਸਕਦਾ ਹੈ। ਲੈਪਟਾਪ ਕੰਪਿਊਟਰ ਅਫ਼ਸਰਾਂ ਇੰਜੀਨੀਅਰਾਂ ਪੱਤਰਕਾਰਾਂ ਵਿਗਿਆਨੀਆਂ ਖੋਜਾਰਥੀਆਂ ਅਤੇ ਵਪਾਰੀਆਂ ਲਈ ਕਾਫੀ ਫਾਇਦੇਮੰਦ ਸਾਬਿਤ ਹੁੰਦੇ ਹਨ

## ਅ.ਪਾਮਟਾਮ

ਪਾਮਟਾਮ ਨਿੱਜੀ ਕੰਪਿਊਟਰ ਹੁੰਦੇ ਹਨ ਤੇ ਉਨ੍ਹਾਂ ਦਾ ਆਕਾਰ ਇੰਨਾ ਛੋਟਾ ਹੁੰਦਾ ਹੈ। ਕਿ ਇਹ ਬੜੀ ਆਸਾਨੀ ਨਾਲ ਸਾਡੀ ਮੁੱਠੀ ਵਿੱਚ ਆ ਸਕਦੇ ਹਨ ਪਾਮਟਾਪ ਦੀ ਸਕਰੀਨ ਇੱਕ ਵਿਸ਼ੇਸ਼ ਕਿਸਮ ਦੀ ਹੁੰਦੀ ਹੈ। ਜਿਸ ਤੇ ਇੱਕ ਖ਼ਾਸ ਕਿਸਮ ਦੀ ਤੀਲੀ ਸਟਾਈਲਸ ਪੈੱਨ ਨਾਲ ਸੰਕੇਤ ਦੇ ਕੇ ਕੰਪਿਊਟਰ ਨੂੰ ਇਨਪੁੱਟ ਦਿੱਤੀ ਜਾਂਦੀ ਹੈ। ਇਸ ਦਾ ਇੱਕ ਛੋਟਾ ਜਿਹਾ ਕੀ ਬੋਰਡ ਹੁੰਦਾ ਹੈ। ਪਰ ਇਸ ਦੇ ਬਟਨ ਬਹੁਤ ਸੂਖ਼ਮ ਹੁੰਦੇ ਹਨ ਤੇ ਉਨ੍ਹਾਂ ਨੂੰ ਉਂਗਲਾਂ ਨਾਲ ਨਹੀਂ ਦਬਾਇਆ ਜਾ ਸਕਦਾ ਇਸ ਲਈ ਬਟਨ ਦਬਾਉਣ ਲਈ ਵਿਸ਼ੇਸ਼ ਤੀਲੀ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਵਿੱਚ ਭੰਡਾਰਨ ਲਈ ਫਲੈਕਸ ਕਾਰਡ ਲੱਗਿਆ ਹੁੰਦਾ ਹੈ। ਪਾਰਟ ਟਾਈਮ ਨੂੰ ਬਲੂਟੁੱਥ ਜਾਂ ਵਾਈ ਫਾਈ ਰਾਹੀਂ ਪੀਸੀ ਨਾਲ ਜੋੜਿਆ ਜਾ ਸਕਦਾ ਹੈ। ਤੇ ਇੰਟਰਨੈੱਟ ਦੀ ਸਹੂਲਤ ਵੀ ਪ੍ਰਾਪਤ ਕੀਤੀ ਜਾ ਸਕਦੀ ਹੈ।

## ੲ. ਟੇਬਲੇਟ ਪੀ ਸੀ:

ਟੈਬਲੇਟ ਵਿਚ ਪੀ ਸੀ ਦੇ ਜ਼ਰੂਰੀ ਅੰਗ ਸਮਝੇ ਜਾਣ ਵਾਲੇ ਕੀ ਬੋਰਡ ਅਤੇ ਮਾਊਸ ਬਿਲਕੁਲ ਨਹੀਂ ਹੁੰਦੇ ਇਸ ਵਿਚ ਇਨਪੁੱਟ ਇੱਕ ਵਿਸ਼ੇਸ਼ ਪੈੱਨ ਦੀ ਵਰਤੋਂ ਨਾਲ ਕੀਤੀ ਜਾਂਦੀ ਹੈ। ਇਸ ਪੈੱਨ ਨਾਲ ਲਿਖੀ ਹਰੇਕ ਸ਼ੈਅ ਕੰਪਿਊਟਰ ਦੀ ਲਿਖਤ ਵਿੱਚ ਤਬਦੀਲ ਹੋ ਜਾਂਦੀ ਹੈ। ਇਨ੍ਹਾਂ ਦੀ ਸਕਰੀਨ ਇੱਕ ਵਿਸ਼ੇਸ਼ ਕਿਸਮ ਦੀ ਹੁੰਦੀ ਹੈ। ਜਿਸ ਤੇ ਉਂਗਲੀ ਦੀ ਛੋਹ ਰਾਹੀਂ ਆਦੇਸ਼ ਦਿੱਤੇ ਜਾ ਸਕਦੇ ਹਨ ਇਸ ਤੇ ਟਾਈਪ ਕਰਨ ਲਈ ਸਮਾਰਟ ਫੋਨਾਂ ਦੀ ਤਰ੍ਹਾਂ ਆਨ ਸਕਰੀਨ ਕੀ ਬੋਰਡ ਉਪਲੱਬਧ ਹੁੰਦਾ ਹੈ। ਇਹ ਕੰਪਿਊਟਰ ਖਾਸ ਤੌਰ ਉਨ੍ਹਾਂ ਵਿਅਕਤੀਆਂ ਲਈ ਬਣਾਏ ਗਏ ਹਨ ਜੋ ਸਫ਼ਰ ਦੌਰਾਨ ਇੰਟਰਨੈੱਟ ਨਾਲ ਜੁੜਨਾ ਚਾਹੁੰਦੇ ਹਨ ਇਹ ਕੰਪਿਊਟਰ ਧਰਤੀ ਤੇ ਗਤੀਸ਼ੀਲ ਰਹਿੰਦਿਆਂ ਕਿਧਰੇ ਵੀ ਵਰਤੇ ਜਾ ਸਕਦੇ ਹਨ।



## ਸਾਰੰਸ਼:

ਉਪਰੋਕਤ ਵਿਚਾਰ ਚਰਚਾ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਕੰਪਿਊਟਰ ਨੈੱਟਵਰਕ ਨੇ ਖੋਜਕਾਰਾਂ ਸਿਖਿਆਰਥੀਆਂ ਨੂੰ ਬਹੁਤ ਵਧੀਆ ਪਲੇਟਫਾਰਮ ਦਿੱਤਾ ਹੈ ਜਿਸ ਰਾਹੀਂ ਉਹ ਆਪਣੀ ਭਾਸ਼ਾ ਖੋਜ ਪੱਤਰ ਸੂਚਨਾ ਨੂੰ ਦੂਜਿਆਂ ਨਾਲ ਸਾਂਝੀ ਕਰਕੇ ਸੁਧਾਰ ਸਕਦਾ ਹੈ ਅੱਜ ਦੇ ਤਕਨਾਲੋਜੀ ਸੰਸਾਰ ਵਿੱਚ ਤਰਕੀਬਨ ਖੇਤਰੀ ਕੰਪਿਊਟਰ ਤਕਨਾਲੋਜੀ ਦੇ ਪ੍ਰਭਾਵ ਹੇਠ ਹੈ ਟ੍ਰੈਫਿਕ ਸਿਗਨਲ ਨੂੰ ਕੰਟ੍ਰੋਲ ਕਰਨ ਤੋਂ ਲੈ ਕੇ ਪੁਲਾੜ ਵਿੱਚ ਰਾਕਟ ਨੂੰ ਸੰਭਾਲਣ ਤਕ ਸਭ ਕੁਝ ਕੰਪਿਊਟਰ ਤਕਨਾਲੋਜੀ ਨਾਲ ਚਲਾਇਆ ਜਾਣਾ ਹੀ ਅਦਭੁੱਤ ਹੈ ਅੱਜਕੱਲ੍ਹ ਘਰਾਂ ਵਿੱਚ ਚਲਾਈਆਂ ਜਾਣ ਵਾਲੀਆਂ ਵਸਤੂਆਂ ਵੀ ਇਸ ਦੇ ਪ੍ਰਭਾਵ ਤੋਂ ਨਹੀਂ ਬਚ ਸਕੀਆਂ ਇਸ ਦੀ ਸਭ ਤੋਂ ਵੱਡੀ ਉਦਾਹਰਣ ਰੋਜ਼ਮੱਰਾ ਦੇ ਹਿਸਾਬ ਕਿਤਾਬ ਰੱਖਣ ਲਈ ਘਰੇਲੂ ਕੰਪਿਊਟਰ ਹੀ ਹੈ।

## ਮੁੱਖ/ਕੇਂਦਰੀ ਸ਼ਬਦ:

ਕੰਪਿਊਟਰ---ਇਲੈਕਟ੍ਰਾਨਿਕ ਯੰਤਰ

ਇਨਪੁਟ ---ਕਮਾਂਡ ਦੇਣੀ

ਆਊਟਪੁੱਟ ---ਨਤੀਜੇ

ਡਾਟਾ ਸਟੋਰ --- ਨਤੀਜੇ ਨੂੰ ਮੈਮਰੀ ਵਿਚ ਸਾਂਭਣਾ

ਐਬਾਕਸ---ਗਣਨਾ ਮਸ਼ੀਨ

ਪਾਸਕਲੀਨ--- ਗਿਣਤੀ ਕਰਨ ਵਾਲੀ ਮਸ਼ੀਨ

## ਸਵੈ-ਮੁਲਾਂਕਣ:

## ਖਾਲੀ ਥਾਂ ਭਰੋ

1.ਕੰਪਿਊਟਰ ਇਕ...................... ਹੈ

ੳ. ਇਲੈਕਟ੍ਰਨਿਕ ਯੰਤਰ

ਅ. ਕਿਰਿਆਤਮਕ

ੲ. ਵਿਹਲਾ ਸਮਾਂ

ਸ. ਕੋਈ ਵੀ ਨਹੀਂ

2.ਕੰਪਿਊਟਰ ਕੀ ਹੈ ?

ੳ. ਇਲੈਕਟ੍ਰਾਨਿਕ ਮਸ਼ੀਨ
ਅ. ਯਾਤਰਾ ਦਾ ਸਾਧਨ
ੲ. ਗੁਪਤ ਭਾਸ਼ਾ ਦਾ ਸਾਧਨ
ਸ. ਉਪਰੋਕਤ ਸਾਰੇ

3. ਕੰਪਿਊਟਰ ਸ਼ਬਦ ਦੀ ਉਤਪੱਤੀ ਹੋਈ ਹੈ।

ੳ. ਕੰਪਿਊਟ
ਅ. ਕੰਪੈਕਟ
ੲ. ਕੰਪਾਊਂਡ
ਸ. ਕੰਪੈਰੇਟਿਵ

4. ਕੰਪਿਊਟਰ ਸ਼ਬਦ ਦਾ ਅਰਥ ਹੈ।

ੳ. ਨਕਲ ਕਰਨੀ
ਅ. ਗੱਲਬਾਤ ਕਰਨੀ
ੲ. ਗਣਨਾ ਜਾਂ ਹਿਸਾਬ ਕਰਨਾ
ਸ. ਉਪਰੋਕਤ ਸਾਰੇ

5. ਕੰਪਿਊਟਰ ਕੰਮ ਕਰਨ ਦਾ ਤਰੀਕਾ ਹੈ।

ੳ. ਇਨਪੁਟ ਲੈਣੀ
ਅ. ਪ੍ਰੋਸੈਸਿੰਗ ਕਰਨੀ
ੲ. ਡਾਟਾ ਸਟੋਰ ਕਰਨਾ
ਸ. ਉਪਰੋਕਤ ਸਾਰੇ

6. ਮਨੁੱਖ ਦੇ ਕੰਮ ਕਰਨ ਦੀ ਰਫਤਾਰ ਕੰਪਿਊਟਰ ਦੇ ਮੁਕਾਬਲੇ ਬਹੁਤ ਧੀਮੀ ਹੈ, ਪਰ ਕੰਪਿਊਟਰ ਮਨੁੱਖ ਨਾਲੋਂ ਤੇਜ਼ ਕੰਮ ਕਰਦਾ ਹੈ ਵਿਚਾਰ ਦਸੋ।

ੳ. ਸਹੀ
ਅ. ਗਲਤ

7. ਮਨੁੱਖ ਆਪਣੇ ਆਪ ਕੰਮ ਕਰ ਸਕਦਾ ਹੈ ਪਰ ਕੰਪਿਊਟਰ ਆਪਣੇ ਆਪ ਨਹੀਂ ਕਰ ਸਕਦਾ ਕਥਨ ਦੱਸੋ

ੳ. ਗਲਤ
ਅ. ਸਹੀ

8. ਮਨੁੱਖ ਇੱਕ ਬੁੱਧੀਮਾਨ ਜੀਵ ਹੈ ਪਰ ਕੰਪਿਊਟਰ ਵਿਚ ਬੁੱਧੀ ਨਹੀਂ ਹੁੰਦੀ।

ੳ. ਸਹੀ
ਅ. ਗਲਤ

9.ਮਨੁੱਖ ਕੰਮ ਕਰਦਾ ਕਰਦਾ ਥੱਕ ਜਾਂਦਾ ਹੈ ਪਰ ਕੰਪਿਊਟਰ ਕਦੇ ਨਹੀਂ ਥਕਦਾ-

ੳ. ਸਹੀ

ਅ. ਗਲਤ

10. ਮਨੁੱਖ ਦੀ ਯਾਦਾਸ਼ਤ ਅਸਥਾਈ ਹੈ। ਕੰਪਿਊਟਰ ਦੀ ਯਾਦਾਸ਼ਤ ਸਥਾਈ ਅਤੇ ਵਿਸ਼ਾਲ ਨਹੀਂ ਹੈ।

ੳ. ਗਲਤ

ਅ. ਸਹੀ

11. ਐਬਾਕਸ ਤੋ ਕੀ ਭਾਵ ਹੈ।

ੳ.  ਗਣਨਾ ਕਰਨ ਵਾਲੀ ਮਸ਼ੀਨ

ਅ. ਲੜਨ ਵਾਲੀ ਮਸ਼ੀਨ

ੲ. ਗੱਲ ਕਰਨ ਵਾਲੀ ਮਸ਼ੀਨ

ਸ. ਉਪਰੋਕਤ ਸਾਰੇ

12. ਪਾਸਕਲੀਨ ਦਾ ਜਨਮ ਹੋਇਆ

ੳ. 1642

ਅ. 1643

ੲ. 1943

ਸ. 1835

13. ਕੰਪਿਊਟਰ ਦਾ ਪਿਤਾਮਾ ਮੰਨਿਆ ਜਾਂਦਾ ਹੈ।

ੳ. ਬਲੇਜ ਪਾਸਕਲ

ਅ. ਜੋਹਨ ਨੇਪੀਅਰ

ੲ. ਐਬਾਕਸ

ਸ. ਚਾਰਲਸ ਬਾਬੇਜ

14. ਕੰਪਿਊਟਰ ਦੀਆਂ ਵਿਸ਼ੇਸ਼ਤਾਵਾਂ ਹਨ।

ੳ. ਯਾਦਦਾਸ਼ਤ ਮੈਮਰੀ

ਅ. ਰਫਤਾਰ

ੲ. ਉਦਮਤਾ

ਸ. ਉਪਰੋਕਤ ਸਾਰੇ

15. ਕੰਪਿਊਟਰ ਦੇ ਭਾਗ ਹਨ।

ੳ. ਕੀ-ਬੋਰਡ

ਅ. ਸਕੈਨਰ

ੲ. ਮਾਊਸ

ਸ. ਉਪਰੋਕਤ ਸਾਰੇ

**ਅਭਿਆਸ ਪ੍ਰਸ਼ਨ**

1. ਕੰਪਿਊਟਰ ਤੋਂ ਕੀ ਭਾਵ ਹੈ
2. ਕੰਪਿਊਟਰ ਦੇ ਭਾਗ ਹਨ

3. ਕੰਪਿਊਟਰ ਦਾ ਸਟੋਰੇਜ਼ ਭਾਗ ਹੈ
4. ਕੰਪਿਊਟਰ ਦੀਆਂ ਕਿਸਮਾਂ ਹਨ
5. ਮਿੰਨੀ ਕੰਪਿਊਟਰ ਕੀ ਹੈ

**ਸੰਦਰਭ ਪੁਸਤਕਾਂ:**


- ਡਾ. ਹਰਬੰਸ ਸਿੰਘ ਧੀਮਾਨ, ਗਗਨਦੀਪ ਕੌਰ, ਕਾਰਜੀ ਪੰਜਾਬੀ ਤੇ ਸੂਚਨਾ ਟੈਕਨਾਲੋਜੀ, ਨਿਊ ਬੁੱਕ ਕੰਪਨੀ, ਜਲੰਧਰ, 2011.
- ਡਾ. ਸੀ.ਪੀ ਕੰਬੋਜ, ਪੰਜਾਬੀ ਭਾਸ਼ਾ ਦਾ ਕੰਪਿਊਟਰੀਕਰਨ, ਗਰੈਸ਼ੀਅਸ ਬੁੱਕ, ਪਟਿਆਲਾ, 2015.
- ਡਾ. ਸੀ.ਪੀ ਕੰਬੋਜ, ਕੰਪਿਊਟਰ ਵਿਗਿਆਨ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 2016.
- ਡਾ. ਸੀ.ਪੀ ਕੰਬੋਜ, ਅਜੋਕਾ ਫੋਨ ਸੰਸਾਰ, ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ, 2016.


**ਮਹੱਤਵਪੂਰਨ ਲਿੰਕ**

https://punjabipedia.org/topic.aspx?txt=%E0%A8%95%E0%A9%B0%E0%A8%AA%E0%A8%BF%E0%A8%8A%E0%A8%9F%E0%A8%B0%20%E0%A8%A6%E0%A9%80%E0%A8%86%E0%A8%82%20%E0%A8%B5%E0%A8%BF%E0%A8%B6%E0%A9%87%E0%A8%B6%E0%A8%A4%E0%A8%BE%E0%A8%B5%E0%A8%BE%E0%A8%82

http://www.diprpunjab.gov.in/?q=node/3985

**ਉੱਤਰਮਾਲਾ**

| | | | | |
|---|---|---|---|---|
| 1. ੳ | 2. ੳ | 3. ੳ | 4. ੲ | 5. ਸ |
| 6. ੳ | 7. ਅ | 8. ਅ | 9. ੳ | 10. ੳ |
| 11. ੳ | 12. ੳ | 13. ਸ | 14. ਸ | 15. ਸ |

**DPBI536**

# ਅਧਿਆਇ- 5 : ਕੰਪਿਊਟਰ ਅਤੇ ਯੂਨੀਕੋਡ ਪ੍ਰਣਾਲੀ

ਵਿਸ਼ਾ ਵਸਤੂ (Content)


1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ
9. ਮੱਹਤਵਪੂਰਨ ਵੈੱਬਸਾਇਟਸ


## ਉਦੇਸ਼

1. **ਵਿਦਿਆਰਥੀ ਯੂਨੀਕੋਡ ਨੂੰ ਵਰਤਣ ਬਾਰੇ ਜਾਣਨਗੇ**
2. **ਵਿਦਿਆਰਥੀ ਯੂਨੀਕੋਡ ਦੀਆਂ ਕਿਸਮਾਂ ਬਾਰੇ ਜਾਣਨਗੇ।**
3. **ਵਿਦਿਆਰਥੀ ਯੂਨੀਕੋਡ ਦੇ ਮਹੱਤਵ ਬਾਰੇ ਜਾਣਨਗੇ।**
4. **ਵਿਦਿਆਰਥੀ ਯੂਨੀਕੋਡ ਦੀਆਂ ਵਿਸ਼ੇਸ਼ਤਾਵਾਂ ਬਾਰੇ ਜਾਣਨਗੇ।**

## ਪ੍ਰਸਤਾਵਨਾ :

ਯੂਨੀਕੋਡ ਇਕ ਅੰਤਰਰਾਸ਼ਟਰੀ ਪ੍ਰਣਾਲੀ ਹੈ ਇਸ ਵਿਚ ਟਾਇਪਿੰਗ ਰਵਾਇਤੀ ਫੌਂਟਾਂ ਦੀ ਬਜਾਏ ਬਹੁਤ ਲਾਭ ਹਨ। ਯੂਨੀਕੋਡ ਇੱਕ ਅੰਤਰਰਾਸ਼ਟਰੀ ਆਖਰ ਸੰਕੇਤ ਪ੍ਰਣਾਲੀ ਹੈ। ਇਸ ਵਿੱਚ ਦੁਨੀਆਂ ਦੀ ਹਰੇਕ ਪ੍ਰਮੁੱਖ ਭਾਸ਼ਾ ਦੇ ਅੱਖਰਾਂ ਅੰਕਾਂ ਅਤੇ ਵਿਸ਼ੇਸ਼ ਚਿੰਨ੍ਹਾਂ ਆਦਿ ਨੂੰ ਸ਼ਾਮਲ ਕੀਤਾ ਗਿਆ ਹੈ। ਯੂਨੀਕੋਡ ਪ੍ਰਣਾਲੀ ਦੁਨੀਆਂ ਦੀਆਂ ਵਿਭਿੰਨ ਭਾਸ਼ਾਵਾਂ ਦੇ ਅੱਖਰਾਂ ਅੰਕਾਂ ਆਦਿ ਨੂੰ ਇੱਕ ਵਿਸ਼ੇਸ਼ ਅਤੇ ਵਿਲੱਖਣ ਕੋਡ ਪ੍ਰਦਾਨ ਕਰਵਾਉਂਦੀ ਹੈ। ਜੋ ਯੂਨੀਕੋਡ ਅਨੁਕੂਲ ਵਾਲੇ ਹਰੇਕ ਕੰਪਿਊਟਰ ਉੱਤੇ ਹਮੇਸ਼ਾਂ ਸਥਿਰ ਰਹਿੰਦਾ ਹੈ। ਇਹੀ ਕਾਰਨ ਹੈ। ਕਿ ਫੌਂਟਾਂ ਦੀ ਸਮੱਸਿਆ ਦਾ ਹੱਲ ਯੂਨੀਕੋਡ ਨੇ ਬਾਖ਼ੂਬੀ ਕੱਢ ਲਿਆ ਹੈ। ਯੂਨੀਕੋਡ ਪ੍ਰਣਾਲੀ 16 ਬਿਟ ਆਕਾਰ ਵਾਲੀ ਪ੍ਰਣਾਲੀ ਹੈ। ਇਸ ਵਿੱਚ ਵੱਖ ਵੱਖ ਭਾਸ਼ਾਵਾਂ ਦੀ 65536 ਅੱਖਰਾਂ ਨੂੰ ਦਰਸਾਇਆ ਜਾ ਸਕਦਾ ਹੈ। ਯੂਨੀਕੋਡ ਪ੍ਰਣਾਲੀ ਕੰਪਿਊਟਰ ਵਿੱਚ ਅੰਕੜਾ ਭੰਡਾਰਨ ਲਈ ਇਕ ਸੰਕੇਤ ਮਾਣਕ ਤੈਅ ਕਰਦੀ ਹੈ। ਇਸ ਪ੍ਰਣਾਲੀ ਦੀ ਹੋਂਦ ਚ ਆਉਣ ਨਾਲ ਕੰਪਿਊਟਰ ਦੀ ਦੁਨੀਆਂ ਵਿੱਚ ਇੱਕ ਨਵੀਂ ਕ੍ਰਾਂਤੀ ਆਈ ਹੈ। ਇਸ ਨਾਲ ਅੰਗਰੇਜ਼ੀ ਤੋਂ ਇਲਾਵਾ ਵਿਸ਼ਵ ਦੀਆਂ ਦੂਸਰੀਆਂ ਭਾਸ਼ਾਵਾਂ ਨੂੰ ਵਿਆਪਕ ਰੂਪ ਵਿੱਚ ਕੰਪਿਊਟਰ ਤੇ ਵਰਤਣਾ ਸੰਭਵ ਹੋਇਆ ਹੈ।

## ਵਿਸ਼ਾ:

ਕੰਪਿਊਟਰ ਇਕ ਅੰਕੜਾ ਪ੍ਰਕਿਰਿਆ ਮਸ਼ੀਨ ਹੈ। ਕੰਪਿਊਟਰ ਉੱਤੇ ਪਾਏ ਜਾਣ ਵਾਲੇ ਦਸਤਾਵੇਜ਼ ਗੀਤ ਸੰਗੀਤ ਫੋਟੋਆਂ ਅਤੇ ਫ਼ਿਲਮਾਂ ਆ ਦਾ ਮੂਲ ਆਧਾਰ ਅੰਕੜਾ ਹੀ ਹੈ। ਦੂਜੇ ਸ਼ਬਦਾਂ ਵਿੱਚ ਕੰਪਿਊਟਰ ਉੱਤੇ ਨਜ਼ਰ ਆਉਣ ਵਾਲੀ ਕੋਈ ਚੀਜ਼ ਸਾਡੇ ਲਈ ਭਾਵੇਂ ਅੱਖਰ, ਫ਼ੋਟੋ,ਆਵਾਜ਼ ਆਦਿ ਭਲੇ ਹੀ ਕਿਉਂ ਨਾ ਹੋਵੇ ਕੰਪਿਊਟਰ ਲਈ ਇਹ ਸਿਰਫ਼ ਅੰਕੜੇ ਹੀ ਹਨ ਤੁਸੀਂ ਇਹ ਜਾਣ ਕੇ ਹੈਰਾਨ ਹੋਵੋਗੇ ਕਿ ਕੰਪਿਊਟਰ ਸਿਰਫ ਦੋ ਅੰਕਾਂ ਸਿਫਰ (0) ਅਤੇ ਇਕ (1) ਨੂੰ ਹੀ ਸਮਝ ਸਕਦਾ ਹੈ। ਪੰਜਾਹ ਸਿਫਰ ਅਤੇ ਇਕ ਹੀ ਕੰਪਿਊਟਰ ਲਈ ਅੰਕੜੇ ਡਾਟਾ ਹਨ ਸਿਫਰ ਅਤੇ ਇਕ ਦੇ ਸੁਮੇਲ ਨਾਲ ਹੀ ਬਣੀ ਅੰਕੜਿਆਂ ਦੀ ਇਸ ਵਿਲੱਖਣ ਪ੍ਰਣਾਲੀ ਨੂੰ ਬਾਇਨਰੀ ਅੰਕ ਪ੍ਰਣਾਲੀ ਕੰਪਿਊਟਰ ਦੀ ਭਾਸ਼ਾ ਕਿਹਾ ਜਾਂਦਾ ਹੈ। ਕੰਪਿਊਟਰ ਵਿੱਚ ਧੁਰ ਤਕ ਵਰਤੀ ਜਾਣ ਵਾਲੀ ਇਨ੍ਹਾਂ ਦੋ ਅੰਕਾਂ ਜ਼ੀਰੋ ਅਤੇ ਇਕ ਨੂੰ ਬਿਟਸ ਬਾਇਨਰੀ ਡਿਜਿਟ ਦਾ ਨਾਂ ਦਿੱਤਾ ਗਿਆ ਹੈ। ਅੱਠ ਬਿਟਸ ਦੀ ਸਮੂਹ ਨੂੰ ਇਕ ਬਾਈਟ ਕਿਹਾ ਜਾਂਦਾ ਹੈ। ਕੰਪਿਊਟਰ ਵਿੱਚ ਲਿਖਤ ਨੂੰ ਦਰਸਾਉਣ ਲਈ ਜਿਹੜੇ ਸੰਕੇਤਾਂ ਦੀ ਵਰਤੋਂ ਕੀਤੀ ਜਾਂਦੀ ਹੈ। ਉਨ੍ਹਾਂ ਨੂੰ ਕੋਡ ਕਿਹਾ ਜਾਂਦਾ ਹੈ। ਕੰਪਿਊਟਰ ਵਿੱਚ ਹਰੇਕ ਅੱਖ ਅੱਖਰ ਜਾਂ ਵਿਸ਼ੇਸ਼ 'ਚ ਨੂੰ ਦਰਸਾਉਣ ਲਈ 7 ਤੋਂ 16 ਬਿੱਟ ਬਾਇਨਰੀ ਕੋਡ ਵਰਤਿਆ ਜਾਂਦਾ ਹੈ। ਮਿਸਾਲ ਵਜੋਂ ਬਾਇਨਰੀ ਅੰਕ 1000001 ਦਸ਼ਮਲਵ ਅੰਕ 65 ਨੂੰ ਦਰਸਾਉਂਦਾ ਹੈ। ਜਿਹੜਾ ਕਿ ਆਸਕੀ ਕੋਡ ਵਿੱਚ ਅੰਗਰੇਜ਼ੀ ਦੇ ਅੱਖਰ ਏ ਨੂੰ ਅੰਕਿਤ ਕਰਦਾ ਹੈ। ਕੰਪਿਊਟਰ ਵਿੱਚ ਲਿਖਤ ਨੂੰ ਦਰਸਾਉਣ ਲਈ ਆਸ਼ਕੀ, ਇਸਕੀ, ਯੂਨੀਕੋਡ ਸਮੇਤ ਕਈ ਕੋਡਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਅਧਿਆਇ ਵਿੱਚ ਜਿੱਥੇ ਅਸੀਂ ਆਸ਼ਕੀ ਅਤੇ ਇਸਕੀ ਰਵਾਇਤੀ ਕੋਡ ਪ੍ਰਣਾਲੀਆਂ ਬਾਰੇ ਜਾਣਾਂਗੇ ਉੱਥੇ ਯੂਨੀਕੋਡ ਦੀ ਲੋੜ ਵਰਤੋਂ ਆਦਿ ਬਾਰੇ ਵਿਸਥਾਰ ਸਹਿਤ ਪੜ੍ਹਾਂਗੇ।

**UNi**

**Unicode**

## ਅੰਗਰੇਜ਼ੀ ਕੰਪਿਊਟਰੀ ਕੋਡ ਪ੍ਰਣਾਲੀ ਆਸਕੀ

ਆਸ਼ਕੀ 8 ਬਿਟਸ ਵਾਲਾ ਇਕ ਸੰਕੇਤ ਕੋਡ ਹੈ। ਇਸ ਵਿੱਚ ਸਿਰਫ਼ ਇੱਕ ਅਤੇ ਦੋ ਮੀਲ ਨਾਲ ਦੋ 256 ਵੱਖ ਵੱਖ ਸੁਮੇਲ ਬਣ ਸਕਦੇ ਹਨ ਸਾਧਾਰਨ ਸ਼ਬਦਾਂ ਵਿੱਚ ਕਿਹਾ ਜਾਵੇ ਤਾਂ ਇਸ ਵਿੱਚ ਕਿਸੇ ਭਾਸ਼ਾ ਦੀ 256 ਵੱਖ ਵੱਖ ਅੱਖਰ ਅੰਕਾਂ ਅਤੇ ਹੋਰਨਾਂ ਚਿੰਨ੍ਹਾਂ ਨੂੰ ਪ੍ਰਦਰਸ਼ਿਤ ਕੀਤਾ ਜਾ ਸਕਦਾ ਹੈ। ਵਿਸ਼ਵ ਦੀਆਂ ਵਿਭਿੰਨ ਭਾਸ਼ਾਵਾਂ ਦੀਆਂ ਲਿੱਪੀਆਂ ਦੀ ਵੱਖ ਵੱਖ ਫੌਂਟਾਂ ਦੇ ਅੱਖਰਾਂ ਲਈ ਆਸ਼ਕੀ ਪ੍ਰਣਾਲੀ ਦਾ ਇਸਤੇਮਾਲ ਕੀਤਾ ਜਾਂਦਾ ਹੈ। ਅਸਲ ਵਿੱਚ ਆਸ਼ਕੀ ਅੰਗਰੇਜ਼ੀ ਜਾਂ ਲਾਤੀਨੀ ਆਧਾਰਤ ਪ੍ਰਣਾਲੀ ਹੈ। ਕਿਉਂਕਿ ਮੁੱਢਲੇ ਪੜਾਅ ਦੀਆਂ ਸਾਰੀਆਂ ਕੰਪਿਊਟਰੀ ਖੋਜਾਂ ਅੰਗਰੇਜ਼ੀ ਪਾਸ ਭਾਸ਼ਾ ਵਿਚ ਹੋਈਆਂ ਸਨ ਇਸ ਲਈ ਸਾਡਾ ਕੰਪਿਊਟਰ ਹੋਰਨਾਂ ਭਾਸ਼ਾਵਾਂ ਦੇ ਮੁਕਾਬਲੇ ਅੰਗਰੇਜ਼ੀ ਲਈ ਵਧੇਰੇ ਅਨੁਕੂਲ ਹੈ। ਜਿਵੇਂ ਜਿਵੇਂ ਖੋਜ ਕਾਰਜਾਂ ਵਿੱਚ ਵਾਧਾ ਹੋਇਆ ਵੱਖ ਵੱਖ ਭਾਸ਼ਾਵਾਂ ਦੇ ਮੁਦੱਈਆਂ ਨੇ ਆਪਣੀ ਭਾਸ਼ਾ ਵਿੱਚ ਫੌਂਟ ਤਿਆਰ ਕਰਨੇ ਸ਼ੁਰੂ ਕਰ ਦਿੱਤੀ ਸਾਲ 1984 ਦੇ ਕਰੀਬ ਪੰਜਾਬੀ ਗੁਰਮੁਖੀ ਲਈ ਫੌਂਟਾਂ ਦੀ ਕਾਢ ਕੱਢੀ ਗਈ ਸਮਾਂ ਪਾ ਕੇ ਪੰਜਾਬੀ ਭਾਸ਼ਾ ਲਈ ਅਨੇਕਾਂ ਫੌਂਟ ਤਿਆਰ ਕੀਤੇ ਗਏ ਫੌਂਟ ਵਿਕਾਸਕਾਰਾਂ ਨੇ ਵੱਖ ਵੱਖ ਫੌਂਟਾਂ ਲਈ ਕੀ ਬੋਰਡ ਲੇਅ ਆਊਟ ਵੀ ਵੱਖ ਵੱਖ ਤਿਆਰ ਕੀਤੀ ਮਿਸਾਲ ਵਜੋਂ ਪੰਜਾਬੀ ਕੀ ਬੋਰਡ ਤੋਂ ਇੱਕ ਫੌਂਟ ਵਿੱਚ ਕੰਮ ਕਰਦਿਆਂ ਜੇ ਕਿਸੇ ਬਟਨ ਨੂੰ ਦਬਾਇਆ ਊੜਾ ਪੈਂਦਾ ਹੈ। ਤਾਂ ਉਸੇ ਬਟਨ ਨਾਲ ਦੂਜੀ ਫੌਂਟ ਨਾਲ ਕੁਝ ਹੋਰ ਪੈਂਦਾ ਹੁੰਦਾ ਹੈ।

## ਭਾਰਤੀ ਕੋਡ ਪ੍ਰਣਾਲੀ :

ਇਸਕੀ ਸਾਲ 1991 ਵਿਚ ਭਾਰਤ ਸਰਕਾਰ ਨੇ ਵੱਖ ਵੱਖ ਭਾਰਤੀ ਭਾਸ਼ਾਵਾਂ ਨੂੰ ਇੱਕ ਸਾਂਝੇ ਪਲੇਟਫਾਰਮ ਉੱਤੇ ਇਕੱਠਾ ਕਰਨ ਲਈ ਸੰਕੇਤ ਯੋਜਨਾ ਤਿਆਰ ਕੀਤੀ ਇਸ ਨੂੰ ਇੰਡੀਅਨ ਸਕਰਿਪਟ ਕੋਡ ਫਾਰ ਇਨਫਰਮੇਸ਼ਨ ਇੰਟਰਚੇਂਜ ਨਾਮ ਦਿੱਤਾ ਗਿਆ ਇਸ ਪ੍ਰਣਾਲੀ ਨੂੰ ਭਾਰਤ ਦੀਆਂ ਅਸਾਮੀ ਬੰਗਾਲੀ ਦੇਵਨਾਗਰੀ ਗੁਜਰਾਤੀ ਗੁਰਮੁਖੀ ਕੰਨੜ ਮਲਿਆਲਮ ਉੜੀਆ ਤਾਮਿਲ ਅਤੇ ਤੇਲਗੂ ਆਦਿ ਲਈ ਵਰਤਿਆ ਜਾ ਸਕਦਾ ਹੈ। ਇਹ ਭਾਰਤ ਦੀਆਂ ਵੱਖ ਵੱਖ ਭਾਸ਼ਾਵਾਂ ਨੂੰ ਕੰਪਿਊਟਰ ਦੀ ਇਕ ਸਾਂਝੇ ਕੂੜ ਉੱਪਰ ਇਕੱਠਾ ਕਰਨ ਦਾ ਇੱਕ ਮਹੱਤਵਪੂਰਨ ਉਪਰਾਲਾ ਹੈ। ਭਾਰਤੀ ਭਾਸ਼ਾਵਾਂ ਬ੍ਰਹਮੀ ਆਧਾਰਤ ਹਨ ਜਿਸ ਕਾਰਨ ਇਨ੍ਹਾਂ ਵਿੱਚ ਵਰਤੋਂ ਜਾਂਦੇ ਅਲੱਗ ਅਲੱਗ ਅੱਖਰਾਂ ਦੀ ਬਨਾਵਟ ਅਤੇ ਧੁਨੀ ਬਣਤਰ ਵੀ ਅਲੱਗ ਇੱਕੋ ਜਿਹੀ ਹੈ। ਇਸਕੀ ਪ੍ਰਣਾਲੀ ਇੱਕ ਧੁਨੀਆਤਮਕ ਪ੍ਰਣਾਲੀ ਹੈ। ਇਸ ਵਿਚ ਇਕ ਧੁਨੀ ਲਈ ਕੇਵਲ ਇੱਕ ਹੀ ਅੱਖਰ ਰੱਖਿਆ ਗਿਆ ਹੈ। ਇਸ ਵਿਚ ਕੀ ਬੋਰਡ ਦੀ ਅੰਗਰੇਜ਼ੀ ਅੱਖਰਾਂ ਦੀ ਧੁਨੀ ਤੇ ਆਧਾਰਤ ਅੱਖਰਾਂ ਨੂੰ ਉਨ੍ਹਾਂ ਦੀ ਧੁਨੀ ਨਾਲ ਮਿਲਾਣ ਕਰਕੇ ਵਿਉਂਤਿਆ ਗਿਆ ਹੈ। ਇਸ ਨਾਲ ਵਿਭਿੰਨ ਭਾਰਤੀ ਭਾਸ਼ਾਵਾਂ ਦੀ ਵੱਖ ਵੱਖ ਅੱਖਰਾਂ ਨੂੰ ਧੁਨੀ ਦੇ ਆਧਾਰ ਤੇ ਆਪਸੀ ਮਿਲਾਣ ਕੀਤਾ ਗਿਆ ਹੈ। ਵੱਖ ਵੱਖ ਭਾਸ਼ਾਵਾਂ ਦੀ ਇੱਕੋ ਜਿਹੀ ਧੁਨੀ ਉਤਪੰਨ ਕਰਨ ਵਾਲੇ ਅੱਖਰਾਂ ਨੂੰ ਕੀ ਬੋਰਡ ਦੇ ਸਾਂਝੇ ਬਟਨ ਹੇਠ ਰੱਖਿਆ ਗਿਆ ਹੈ। ਇਸ ਦਾ ਸਭ ਤੋਂ ਵੱਡਾ ਫ਼ਾਇਦਾ ਇਹ ਹੈ। ਕਿ ਅਸੀਂ ਆਪਣੇ ਮੁਲਕ ਦੀ ਕਿਸੇ ਵੀ ਭਾਸ਼ਾ ਵਿੱਚ ਲਿਖੀ ਮਜ਼ਮੂਨ ਦਾ ਦੂਸਰੀ ਭਾਰਤੀ ਭਾਸ਼ਾ ਵਿੱਚ ਲਿਪੀਅੰਤਰਣ ਕਰ ਸਕਦੇ ਹਾਂ

## ਯੂਨੀਕੋਡ ਪ੍ਰਣਾਲੀ

**Open:** ਪਹਿਲਾਂ ਤੋਂ ਹੀ ਸੁਰੱਖਿਅਤ ਦਸਤਾਵੇਜ਼ ਨੂੰ ਖੋਲ੍ਹਣ ਲਈ।

**Close:** ਖੁਲ੍ਹੇ ਹੋਏ ਦਸਤਾਵੇਜ਼ ਨੂੰ ਬੰਦ ਕਰਨ ਲਈ।

**Save**: ਦਸਤਾਵੇਜ਼ ਵਿੱਚ ਲਿਖੀ ਗਈ ਸੂਚਨਾ ਨੂੰ ਸੁਰੱਖਿਅਤ ਕਰਨ ਲਈ।

**Save as:**ਇਕ ਹੀ ਦਸਤਾਵੇਜ਼ ਨੂੰ ਕਿਸੇ ਹੋਰ ਨਾਮ ਨਾਲ ਸੁਰੱਖਿਅਤ ਜਾਂ ਸੰਭਾਲਣ ਲਈ।




**Page setup:** ਦਸਤਾਵੇਜ਼ ਦੇ ਪੰਨਿਆਂ ਦੇ ਆਕਾਰ ਨੂੰ ਸੈੱਟ ਕਰਨ ਲਈ।

**Print preview:** ਦਸਤਾਵੇਜ਼ ਦਾ ਪ੍ਰਿੰਟ ਰੂਪ ਨੂੰ ਪਹਿਲਾਂ ਦੇਖਣ ਲਈ।

**Print:** ਦਸਤਾਵੇਜ਼ ਦਾ ਪ੍ਰਿੰਟ ਰੂਪ ਲੈਣ ਲਈ।

**Exit:** ਮਾਈਕਰੋਸਾਫਟ ਵਰਡ ਦੀ ਸਹੂਲਤ ਤੋਂ ਬਾਹਰ ਆਉਣ ਲਈ।

**ਮੀਨੂ ਬਾਰ ਵਿਚਲੀ ਦੂਜੀ ਆਪਸ਼ਨ:** 'Edit'

**Undo (Ctrl+Z):** ਪਿਛਲੀ ਕੰਮਾਂਡ ਨੂੰ cancel ਕਰਨ ਲਈ।

**Repeat (Ctrl+R):cancel** ਕੀਤੀ ਕੰਮਾਂਡ ਨੂੰ ਦੋਬਾਰਾ ਵਰਤਣ ਲਈ।

**Copy:** ਚੁਣੀ ਗਈ ਸੂਚਨਾ ਨੂੰ ਕਾਪੀ ਕਰਨ ਲਈ ਤਾਂ ਜੋ ਉਸ ਨੂੰ ਕਿਤੇ ਹੋਰ ਵਰਤਿਆ ਜਾ ਸਕੇ।

**Paste:** ਕਾਪੀ ਕੀਤੀ ਹੋਈ ਸੂਚਨਾ ਨੂੰ ਪੇਸਟ ਕਰਨ ਲਈ।

**Paste special:** ਕਿਸੇ ਹੋਰ ਭਾਗ ਤੋਂ ਕਾਪੀ ਕੀਤੀ ਹੋਈ ਸੂਚਨਾ ਨੂੰ ਵਰਤਣ ਲਈ।


**Clear:** ਸਿਲੈਕਟ ਕੀਤੀ ਸੂਚਨਾ ਨੂੰ ਖਤਮ (Delete) ਕਰਨ ਲਈ।

**Find:** ਦਸਤਾਵੇਜ਼ ਵਿੱਚ ਕਿਸੇ ਖਾਸ ਸ਼ਬਦ ਨੂੰ ਲੱਭਣਾ।

**Replace:** ਚੁਣੀ ਗਈ ਸੂਚਨਾ ਨੂੰ ਕਿਸੇ ਸ਼ਬਦਾਂ ਨੂੰ ਬਦਲਣ ਲਈ।

**Go To:** ਦਸਤਾਵੇਜ਼ ਦੇ ਕਿਸੇ ਖ਼ਾਸ ਪੰਨੇ ਉੱਤੇ jump ਕਰਨ ਲਈ।

**ਦਸਤਾਵੇਜ਼ ਦੇ ਵੱਖ-ਵੱਖ ਰੂਪ ਦੇਖਣ ਲਈ ਆਪਸ਼ਨ 'View'**




**Normal:** ਦਸਤਾਵੇਜ਼ ਦਾ ਨਾਰਮਲ ਰੂਪ ਵੇਖਣ ਲਈ।

**Print layout:** ਦਸਤਾਵੇਜ ਨੂੰ ਪ੍ਰਿੰਟਿੰਗ ਰੂਪ ਵਿਚ ਵੇਖਣਾ।

**Outline:** ਦਸਤਾਵੇਜ਼ ਦੀ ਆਉਟ ਲਾਇਨ ਦੇਖਣ ਲਈ।

**Toolbars:** ਟੂਲਬਾਰ ਦੀਆਂ ਆਪਸ਼ਨਾਂ ਵਿਚੋਂ ਜਰੂਰਤ ਅਨੁਸਾਰ ਕਿਸੇ ਆਪਸ਼ਨ ਨੂੰ ਸਿਲੈਕਟ ਕਰਨ ਲਈ

**Rulers:** ਸਕਰੀਨ ਉੱਤੇ ਸਕਰੋਲ ਨੂੰ ਸੈੱਟ ਕਰਨ ਲਈ।

**Header and Footer:** ਦਸਤਾਵੇਜ਼ ਦਾ ਹੈਡਰ ਅਤੇ ਪੰਨਾ ਨੰਬਰ ਸੈੱਟ ਕਰਨ ਲਈ।

**Full Screen:** ਦਸਤਾਵੇਜ ਨੂੰ ਪੂਰੀ ਸਕਰੀਨ ਉੱਤੇ ਦੇਖਣ ਲਈ।


**Zoom:** ਲੋੜ ਅਨੁਸਾਰ ਸਕਰੀਨ ਉੱਤੇ ਦਿੱਖ ਰਹੇ ਦਸਤਾਵੇਜ਼ ਦਾ size set ਕਰਨਾ।

**ਦਸਤਾਵੇਜ਼ ਦੇ ਰੂਪ ਨੂੰ ਬਦਲਣ ਲਈ 'Format' ਮੀਨੂੰ ਦੀ ਵਰਤੋਂ**

**Font:** ਦਸਤਾਵੇਜ਼ ਵਿੱਚ ਵਰਤੇ ਜਾ ਰਹੇ font ਦਾ ਸਟਾਇਲ, size ਬਦਲਣ ਲਈ।

**Paragraph:** ਇਕ ਪੈਰੇ ਦੀ ਸੈਟਿੰਗ ਕਰਨ ਲਈ।

**Bullets and numbering:**ਲਿਖੀ ਗਈ ਸੂਚਨਾ ਨੂੰ ਗਿਣਤੀ ਜਾਂ ਪੁਆਇੰਟਸ ਵਿੱਚ ਲਿਖਣ ਲੱਗਿਆਂ ਵਰਤੋਂ ਕੀਤੀ ਜਾਂਦੀ ਹੈ।




**Borders shading:** ਦਸਤਾਵੇਜ਼ ਵਿਚਲੇ ਪੰਨਿਆਂ ਨੂੰ ਬਾਰਡਰ ਦੇਣ ਲਈ।

**Columns:** ਸੂਚਨਾ ਨੂੰ ਵਿਭਿੰਨ ਕਾਲਮਾਂ ਵਿੱਚ ਲਿਖਣਾ।

**Tabs:** ਲਿਖੇ ਗਏ ਅੱਖਰਾਂ/ਸ਼ਬਦਾਂ ਵਿੱਚ ਸਪੇਸ ਨੂੰ ਐਡਜਸਟ ਕਰਨ ਲਈ।

**Background:** ਦਸਤਾਵੇਜ਼ ਦੀ ਪਿਛਲੀ ਗਰਾਉਂਡ ਬਦਲਣ ਲਈ।

**Autoformatting:** ਲਿਖਤ ਵਿੱਚ ਆਟੋ ਫਾਰਮੈਟਿੰਗ ਕਰਨ ਲਈ।

**Tools:** ਟੂਲਸ ਵਿਚਲੀਆਂ ਆਪਸ਼ਨਾਂ ਦੀ ਸਹਾਇਤਾ ਨਾਲ ਲਿਖ਼ਤ ਅਤੇ ਵਿਆਕਰਣਿਕ ਗਲਤੀਆਂ ਨੂੰ ਸੁਧਾਰਨਾ, ਭਾਸ਼ਾ ਨੂੰ ਸਿਲੈਕਟ ਕਰਨਾ, ਲਿਖਤ ਵਿਚਲੇ ਸ਼ਬਦਾਂ ਨੂੰ ਗਿਣਨਾ, ਲਿਖੀ ਗਈ ਸੂਚਨਾ ਵਿੱਚੋ ਸਾਰ ਲਿਖਣਾ, ਦਸਤਾਵੇਜ ਨੂੰ ਸੁਰੱਖਿਅਤ ਕਰਨਾ, ਮੇਲ ਮਰਜ਼ ਕਰਨਾ, ਇਕ ਹੀ ਚਿੱਠੀ ਇਕ ਤੋਂ ਵੱਧ ਵਿਅਕਤੀਆਂ ਨੂੰ ਭੇਜਣਾ,ਆਦਿ ਕਾਰਜ ਕੀਤਾ ਜਾ ਸਕਦਾ ਹੈ।

**Table:** ਇਹ ਮੀਨੂ option ਟੇਬਲ ਨੂੰ ਲਿਖਤ ਵਿਚ ਜੋੜਨ, ਡੀਲੀਟ ਕਰਨ ਲਈ ਵਰਤਿਆ ਜਾਂਦਾ ਹੈ। ਅਸਲ ਵਿੱਚ ਇਸ ਮੀਨੂ ਵਿਚਲੀਆਂ ਸਹੂਲਤਾਂ ਨੂੰ Table, ਟੇਬਲ ਦੇ ਕਲਮਾਂ, ਲਾਈਨਾਂ ਨੂੰ ਸੋਧਣ ਲਈ ਵਰਤਿਆ ਜਾਂਦਾ ਹੈ।ਇਹ ਵਿੰਡੋ ਵਿਚ ਹੋਮ ਪੇਜ਼ ਦੇ ਨਾਲ ਇਨਸਰਟ ਵਿਚ ਪਿਆ ਹੁੰਧਾ ਹੈ ਜਿਸ ਨੂੰ ਅਸੀਂ ਆਪਣੀ ਮਰਜ਼ੀ ਅਨੁਸਾਰ ਵਰਤ ਸਕਦੇ ਹਾਂ ਇਸ ਦੀ ਵਰਤੋਂ ਖਾਨਿਆ ਵਿਚ ਕੀਤੀ ਜਾਂਦੀ ਹੈ। ਇਸ ਵਿਚ ਅੱਲਗ ਅੱਲਗ ਆਪਸ਼ਨਾਂ ਹੁੰਦੀਆਂ ਹਨ ਜਿਸ ਵਿਚ ਕੱਵਿਕ ਬਾਰ, ਡਰਾ ਟੇਬਲ ਆਦਿ ਦੀ ਵਰਤੋਂ ਕੀਤੀ ਜਾ ਸਕਦੀ ਹੈ।

**ਮੀਨੂ ਬਾਰ ਵਿਚ ਆਖਰੀ ਆਪਸ਼ਨ Window**

**Window:** ਇਸ ਆਪਸ਼ਨ ਨਾਲ ਸਕ੍ਰੀਨ ਉੱਤੇ ਅਨੇਕਾਂ windows ਦਿੱਖ ਸਕਦੀਆਂ ਹਨ।

**New Window:** ਸਕਰੀਨ ਉੱਤੇ ਨਵੀਂ ਵਿੰਡੋ ਖੋਲ੍ਹਣ ਲਈ।

**Arrange all:** ਸਕਰੀਨ ਉਤੇ ਦਿਸ ਰਹੀਆਂ windows ਨੂੰ ਲੋੜ ਅਨੁਸਾਰ ਸੈੱਟ ਕਰਨਾ।

**Split: windows** : ਹਿੱਸਿਆਂ ਵਿਚ ਵੱਢਣਾ।

**ਟੂਲ ਬਾਰ (Tool Bar):** ਮੀਨੂ ਬਾਰ ਤੋਂ ਹੇਠਾਂ ਵਾਲੀ ਬਾਰ ਹੁੰਦੀ ਹੈ ਜਿਸ ਵਿੱਚ ਮਾਈਕ੍ਰੋਸਾਫਟ ਵਰਡ ਦੀਆਂ ਵਾਰ ਵਾਰ ਵਰਤੋਂ ਵਿਚ ਆਉਣ ਵਾਲੀਆਂ ਸਹੂਲਤਾਂ ਨੂੰ ਸ਼ਾਰਟਕੱਟ ਦੇ ਰੂਪ ਵਿਚ ਲਿਖਿਆ ਹੁੰਦਾ ਹੈ। ਵੱਖ ਵੱਖ ਟੂਲ ਬਾਰ ਦੇ view ਆਪਸ਼ਨ ਵਿੱਚੋਂ ਸਿਲੈਕਟ ਕੀਤਾ ਜਾ ਸਕਦਾ ਹੈ ਅਤੇ ਲੋੜ ਅਨੁਸਾਰ ਵਰਤਿਆ ਜਾ ਸਕਦਾ ਹੈ।

**ਸਟੈਂਡਰਡ ਟੂਲ ਬਾਰ (Standard toolbar):** ਸਟੈਂਡਰਡ ਟੂਲਬਾਰ ਵਿੱਚ ਵਰਤੋਂ ਵਿਚ ਆਉਣ ਵਾਲੀਆਂ ਆਪਸ਼ਨਾ ਦੇ ਸ਼ਾਰਟਕੱਟ ਲਿਖੇ ਹੁੰਦੇ ਹਨ ਜਿਨਾਂ ਵਿੱਚ ਨਵੇਂ ਦਸਤਾਵੇਜ਼ ਨੂੰ ਖੋਲਣ ਲਈ, ਦਸਤਾਵੇਜ਼ ਨੂੰ ਸੁਰੱਖਿਅਤ ਕਰਨ ਲਈ, ਦਸਤਾਵੇਜ਼ ਨੂੰ ਪ੍ਰਿੰਟ ਰੂਪ ਵਿਚ ਹਾਸਿਲ ਕਰਨ ਲਈ , ਟੇਬਲ ਜੋੜਨ ਲਈ , ਡਰਾਇੰਗ ਲਈ ਸ਼ਾਰਟਕੱਟ ਤੋਂ ਬਿਨ੍ਹਾਂ cut ,ਕਾਪੀ ,ਪੇਸਟ ਕਰਨ ਲਈ ਸ਼ਾਰਟ ਕੱਟ ਵੀ ਉਪਲਬਧ ਹੁੰਦੇ ਹਨ।

**ਫਾਰਮੈਟਿੰਗ ਟੂਲ ਬਾਰ (Formatting Toolbar):** ਫਾਰਮੈਟਿੰਗ ਟੂਲ ਬਾਰ ਵਿੱਚ ਦਸਤਾਵੇਜ਼ ਵਿਚਲੀ ਸੂਚਨਾ ਨੂੰ ਫਾਰਮੈਟ ਕਰਨ ਲਈ ਭਾਵ ਭਿੰਨ ਭਿੰਨ ਫੌਂਟ ,ਅੱਖਰਾਂ ਦਾ ਸਾਈਜ਼, ਰੰਗ, ਆਦਿ ਬਦਲਣ ਲਈ ਵਰਤੇ ਜਾਣ ਵਾਲੇ short cut ਸ਼ਾਮਿਲ ਹੁੰਦੇ ਹਨ।

**ਬਾਰਡਰ ਟੂਲ ਬਾਰ (Border Toolbar):** ਬਾਰਡਰ ਟੂਲ ਬਾਰ ਵਿੱਚ ਸ਼ਾਮਿਲ ਸ਼ਾਰਟਕੱਟਾਂ ਨੂੰ ਪੈਰੇ,ਸ਼ਬਦਾਂ, ਜਾਂ ਪੰਨੇ ਦੇ ਬਾਰਡਰ ਬਣਾਉਣ ਲਈ ਵਰਤੇ ਜਾਂਦੇ ਹਨ।

**ਡਾਟਾਬੇਸ ਟੂਲਬਾਰ (Database toolbar):** ਡਾਟਾਬੇਸ ਟੂਲਬਾਰ ਵਿਚਲੇ ਸ਼ਾਰਟ ਕਟਾ ਨੂੰ ਮਾਈਕਰੋਸਾਫਟ ਵਰਡ ਵਿੱਚ ਨਵਾਂ ਡਾਟਾ ਬੇਸ ਬਣਾਉਣ ਲਈ ਵਰਤਿਆ ਜਾਂਦਾ ਹੈ।

**ਸੁਰੱਖਿਅਤ ਦਸਤਾਵੇਜ਼ਾਂ ਨੂੰ ਦੇਖਣ ਲਈ**

ਜੇਕਰ ਕੋਈ ਦਸਤਾਵੇਜ਼ ਪਹਿਲਾਂ ਹੀ ਮਾਈਕਰੋਸਾਫਟ ਵਰਡ ਵਿੱਚ ਦਸਤਾਵੇਜ਼ੀ ਰੂਪ ਵਿੱਚ ਸੰਭਾਲਿਆ ਹੋਵੇ ਤਾਂ ਉਸ ਦੀ ਸੂਚਨਾ ਨੂੰ ਦੋਬਾਰਾ ਪੜ੍ਹਿਆ ਜਾ ਸਕਦਾ ਹੈ ਅਤੇ ਉਸ ਦਸਤਾਵੇਜ਼ ਨੂੰ ਖੋਲਣ ਲਈ ਕੁਝ ਕਦਮ ਚੁਕਣੇ ਪੈਂਦੇ ਹਨ ਜਿਵੇਂ ਕਿ:

1. ਮਾਈਕਰੋਸਾਫਟ ਵਰਡ ਦੇ ਭਾਗ ਖੋਲਣ ਤੋਂ ਬਾਅਦ ਖਿੜਕੀ ਵਿਚਲੀਆ ਮੀਨੂ ਆਪਸ਼ਨਾ ਵਿੱਚੋਂ File ਮੀਨੂ ਨੂੰ ਸਿਲੈਕਟ ਕਰਕੇ open ਆਪਸ਼ਨ ਚੁਣੋ।

2. ਫਿਰ ਦਸਤਾਵੇਜ਼ ਦਾ ਨਾਂ ਅਤੇ ਕੰਪਿਊਟਰ ਉੱਤੇ ਉਸ ਦਾ ਟਿਕਾਣਾ ਲੱਭ ਕੇ open ਬਟਨ ਉੱਤੇ ਕਲਿੱਕ ਕਰਨ ਨਾਲ ਦਸਤਾਵੇਜ਼ ਖੁੱਲ੍ਹ ਜਾਂਦਾ ਹੈ। ਉਦਾਹਰਨ ਵਜੋਂ ਦਸਤਾਵੇਜ਼ ਵਾਲੀ ਖਿੜਕੀ ਖੁੱਲ੍ਹ ਜਾਵੇਗੀ ਅਤੇ ਸੂਚਨਾ ਨੂੰ ਲੋੜ ਅਨੁਸਾਰ ਵਰਤਿਆ ਜਾ ਸਕਦਾ ਹੈ।

**ਦਸਤਾਵੇਜ਼ ਨੂੰ ਸੁਰੱਖਿਅਤ ਕਰਨ ਜਾਂ ਬੰਦ ਕਰਨ ਲਈ**

ਜਦੋਂ ਕਿਸੇ ਦਸਤਾਵੇਜ਼ ਦਾ ਕੰਮ ਖਤਮ ਹੋ ਜਾਵੇ ਤਾਂ ਉਸ ਨੂੰ ਬੰਦ ਕਰਨਾ ਹੁੰਦਾ ਹੈ ਅਤੇ ਇਸ ਲਈ ਅਸੀਂ ਇਕ ਖਾਸ ਆਪਸ਼ਨ ਨੂੰ ਚੁਣਦੇ ਹਾਂ ਜਿਵੇਂ ਕਿ:ਫਾਇਲ ਮੀਨੂ ਵਿਚੋਂ close ਆਪਸ਼ਨ ਨੂੰ ਚੁਣੋ। ਸਿੱਟੇ ਵਜੋਂ ਇਕ ਛੋਟੀ ਖਿੜਕੀ ਖੁੱਲੇਗੀ ਅਤੇ ਲੋੜ ਅਨੁਸਾਰ ਆਪਸ਼ਨ ਨੂੰ ਸਿਲੈਕਟ ਕਰੋ ਜਿਵੇਂ ਕਿ ਜੇਕਰ ਲਿਖਤ ਸੂਚਨਾ ਨੂੰ ਸੇਵ ਕਰਨਾ ਹੋਵੇ ਤਾਂ 'yes' ਕਰੋ, ਨਹੀਂ ਤਾਂ No ਕਰੋ, ਅਤੇ ਕਈ ਵਾਰ ਜੇਕਰ ਅਚਾਨਕ ਹੀ ਵਿੰਡੋ ਖੁੱਲ ਜਾਵੇ ਤਾਂ cancel ਆਪਸ਼ਨ ਨੂੰ ਸਿਲੈਕਟ ਕਰਨਾ ਚਾਹੀਦਾ ਹੈ। ਦਸਤਾਵੇਜ ਨੂੰ ਬੰਦ ਕਰਨ ਲਈ ਇਕ ਹੋਰ ਤਰੀਕਾ ਵੀ ਵਰਤਿਆ ਜਾ ਸਕਦਾ ਹੈ। ਉਸ ਲਈ ਸਾਨੂੰ ਕੰਪਿਊਟਰ ਦੇ ਕੀ-ਬੋਰਡ ਤੋਂ ਦੋ keys ਇਕੱਠੀਆਂ ਹੀ ਵਰਤਣੀਆਂ ਪੈਂਦੀਆਂ ਹਨ ਭਾਵ ਕਿ 'Alt+F4' ਇਕੱਠੀਆਂ ਵਰਤਣ ਨਾਲ ਵੀ ਦਸਤਾਵੇਜ਼ ਬੰਦ ਹੋ ਜਾਂਦਾ ਹੈ ਅਤੇ ਫਿਰ ਪਿਛੇ ਦਰਸਾਈਆਂ ਗਈਆਂ options ਵਿੱਚੋਂ ਲੋੜ ਅਨੁਸਾਰ ਕੋਈ ਇੱਕ ਚੁਣੀ ਜਾ ਸਕਦੀ ਹੈ।

**ਦਸਤਾਵੇਜ਼ ਵਿਚ ਵਰਤੀਆਂ ਜਾਣ ਵਾਲੀਆਂ ਕੁਝ ਖਾਸ ਆਪਸ਼ਨਾ**

1. ਲਿਖੀ ਗਈ ਸੂਚਨਾ ਦਾ ਫੋਂਟ ਸਿਲੈਕਟ ਕਰਨਾ: ਮੀਨੂੰ ਬਾਰ ਵਿਚ format optionਵਿੱਚੋਂ font option ਨੂੰ ਸਲੈਕਟ ਕਰੋ ਅਤੇ ਲੋੜ ਅਨੁਸਾਰ font ਨੂੰ ਸਿਲੈਕਟ ਕਰੋ।

2. ਚੁਣੀ ਗਈ ਸੂਚਨਾ ਨੂੰ ਲੋੜ ਅਨੁਸਾਰ ਬੋਲਡ ਕਰਨਾ, ਟੇਢੇ ਕਰਨਾ ਅਤੇ ਉਭਾਰਨ ਲਈ ਅੰਡਰ-ਲਾਇਨ ਕਰਨਾ ਆਦਿ।

3. ਲਿਖਤ ਵਿਚ ਕੁਝ ਪੁਆਇੰਟਾਂ ਨੂੰ ਗਿਣਤੀ ਦੇ ਕੇ ਲਿਖਣ ਲਈ bullets ਅਤੇ numbering ਆਪਸ਼ਨਾ ਦੀ ਵਰਤੋਂ ਕੀਤੀ ਜਾਂਦੀ ਹੈ।

4. ਪੈਰੇ ਦੀ ਸੈਟਿੰਗ ਲਈ format ਮੀਨੂ ਆਪਸ਼ਨ ਵਿਚੋਂ paragraph option ਚੁਣ ਕੇ ਲੋੜ ਅਨੁਸਾਰ ਫਾਰਮੈਟਿੰਗ ਕਰਨਾ।

5. ਦਸਤਾਵੇਜ਼ ਵਿੱਚ file/Replace option ਦੀ ਮਦਦ ਨਾਲ ਕਿਸੇ ਇਕ ਜਾਂ ਦੋ ਸ਼ਬਦਾਂ ਨੂੰ ਲੱਭਣਾ ਅਤੇ ਉਨ੍ਹਾਂ ਉਤੇ ਕੋਈ ਖਾਸ ਆਪਸ਼ਨ ਲਗਾਉਣੀ , ਜਾਂ ਉਨ੍ਹਾਂ ਸ਼ਬਦਾਂ ਨੂੰ ਕਿਸੇ ਹੋਰ ਸ਼ਬਦਾਂ ਨਾਲ ਬਦਲਣਾਂ।

6. ਟੇਬਲ ਆਪਸ਼ਨ ਦੀ ਮਦਦ ਨਾਲ ਦਸਤਾਵੇਜ਼ ਵਿੱਚ ਟੇਬਲ ਜੋੜਨੇ, ਟੇਬਲ ਵਿੱਚ ਲਾਈਨਾ ਜ਼ਾ ਕਾਲਮ ਜੋੜਨੇ,ਆਦਿ।

7. ਲੋੜ ਅਨੁਸਾਰ ਦਸਤਾਵੇਜ਼ ਵਿੱਚ ਚਾਰਟ, ਡਰਾਇੰਗ, ਤਸਵੀਰਾਂ ਆਦਿ ਸ਼ਾਮਿਲ ਕਰਨਾ।

8. ਮਾਈਕਰੋਸਾਫਟ ਵਰਡ ਦੀ ਖਾਸ ਸਹੂਲਤ 'Mail Merge' ਦੀ ਮਦਦ ਨਾਲ ਨੈਟਵਰਕ ਉੱਤੇ ਜੁੜੇ ਕੰਪਿਊਟਰ ਉੱਤੇ ਇੱਕ ਚਿੱਠੀ/ ਸੰਦੇਸ਼ /ਸੂਚਨਾ, ਇਕ ਤੋਂ ਵੱਧ ਵਿਅਕਤੀਆਂ ਨੂੰ ਭੇਜਣੀ।

9. ਦਸਤਾਵੇਜ਼ ਨੂੰ ਉਸੇ ਫਾਰਮੇਟ ਵਿੱਚ ਪ੍ਰਿੰਟ ਰੂਪ ਵਿੱਚ ਹਾਸਿਲ ਕਰਨਾ, ਜਿਸ ਰੂਪ ਵਿੱਚ ਉਹ ਸਕਰੀਨ ਤੇ ਦਿਖਾਈ ਦਿੰਦੀ ਹੈ।


10. ਦਸਤਾਵੇਜ਼ ਵਿਚਲੀ ਸੂਚਨਾ ਨੂੰ ਕਿਸੇ ਵੀ ਆਕਾਰ, ਰੂਪ, ਰੰਗ ਵਿਚ ਲਿਖਣ ਦੀ ਸਹੂਲਤ ਆਦਿ।

ਮਾਈਕਰੋਸਾਫਟ ਵਰਡ ਵਿੱਚ ਕੰਮ ਕਰਨ ਤੋਂ ਬਾਅਦ ਦਸਤਾਵੇਜ਼ ਨੂੰ ਸਹੀ ਤਰੀਕੇ ਨਾਲ ਸੁਰੱਖਿਅਤ ਕਰਨਾ ਚਾਹੀਦਾ ਹੈ ਤਾਂ ਜੋ ਸੁਰੱਖਿਅਤ ਸੂਚਨਾ ਨੂੰ ਭਵਿੱਖ ਵਿਚ ਲੋੜ ਪੈਣ ਉਤੇ ਵਰਤਿਆ ਜਾ ਸਕੇ

## ਹੈੱਡਰ ਅਤੇ ਫੂਟਰ

ਹੈੱਡਰ ਡਾਕੂਮੈਂਟ ਦੇ ਉੱਪਰਲੇ ਪਾਸੇ ਵਾਲੇ ਹੁਟਰ ਡਾਕੂਮੈਂਟ ਦੇ ਹੇਠਲੇ ਪਾਸੇ ਨਜ਼ਰ ਆਉਂਦਾ ਹੈ ਹੈੱਡਰ ਜਾਂ ਫੁੱਟ ਵਿਚ ਲਿਖਿਆ ਗਿਆ ਟੈਕਸਟ ਹਰੇਕ ਪੰਨੇ ਉੱਤੇ ਸਾਂਝਾ ਨਜ਼ਰ ਆਉਂਦਾ ਹੈ ਇਸ ਵਿੱਚ ਪੇਜ ਨੰਬਰ ਪਾੜਦਾ ਨਾਂ ਲੇਖਕ ਦਾ ਨਾਂ ਤਰੀਕ ਅਤੇ ਸਮਾਂ ਆਦਿ ਸ਼ਾਮਲ ਕੀਤਾ ਜਾ

ਸਕਦਾ ਹੈ




ਹੈੱਡਰ ਫੁਟਰ ਲਗਾਉਣ ਦਾ ਤਰੀਕਾ


view>Header and footer ਮੀਨੂ ਤੇ ਕਲਿੱਕ ਕਰੋ ਇਹ ਟੂਲ ਵਾਰ ਨਜ਼ਰ ਆਵੇਗੀ

ਤੁਹਾਨੂੰ ਆਪਣੇ ਪੇਜ਼ ਉੱਪਰਲੇ ਅਤੇ ਹੇਠਲੇ ਪਾਸੇ ਇਕ ਫਰੇਮ ਨਜ਼ਰ ਆਵੇਗਾ ਇੱਥੇ ਹੈੱਡਰ ਅਤੇ ਹੁਟਰ ਟਾਈਪ ਕਰ ਦਿਓ ਹੈਡਰ ਉਤੇ ਨਜ਼ਰ ਪੇਜ ਨੰਬਰ ਦੇਣ ਲਈ ਟੂਰ ਬਾਰ ਦੀ ਇਨਸਲਟ ਪੇਜ ਨੰਬਰ ਬਟਨ ਉੱਤੇ ਕਲਿੱਕ ਕਰੋ

## ਪੇਜ਼ ਸੈੱਟਅਪ


ਪੇਜ਼ ਸੈੱਟਅਪ ਦੀ ਮਦਦ ਨਾਲ ਅਸੀਂ ਪੀ ਦਾ ਆਕਾਰ ਅਤੇ ਔਰੀਅਨਟੇਸ਼ਨ ਸੈੱਟ ਕਰ ਸਕਦੇ

ਹਾਂ




ਪੇਜ਼ ਸੈੱਟ ਅਪ ਕਰਨ ਦਾ ਤਰੀਕਾ

file>page setup ਮੀਨੂੰ ਤੇ ਕਲਿੱਕ ਕਰੋ




margins ਟੈਬ ਤੇ ਕਲਿੱਕ ਕਰੋ ਤੇ ਇਸ ਵਿੱਚੋਂ ਖੱਬਾ ਸੱਜਾ ਉਪਰਲਾ ਤੇ ਹੇਠਲਾ ਮਾਰਜਨ ਸੈੱਟ ਕਰੋ

paper size ਬਟਨ ਉੱਤੇ ਕਲਿੱਕ ਕਰੋ ਤੇ ਇਸ ਵਿੱਚੋਂ ਪੇਪਰ ਅਦਾਕਾਰ ਜਿਵੇਂ ਈ ਫੋਰ ਲੈਟਰ ਤੇ ਲੀਗਲ ਸੈੱਟ ਕਰੋ

ok ਬਟਨ ਤੇ ਕਲਿੱਕ ਕਰੋ

## ਪ੍ਰਿੰਟ ਪ੍ਰੀਵਿਊ

ਇਹ ਕਮਾਂਡ ਦਿਖਾਉਂਦੀ ਹੈ ਕਿ ਪ੍ਰਿੰਟ ਸਮੇਂ ਪੀਜ ਕਿਸ ਤਰ੍ਹਾਂ ਨਜ਼ਰ ਆਵੇਗਾ ਪ੍ਰਿੰਟ ਕਰਨ ਤੋਂ ਪਹਿਲਾਂ ਉਸ ਡਾਕੂਮੈਂਟ ਦਾ ਪ੍ਰਿੰਟ ਪ੍ਰੀਵਿਊ ਜ਼ਰੂਰ ਦੇਖ ਲੈਣਾ ਚਾਹੀਦਾ ਹੈ

**ਸੈੱਟ -ਅਪ**

file>print preview ਮੀਨੂੰ ਤੇ ਕਲਿੱਕ ਕਰੋ

ਪ੍ਰਭੂ ਵੇਖਣ ਤੋਂ ਬਾਅਦ ਕਲੋਜ਼ ਬਟਨ ਉੱਤੇ ਕਲਿੱਕ ਕਰ ਦਿਓ

## ਟੇਬਲ

ਟੇਬਲ ਅੰਕੜਿਆਂ ਨੂੰ ਲੇਟਵੇਂ ਅਤੇ ਖੜ੍ਹਵੀਆਂ ਲਾਈਨਾਂ ਵਿੱਚ ਲਿਖਣ ਦਾ ਇੱਕ ਤਰੀਕਾ ਹੈ ਟੇਬਲ ਦੀਆਂ ਲੇਟਵੀਆਂ ਲਾਈਨਾਂ ਨੂੰ ਹੌਰੀਜੈਂਟਲ ਰੋਅਜ਼ ਅਤੇ ਖੜ੍ਹਵੀਆਂ ਲਹਿਰਾਂ ਨੂੰ ਵੇਰਿਅੰਟ ਲਾਇਨਜ਼ ਕਾਲਮ ਕਿਹਾ ਜਾਂਦਾ ਹੈ



| | A | B | C | D | E | F |
|---|---|---|---|---|---|---|
| 1 | Cookie Sales by Region | | | | | |
| 2 | SalesRep | Region | # Orders | Total Sales | | |
| 3 | Bill | West | 217 | $41,107 | | |
| 4 | Frank | West | 268 | $72,707 | | |
| 5 | Harry | North | 224 | $41,676 | | |
| 6 | Janet | North | 286 | $87,858 | | |
| 7 | Joe | South | 226 | $45,606 | | |
| 8 | Martha | East | 228 | $49,017 | | |
| 9 | Mary | West | 234 | $57,967 | | |
| 10 | Ralph | East | 267 | $70,702 | | |
| 11 | Sam | East | 279 | $77,738 | | |
| 12 | Tom | South | 261 | $69,496 | | |
| 13 | | | | | | |
| 14 | | | | | | |
| 15 | | | | | | |

ਵਰਲਡ ਵਿਚ ਤੁਸੀਂ ਟੇਬਲ ਨੂੰ ਹੇਠਾਂ ਲਿਖੇ ਤਰੀਕਿਆਂ ਨਾਲ ਬਣਾ ਸਕਦੇ ਹੋ

ਟੇਬਲ ਇਨਸਰਟ ਕਰਨ

ਟੇਬਲ ਡਰਾਅ ਕਰਨਾ

ਟੇਬਲ ਇਨਸਰਟ ਕਰਨ

ਜੇਕਰ ਸਟੇਬਲ ਇਨਸਰਟ ਚ ਦਾਖਲ ਕਰਨਾ ਚਾਹੁੰਦੇ ਹੋ ਤਾਂ ਹੇਠ ਲਿਖੇ ਢੰਗ ਵਰਤੋ

ਕਰਸਰ ਨੂੰ ਉਸ ਜਗ੍ਹਾ ਤੇ ਰੱਖੋ ਜਿੱਥੇ ਸਟੇਬਲ ਬਣਾਉਣਾ ਚਾਹੁੰਦੇ ਹੋ

table>insert ਮੀਨੂੰ ਦੀ ਚੋਣ ਕਰੋ ਇਕ ਡਾਇਲਾਗ ਬਾਕਸ ਖੁੱਲ੍ਹੇਗਾ

Rows ਅਤੇ columns ਦੀ ਗਿਣਤੀ ਨਿਰਧਾਰਿਤ ਕਰੋ

ok ਬਟਨ ਤੇ ਕਲਿੱਕ ਕਰੋ ਇਸ ਤਰ੍ਹਾਂ ਤੁਹਾਡੇ ਡਾਕੂਮੈਂਟ ਵਿਚ ਟੇਬਲ ਦਾਖ਼ਲ ਹੋ ਜਾਵੇਗਾ

ਰੋਅਜ਼ ਅਤੇ ਕਾਲਮ ਦੀ ਸੈਟਿੰਗ

ਰੋਅਜ਼ ਦੀ ਉਚਾਈ ਅਤੇ ਕਾਲਮ ਦੀ ਚੜ੍ਹਾਈ ਨੂੰ ਬਰਾਬਰ ਬਣਾਉਣ ਲਈ ਹੇਠ ਲਿਖੇ ਸਟੈੱਪ ਵਰਤੋ

ਟੇਬਲ ਦਾ ਕੋਈ ਇਕ ਸੈੱਲ ਚੁਣੋ

ਸਾਰੀਆਂ ਲਾਈਨਾਂ ਨੂੰ ਬਰਾਬਰ ਉਚਾਈ ਵਾਲਾ ਬਣਾਉਣ ਲਈ ਡਿਸਟਰੀਬਿਊਟਿਡ ਰੋਅਜ਼ ਇਵਨਲੀ ਬਟਨ ਉੱਤੇ ਕਲਿੱਕ ਕਰੋ ਸਾਰੇ ਕਾਲਮਜ਼ ਨੂੰ ਬਰਾਬਰ ਚੜ੍ਹਾਈ ਵਾਲਾ ਬਣਾਉਣ ਲਈ ਡਿਸਟੀਬਿਊਟਰ ਕਾਲਮਜ਼ ਇਮਲੀ ਬਟਨ ਤੇ ਕਲਿੱਕ ਕਰੋ

## ਟੇਬਲ ਦੀਆਂ ਵਿਸ਼ੇਸ਼ਤਾਵਾਂ

ਤੁਸੀਂ ਟੇਬਲ ਵਿੱਚ ਟੈਕਸਟ ਦੀ ਅਲਾਈਨਮੈਂਟ ਕਰ ਸਕਦੇ ਹੋ ਇਸ ਤਰ੍ਹਾਂ ਦੱਸਿਆ ਵੱਡੀ ਵਲ ਨੂੰ ਖੱਬੇ ਸੱਜੇ ਅਤੇ ਸੈਂਟਰ ਲਗਾ ਸਕਦੇ ਹੋ ਤੁਸੀਂ ਵੱਖ ਵੱਖ ਰੋਅਜ਼ ਕਾਲਮ ਅਤੇ ਸੈੱਲਾਂ ਦਾ ਆਕਾਰ ਵੀ ਬਦਲ ਸਕਦੇ ਹੋ ਇਹ ਕੰਮ ਟੇਬਲ ਟੇਬਲ ਪ੍ਰਾਪਰਟੀਜ਼ ਮੀਨੂੰ ਤੋਂ ਵੀ ਕਰਵਾਇਆ ਜਾ ਸਕਦਾ ਹੈ

ਟੇਬਲ ਦੀ ਅਲਾਈਨਮੈਂਟ ਬਦਲਣਾ

ਕੈਂਸਰ ਨੂੰ ਟੇਬਲ ਦੀ ਕਿਸੇ ਵੀ ਥਾਂ ਉੱਤੇ ਲੈ ਜਾਓ

table>table properties ਮੀਨੂੰ ਨੂੰ ਸਲੈਕਟ ਕਰੋ ਇਕ ਡਾਇਲਾਗ ਬਾਕਸ ਉੱਪਰ ਦਿਖਾਏ ਅਨੁਸਾਰ ਖੋਲ੍ਹੇਗਾ

ਟੇਬਲ ਟੈਬ ਨੂੰ ਸਲੈਕਟ ਕਰੋ

ਆਪਣੀ ਪਸੰਦ ਮੁਤਾਬਿਕ ਲੈਫਟ ਰਾਈਟ ਜਾਂ ਸੈਂਟਰ ਦੀ ਚੋਣ ਕਰੋ

ਓਕੇ ਬਟਨ ਉੱਤੇ ਕਲਿੱਕ ਕਰੋ

## ਸੈੱਲਾਂ ਨੂੰ ਜੋੜਨਾ ਅਤੇ ਵੰਡਣਾ

ਉਨ੍ਹਾਂ ਸੈੱਲਾਂ ਨੂੰ ਸਿਲੈਕਟ ਕਰੋ ਜਿਨ੍ਹਾਂ ਨੂੰ ਤੁਸੀਂ ਇੱਕ ਸੈੱਲ ਵਿੱਚ ਇਕੱਠਾ ਕਰਨਾ ਚਾਹੁੰਦੇ ਹੋ

table>mrrge cells ਮੀਨੂੰ ਨੂੰ ਸਲੈਕਟ ਕਰੋ

ਤੁਸੀਂ ਇੱਕ ਸੈੱਲ ਨੂੰ ਦੋ ਜਾਂ ਦੋ ਤੋਂ ਵੱਧ ਸੈੱਲਾਂ ਵਿੱਚ ਵੰਡ ਸਕਦੇ ਹੋ ਸੈੱਲ ਇੱਕ ਵੰਡ ਕਰਨ ਦੀ ਸਟੈੱਪ ਹੇਠ ਲਿਖੇ ਅਨੁਸਾਰ ਹਨ

ਉਹ ਸੈੱਲ ਚੁਣੋ ਜਿਸ ਨੂੰ ਤੁਸੀਂ ਸਪਿੱਲਿਟ ਕਰਨਾ ਚਾਹੁੰਦੇ ਹੋ

table>split table ਮੀਨੂੰ ਨੂੰ ਸਲੈਕਟ ਕਰੋ ਦਿਖਾਏ ਅਨੁਸਾਰ ਇਕ ਡਾਇਲਾਗ ਬਾਕਸ ਨਜ਼ਰ ਆਵੇਗਾ

ਕਾਲਜ ਅਤੇ ਰੋਅਸ ਦੀ ਗਿਣਤੀ ਨਿਰਧਾਰਤ ਕਰੋ

ਹੁਣ ਓਕੇ ਬਟਨ ਉੱਤੇ ਕਲਿੱਕ ਕਰੋ

## ਸਾਰੰਸ਼

ਵਰਡ ਪ੍ਰੋਸੈਸਰ ਇੱਕ ਪ੍ਰੋਗਰਾਮ ਹੁੰਦਾ ਹੈ ਇਸ ਵਿੱਚ ਚਿੱਠੀ ਪੱਤਰ ਆਦਿ ਟਾਈਪ ਕਰਨਾ ਬਹੁਤ ਆਸਾਨ ਹੁੰਦਾ ਹੈ ਵਰਡ ਪ੍ਰੋਸੈਸਰ ਪ੍ਰੋਗਰਾਮਾਂ ਦੀ ਵਰਤੋਂ ਡਾਕੂਮੈਂਟ ਤਿਆਰ ਕਰਨ ਲਈ ਕੀਤੀ ਜਾਂਦੀ ਹੈ ਵਰਡ ਪ੍ਰੋਸੈੱਸਰ ਵਿੱਚ ਟਾਈਪ ਕੀਤਾ ਹੋਇਆ ਡਾਕੂਮੈਂਟ ਪਹਿਲਾਂ ਮੋਨੀਟਰ ਦੀ ਸਕਰੀਨ ਉੱਤੇ ਨਜ਼ਰ ਆਉਂਦਾ ਹੈ ਡਾਕੂਮੈਂਟ ਨੂੰ ਪ੍ਰਿੰਟ ਕਰਨ ਤੋਂ ਪਹਿਲਾਂ ਅਸੀਂ ਇਸ ਨੂੰ ਮੋਨੀਟਰ ਦੀ ਸਕਰੀਨ ਉੱਤੇ ਪੜ੍ਹ ਸਕਦੇ ਹਾਂ ਗਲਤੀਆਂ ਠੀਕ ਕਰ ਸਕਦੇ ਹਾਂ ਅਤੇ ਅਲੱਗ ਅਲੱਗ ਤਰੀਕਿਆਂ ਨਾਲ ਸਜਾ ਕੇ ਆਕਰਸ਼ਿਤ ਬਣਾ ਸਕਦੇ ਹਾਂ ਇਸ ਪ੍ਰਕਾਰ ਤਿਆਰ ਕੀਤੇ ਡਾਕੂਮੈਂਟ ਨੂੰ ਭਵਿੱਖ ਵਿਚ ਵਰਤਣ ਲਈ ਸੇਵ ਵੀ ਕੀਤਾ ਜਾ ਸਕਦਾ ਹੈ ਐਮ ਐਸ ਬਰਡ ਵਰਲਡ ਪੈਂਹਠ ਵਰਲਡ ਪ੍ਰਫੈਕਟ ਪੇਜ ਮੇਕਰ ਆਦਿ

ਵਰਡ ਪ੍ਰੋਸੈਸਿੰਗ ਸਾਫਟਵੇਅਰ ਦੀਆਂ ਮਹੱਤਵਪੂਰਣ ਉਦਾਹਰਣਾਂ ਹਨ ਵ੍ਹੱਟਸਐਪ ਪ੍ਰੋਸੈਸਰਾਂ ਦੀਆਂ ਅਨੇਕਾਂ ਵਿਸ਼ੇਸ਼ਤਾਵਾਂ ਹਨ ਜਿਨ੍ਹਾਂ ਕਾਰਨ ਬਹੁਤ ਜ਼ਿਆਦਾ ਲੋਕਪ੍ਰਿਯ ਹੋ ਗਏ ਹਨ

**ਮੁੱਖ/ਕੇਂਦਰੀ ਸ਼ਬਦ:**

MT---ਮੈਡੀਕਲ ਤਕਨਾਲੋਜੀ

IT---ਸੂਚਨਾ ਤਕਨਾਲੋਜੀ

ਗਲੋਬਲਾਈਜੇਸ਼ਨ---ਦੁਨੀਆਂ ਨੂੰ ਛੋਟ ਦੇਖਣਾ

ਆਨ-ਲਾਇਨ ਸ਼ਾਪਿੰਗ---ਆਈ.ਟੀ ਦੀ ਸਹਾਇਤਾ ਰਾਹੀਂ ਖਰੀਦ

ਅਨਮੋਲ ਲਿਪੀ---ਪੰਜਾਬੀ ਲਿਖਤ ਦਾ ਫੌਂਟ

ਫੌਂਟ--- ਲਿਖਤ ਦਾ ਸਾਇਜ਼

 ਸਵੈ-ਮੁਲਾਂਕਣ:

1.MO ਦਾ ਪੂਰਾ ਨਾਮ ਹੈ

ੳ. Microsoft office

ਅ. Music office

ੲ. Music word

ਸ. Ms word

2. ਮਾਈਕਰੋਸਾਫਟ ਵਰਡ ਪ੍ਰੋਸੈਸਰ ਹੈ

ੳ. ਪੜਨ ਕਿਰਿਆ

ਅ. ਲਿਖਤ ਕਿਰਿਆ

ੲ. ਬੋਲਣ ਕਿਰਿਆ

ਸ. ਉਪਰੋਕਤ ਸਾਰੇ

3. ਮਾਈਕਰੋਸਾਫਟ ਵਰਡ ਨੂੰ ਕਿਹਾ ਜਾਂਦਾ ਹੈ

ੳ. ਵਰਡ ਪ੍ਰੋਸੈਸਰ

ਅ. ਬੈਲੇਂਸਸ਼ੀਟ

ੲ. ਕਿਰਿਆ

ਸ. ਉਪਰੋਕਤ ਸਾਰੇ

4. ਵਰਡ ਪ੍ਰੋਸੈਸਰ ਦੀਆਂ ਸਹੂਲਤਾਂ ਹਨ

ੳ. ਬੈਲੇਂਸ ਸ਼ੀਟ ਤਿਆਰ ਕਰਨਾ

ਅ. ਲਿਖਤ ਨੂੰ ਤਿਆਰ ਕਰਨਾ

ੲ. ਵੈੱਬ ਦਾ ਟਾਈਟਲ ਪੇਜ ਬਣਾਉਣਾ

ਸ. ਉਪਰੋਕਤ ਸਾਰੇ

5. ਮਾਈਕਰੋਸਾਫਟ ਵਰਡ ਵਿਚ ਕੀਤੀ ਗਈ ਰਚਨਾ ਜਾਂ ਸੂਚਨਾ ਨੂੰ ਕਿਸੇ ਵੀ ਸਮੇਂ ਦੁਬਾਰਾ ਵਰਤਿਆ ਜਾ ਸਕਦਾ

ੳ. ਗ਼ਲਤ

ਅ. ਸਹੀ

6. ਮਾਈਕਰੋਸਾਫਟ ਵਰਡ ਵਿਆਕਰਣਕ ਗ਼ਲਤੀਆਂ ਚੈੱਕ ਕਰਨੀਆਂ ਅਤੇ ਸੁਧਾਰ ਕਰਨ ਵਿੱਚ ਸਹਾਇਕ ਹੁੰਦੇ ਹਨ

ੳ. ਗ਼ਲਤ

ਅ. ਸਹੀ

7. ਮਾਈਕਰੋਸਾਫਟ ਵਰਡ ਵਿਚ ਕਿਸੇ ਵੀ ਸਮੇਂ ਸੂਚਨਾ ਨੂੰ ਅਪਡੇਟ ਕੀਤਾ ਜਾ ਸਕਦਾ ਹੈ।

ੳ.ਹਾਂ

ਅ. ਨਹੀਂ

ੲ. ਹਾਂ/ਨਾ ਦੋਨੋਂ

ਸ. ਕੋਈ ਵੀ ਨਹੀਂ

8. ਮਾਈਕਰੋਸਾਫਟ ਵਰਡ …………..ਭਾਗ ਹੈ

ੳ. ਐੱਮਐੱਸ ਵਰਡ

ਅ. ਐੱਮ ਐੱਸ ਐਕਸਲ

ੲ. ਐਮਐਸ ਪਾਵਰ

ਸ. ਉਪਰੋਕਤ ਸਾਰੇ

9. ਮਾਈਕਰੋਸਾਫਟ ਵਰਡ ਦੀਆਂ ਆਪਸ਼ਨਾਂ ਹਨ

ੳ. ਟਾਈਟਲ ਬਾਰ

ਅ. ਮੀਨੂੰ ਵਾਰ

ੲ. ਸੇਵ ਐਜ਼

ਸ. ਉਪਰੋਕਤ ਸਾਰੇ

10. ਮੀਨੂੰ ਬਾਰ ਦੀਆਂ ਆਪਸ਼ਨਾਂ ਹਨ

ੳ. ਨਿਊ

ਅ. ਓਪਨ

ੲ. ਸੇਵ

ਸ. ਉਪਰੋਕਤ ਸਾਰੀਆਂ

11. ਮਾਈਕਰੋਸਾਫਟ ਵਰਡ ਵਿਚ ਟੂਲਜ਼ ਨਾਲ ਕਾਰਜ ਕੀਤਾ ਜਾਂਦਾ ਹੈ

ੳ. ਵਿਆਕਰਣ ਗਲਤੀਆਂ ਸੁਧਾਰਨਾ

ਅ. ਅੱਖਰਾਂ ਨੂੰ ਗਿਣਨਾ

ੲ. ਮੇਲ ਮਰਜ਼ ਕਰਨਾ

ਸ. ਉਪਰੋਕਤ ਸਾਰੇ

12. ਮਾਈਕਰੋਸਾਫਟ ਵਰਡ ਵਿੱਚ ਫਾਰਮੈਟਿਕਸ ਕਰਨਾ

ੳ. ਫੌਂਟ

ਅ. ਪੈਰਾਗ੍ਰਾਫ

ੲ. ਵਾਰਡਰ ਸ਼ੇਡਿੰਗ

ਸ. ਉਪਰੋਕਤ ਸਾਰੇ

13. ਫਾਰਮੈਟਿਕਸ ਟੂਲ ਬਾਰ ਹੁੰਦੇ ਹਨ

ੳ. ਫੌਂਟ ਸਾਈਜ਼ ਲਈ

ਅ. ਰੰਗ ਬਦਲਣ ਲਈ

ੲ. ਵੱਖਰੇ ਵੱਖਰੇ ਫੌਂਟਾਂ ਲਈ

ਸ. ਉਪਰੋਕਤ ਸਾਰੇ

14. ਮਾਈਕਰੋਸਾਫ਼ਟ ਵਰਡ ਵਿਚ ਦਸਤਾਵੇਜ਼ ਨੂੰ ਸੁਰੱਖਿਅਤ ਕਰਨ ਲਈ ਵਰਤਿਆ ਜਾਂਦਾ ਹੈ

ੳ. close

ਅ. ਸੇਵ ਵਿਚ yes

ੲ. ਸੇਵ no

ਸ. ਕੋਈ ਵੀ ਨਹੀਂ

15. ਮਾਈਕਰੋਸਾਫਟ ਵਰਡ ਵਿਚ ਦਸਤਾਵੇਜ਼ ਵਿਚਲੀ ਸੂਚਨਾ ਨੂੰ ਕਿਸੇ ਵੀ ਆਕਾਰ ਰੂਪ ਰੰਗ ਵਿੱਚ ਲਿਖਣ ਦੀ ਸਹੂਲਤ ਹੈ

ੳ. ਗਲਤ

ਅ. ਸਹੀ

**ਅਭਿਆਸ ਪ੍ਰਸ਼ਨ**

1. ਮਾਈਕਰੋਸਾਫਟ ਵਰਡ ਤੋਂ ਕੀ ਭਾਵ ਹੈ
2. ਮਾਈਕਰੋਸਾਫਟ ਵਰਡ ਦੀਆਂ ਵਿਸ਼ੇਸ਼ਤਾਵਾਂ ਦਾ ਵਰਣਨ ਕਰੋ
3. ਮਾਈਕਰੋਸਾਫਟ ਵਰਡ ਦੇ ਕਿੰਨੇ ਭਾਗ ਹੁੰਦੇ ਹਨ
4. ਮਾਈਕਰੋਸਾਫਟ ਵਰਡ ਨੂੰ ਸ਼ੁਰੂ ਕਰਨ ਦੇ ਢੰਗ ਦੱਸੋ।
5. ਮਾਈਕਰੋਸਾਫਟ ਵਰਡ ਵਿਚ ਟੂਲ ਬਾਰ ਅਤੇ ਟੇਬਲ ਤੋਂ ਕੀ ਭਾਵ ਹੈ

ਸੰਦਰਭ ਪੁਸਤਕਾਂ:


- ਡਾ. ਹਰਬੰਸ ਸਿੰਘ ਧੀਮਾਨ, ਗਗਨਦੀਪ ਕੌਰ, ਕਾਰਜੀ ਪੰਜਾਬੀ ਤੇ ਸੂਚਨਾ ਟੈਕਨਾਲੋਜੀ, ਨਿਊ ਬੁੱਕ ਕੰਪਨੀ, ਜਲੰਧਰ, 2011.
- ਡਾ. ਸੀ.ਪੀ ਕੰਬੋਜ, ਪੰਜਾਬੀ ਭਾਸ਼ਾ ਦਾ ਕੰਪਿਊਟਰੀਕਰਨ, ਗਰੈਸ਼ੀਅਸ ਬੁੱਕ, ਪਟਿਆਲਾ, 2015.
- ਡਾ. ਸੀ.ਪੀ ਕੰਬੋਜ, ਕੰਪਿਊਟਰ ਵਿਗਿਆਨ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 2016.
- ਡਾ. ਸੀ.ਪੀ ਕੰਬੋਜ, ਅਜੋਕਾ ਫੋਨ ਸੰਸਾਰ, ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ, 2016.


ਮਹੱਤਵਪੂਰਨ ਲਿੰਕ

https://punjabi-computer-learning.blogspot.com/2018/05/how-to-merge-table-cells-in-ms-word.html

http://www.diprpunjab.gov.in/?q=node/3985

http://blog.cfpunjab.com/pb/%E0%A8%AA%E0%A8%A0-5-%E0%A8%90%E0%A8%AE%E0%A8%90%E0%A8%B8-%E0%A8%B5%E0%A8%B0%E0%A8%A1-%E0%A8%B5%E0%A8%9A-%E0%A8%AB%E0%A8%B0%E0%A8%AE%E0%A8%9F%E0%A8%97-2

**ਉੱਤਰਮਾਲਾ**

| | | | | |
|---|---|---|---|---|
| 1. ੳ | 2. ਅ | 3. ੳ | 4. ਸ | 5. ਅ |
| 6. ਅ | 7. ੳ | 8. ੳ | 9. ਸ | 10. ਸ |
| 11. ਸ | 12. ਸ | 13. ਸ | 14. ਅ | 15. ਅ |

**DPBI536**

# ਅਧਿਆਇ-8 : ਕੰਪਿਊਟਰ ਅਤੇ ਪਾਵਰ ਪੁਆਇੰਟ

ਵਿਸ਼ਾ ਵਸਤੂ (Content)

1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ
9. ਮੱਹਤਵਪੂਰਨ ਵੈੱਬਸਾਇਟਸ

**ਉਦੇਸ਼**

1. **ਵਿਦਿਆਰਥੀ ਪਾਵਰ ਪੁਆਇੰਟ ਬਾਰੇ ਜਾਣਨਗੇ।**
2. **ਵਿਦਿਆਰਥੀ ਪਾਵਰ ਪੁਆਇੰਟ ਦੀਆਂ ਕਿਸਮਾਂ ਬਾਰੇ ਜਾਣਨਗੇ।**
3. **ਵਿਦਿਆਰਥੀ ਪਾਵਰ ਪੁਆਇੰਟ ਦੇ ਮਹੱਤਵ ਅਤੇ ਵਿਸ਼ੇਸ਼ਤਾਵਾਂ ਬਾਰੇ ਜਾਣਨਗੇ।**

**ਪ੍ਰਸਤਾਵਨਾ** : ਪਾਵਰ ਪੁਆਇੰਟ ਇਕ ਅਜਿਹਾ ਸਾਧਨ ਹੈ ਜਿਸ ਨਾਲ ਅਸੀਂ ਦੂਜਿਆਂ ਸਾਹਮਣੇ ਆਪਣੇ ਵਿਚਾਰ ਹੈੱਡ ਪੁਆਇੰਟਸ ਰਾਹੀਂ ਦਿਖਾ ਸਕਦੇ ਹਾਂ ਇਸ ਵਿਚ ਅਸੀਂ ਵੱਖ ਵੱਖ ਤਰਾਂ ਦੇ ਰੰਗਾਂ ਦੀ ਵਰਤੋਂ ਵੀ ਕਰ ਸਕਦੇ ਹਾਂ ਇਸ ਵਿਚ ਵੱਖੋ ਵਖਰੀਆਂ ਤਸਵੀਰਾਂ ਵੀ ਸਲਾਇਡ ਦੇ ਪਿੱਛੇ ਲਗਾ ਕੇ ਇਸ ਨੂੰ ਹੋਰ ਆਕਰਸ਼ਿਤ ਬਣਾ ਸਕਦੇ ਹਾਂ। ਅੱਜ ਕੱਲ ਵਪਾਰਕ ਖੇਤਰ ਵਿਚ ਕਿਸੇ ਪ੍ਰਾਜੈਕਟ ਨੂੰ ਦਿਖਾਉਣ ਲਈ ਮਾਈਕ੍ਰੋਸੋਫਟ ਪਾਵਰ ਪੁਆਇੰਟ ਦੀ ਵਰਤੋਂ ਕੀਤੀ ਜਾਂਦੀ ਹੈ। ਸਿੱਖਿਆ ਦੇ ਖੇਤਰ ਵਿਚ ਪਾਵਰ ਪੁਆਇੰਟ ਨੂੰ ਸਲਾਇਡ ਸ਼ੋਅ ਲਈ

ਵਰਤਿਆ ਜਾਂਦਾ ਹੈ। ਇਸ ਵਿਚ ਲੋੜ ਅਨੁਸਾਰ ਚਾਰਟ, ਤਸਵੀਰਾਂ, ਗ੍ਰਾਫ, ਅਤੇ ਹਾਈਪਰਲਿੰਕ ਵੀ ਲਗਾ ਕੇ ਹੋਰ ਮਹੱਤਵਪੂਰਨ ਵਿਚਾਰਾਂ ਨੂੰ ਸਾਂਝਾ ਕੀਤਾ ਜਾ ਸਕਦਾ ਹੈ।

## ਵਿਸ਼ਾ:

## ਮਾਈਕਰੋਸਾਫਟ ਪਾਵਰਪੁਆਇੰਟ (Microsoft PowerPoint)

ਮਾਈਕਰੋਸਾਫਟ ਪਾਵਰਪੁਆਇੰਟ ਇਕ ਅਜਿਹਾ ਟੂਲ ਹੈ ਜਿਸ ਦੀ ਸਹਾਇਤਾ ਨਾਲ ਅਸੀਂ ਆਪਣੇ ਵਿਚਾਰ ਦੂਜਿਆਂ ਨਾਲ ਬਹੁਤ ਸੌਖੇ ਤਰੀਕੇ ਰਾਹੀਂ ਸਾਂਝੇ ਕਰ ਸਕਦੇ ਹਾਂ। ਵਪਾਰਕ ਖੇਤਰ ਵਿਚ ਕਿਸੇ ਪ੍ਰਾਜੈਕਟ ਨੂੰ ਦਿਖਾਉਣ ਲਈ ਮਾਈਕਰੋਸਾਫਟ ਪਾਵਰਪੁਆਇੰਟ ਦੀ ਮਦਦ ਲਈ ਜਾਂਦੀ ਹੈ। ਮਾਈਕਰੋਸਾਫਟ ਪਾਵਰਪੁਆਇੰਟ ਦੀ ਸਹਾਇਤਾ ਨਾਲ ਮੀਡੀਆ ਦੇ ਵਿਭਿੰਨ ਰੂਪ ਬਣਾਏ ਜਾ ਸਕਦੇ ਹਨ, ਰੰਗ-ਬਿਰੰਗੀਆਂ ਲਾਈਨਾਂ ਬਣਾਈਆਂ ਜਾ ਸਕਦੀਆਂ ਹਨ ਅਤੇ ਇੰਟਰਨੇਟ ਉੱਤੇ ਵੀ ਆਪਣੇ ਵਿਚਾਰ ਸਾਂਝੇ ਕੀਤੇ ਜਾ ਸਕਦੇ ਹਨ। ਗੱਲ ਕੀ ਕਿ ਅਸੀਂ ਮਾਈਕਰੋਸਾਫਟ ਪਾਵਰਪੁਆਇੰਟ ਨੂੰ ਸਿੱਖਿਆ ਦੇ ਖੇਤਰ ਵਿੱਚ, ਵਪਾਰ ਦੇ ਖੇਤਰ ਵਿੱਚ ਸਲਾਈਡ ਸ਼ੋ ਰਾਹੀਂ ਵਰਤ ਸਕਦੇ ਹਾਂ ਇਸ ਵਿੱਚ ਲੋੜ ਅਨੁਸਾਰ ਚਾਰਟ, ਤਸਵੀਰਾਂ, ਗ੍ਰਾਫਿਕਸ ਆਦਿ ਜੋੜੇ ਜਾਂ ਬਣਾਏ ਜਾ ਸਕਦੇ ਹਨ।

## ਪਾਵਰ ਪੁਆਇੰਟ ਦੀ ਵਿਸ਼ੇਸ਼ਤਾਵਾਂ

੧. ਇਸ ਨਾਲ ਸਲਾਈਡ ਸ਼ੋਅ ਤਿਆਰ ਕਰਨ ਵਿੱਚ ਮਦਦ ਮਿਲਦੀ ਹੈ ਜਿਸ ਰਾਹੀਂ ਸਲਾਈਡਾਂ, ਇਕ- ਇਕ ਕਰ ਕੇ ਕੁੱਝ ਪਲਾਂ ਬਾਅਦ ਆਪਣੇ ਆਪ ਸਕਰੀਨ ਉੱਤੇ ਦਿਖਾਈ ਦਿੰਦੀਆਂ ਹਨ।

੨. ਮਾਇਕ੍ਰੋਸਾਫਟ ਪਾਵਰ ਪੁਆਇੰਟ ਦੇ ਦਸਤਾਵੇਜ਼ ਨੂੰ ਗ੍ਰਾਫ representation ਲਈ ਜ਼ਿਆਦਾ ਵਰਤਿਆ ਜਾਂਦਾ ਹੈ।

੩. ਇਸ ਵਿੱਚ ਲੋੜ ਅਨੁਸਾਰ ਗਰਾਫ, ਚਾਰਟ, table ਜੋੜੇ ਜਾ ਸਕਦੇ ਹਨ।

੪. ਹਰ ਇੱਕ ਸਲਾਈਡ ਵਿਚ ਅਸੀਂ ਵਿਭਿੰਨ- ਵਿਭਿੰਨ ਪਾਠ, ਵੱਖ-ਵੱਖ ਤਸਵੀਰਾਂ ਵੀ ਜੋੜ ਸਕਦੇ ਹਾਂ।

੫. ਹਰ ਇਕ ਸਲਾਇਡ ਦਾ ਆਪਣਾ ਰੰਗ, ਆਪਣੀ ਬਣਤਰ ਹੋ ਸਕਦੀ ਹੈ।

੬. ਕਿਸੇ ਵੀ ਸਲਾਇਡ ਉੱਤੇ ਲੋੜ ਅਨੁਸਾਰ ਆਵਾਜ਼ ਦਿੱਤੀ ਜਾ ਸਕਦੀ ਹੈ।

੭. ਹਰੇਕ ਸਲਾਈਡ ਕੁਝ ਪਲਾਂ ਬਾਅਦ ਆਪਣੇ ਆਪ ਦਿਖਾਈ ਦਿੰਦੀ ਹੈ।

੮. ਇਕ ਦਸਤਾਵੇਜ਼ ਨੂੰ ਦੂਜੇ ਦਸਤਾਵੇਜ਼ ਨਾਲ ਸੌਖਿਆਂ ਹੀ ਜੋੜਿਆ ਜਾ ਸਕਦਾ ਹੈ।

੯. ਸਲਾਇਡਾਂ ਵਿਚ ਦਰਜ ਪਾਠ, ਤਸਵੀਰਾਂ ਅਤੇ ਚਾਰਟ ਆਦਿ ਨੂੰ ਅਸੀਂ ਆਪਣੇ ਤਰੀਕੇ ਨਾਲ ਵਧਾ ਘਟਾ ਸਕਦੇ ਹਾਂ ਅਤੇ ਉਸ ਉੱਤੇ ਕੋਈ ਵੀ ਯੋਗ ਆਪਸ਼ਨ ਲਾਗੂ ਕੀਤੀ ਜਾ ਸਕਦੀ ਹੈ।

੧੦. ਇਕ ਹੀ ਦਸਤਾਵੇਜ਼ ਵਿੱਚ ਕਈ ਵੱਖ ਵੱਖ ਭਾਸ਼ਾਵਾਂ ਵਰਤੀਆਂ ਜਾ ਸਕਦੀਆਂ ਹਨ।

11. ਇਕ ਸਲਾਇਡ ਉੱਤੇ ਅਸੀਂ ਹਾਈਪਰਲਿੰਕ ਵੀ ਲਗਾ ਸਕਦੇ ਹਾਂ।

ਜਦੋਂ ਵੀ ਅਸੀਂ ਪਾਵਰਪੁਆਇੰਟ ਵਿਚ ਕੰਮ ਕਰਦੇ ਹਾਂ ਇਸ ਵਿੱਚ ਕੰਮ ਕਰਨਾ ਉਨ੍ਹਾਂ ਹੀ ਰੌਚਕ ਹੁੰਦਾ ਜਿੰਨਾਂ ਕਿ ਕਿਸੇ ਡਰਾਇੰਗ ਬੁੱਕ ਵਿਚ ਰੰਗ ਭਰਨੇ।

## ਮਾਈਕਰੋਸਾਫਟ ਪਾਵਰ ਪੁਆਇੰਟ ਨੂੰ ਖੋਲਣ ਦਾ ਤਰੀਕਾ (Open the Powerpoint)

੧. ਕੰਪਿਊਟਰ ਦੇ ਡੈਸਕਟਾਪ ਉੱਤੇ ਮਾਈਕਰੋਸਾਫਟ ਪਾਵਰ ਪੁਆਇੰਟ ਦੇ ਆਈਕਨ ਨੂੰ mouse ਦੀ ਮਦਦ ਨਾਲ ਡਬਲ ਕਲਿੱਕ ਕਰਨਾ।

੨. ਕੰਪਿਊਟਰ ਦੇ ਟਾਸਕਬਾਰ ਉੱਤੇ start menu ਵਿਚ ਉਪਲਬਧ ਹੈ ਮਾਇਕਰੋਸਾਫਟ ਆਫਿਸ ਦੇ ਪੈਕੇਜਾਂ ਵਿੱਚ ਸ਼ਾਮਿਲ ਮਾਈਕਰੋਸਾਫਟ ਪਾਵਰਪੁਆਇੰਟ ਦੀ ਆਪਸ਼ਨ ਨੂੰ ਚੁਣ ਕੇ ਕਲਿੱਕ ਕਰਨਾ।


੩. Start menu ਵਿੱਚ Run ਆਪਸ਼ਨ ਦੇ ਖਾਕੇ ਵਿੱਚ POWERPNT ਲਿਖ ਕੇ ok ਵਾਲਾ ਬਟਨ ਦਬਾਓ।

੪. ਜੇਕਰ DOS ਵਿੱਚ ਕੰਮ ਕੀਤਾ ਜਾ ਰਿਹਾ ਹੈ ਤਾਂ ਹੇਠ ਲਿਖੀ ਕਮਾਂਡ ਲਿਖ ਕੇ ਕੀ-ਬੋਰਡ ਤੋਂ enter ਬਟਨ ਦੀ ਵਰਤੋਂ ਕਰੋ :

c:/program_files/Microsoft_office/office/PowerPoint. Exe

੫. ਜੇਕਰ ਅਸੀਂ find option ਦੀ ਵਰਤੋਂ ਕਰਦੇ ਹਾਂ ਤਾਂ ਪਹਿਲਾਂ ਤੋਂ ਸੁਰੱਖਿਅਤ ਦਸਤਾਵੇਜ਼, ਜਿਸ ਦੀ extension '.ppt' ਹੋਵੇ, ਨੂੰ ਖੋਲ੍ਹ ਕੇ ਨਵਾਂ ਦਸਤਾਵੇਜ਼ ਬਣਾਇਆ ਜਾ ਸਕਦਾ ਹੈ।

ਕਿਸੇ ਵੀ ਤਰੀਕੇ ਨੂੰ ਵਰਤ ਕੇ ਅਸੀਂ ਮਾਈਕਰੋਸਾਫਟ ਪਾਵਰਪੁਆਇੰਟ ਦੀ ਸਹੂਲਤ ਨੂੰ ਵਰਤ ਸਕਦੇ ਹਾਂ। ਮਾਈਕਰੋਸਾਫਟ ਪਾਵਰਪੁਆਇੰਟ ਦੀ ਖਿੜਕੀ ਇੰਜ ਦਿਖਾਈ ਦਿੰਦੀ ਹੈ :




ਇਸ ਵਿਚ ਖੱਬੇ ਹੱਥ ਤੇ ਜਿੱਥੇ ਨਿਊ ਸਲਾਇਡ ਲਿਖਿਆ ਹੈ ਇਸ ਤੋਂ ਅਸੀਂ ਨਵੀਂ ਸਲਾਇਡ ਨੂੰ ਐੱਡ ਕਰ ਸਕਦੇ ਹਾਂ ਇਸ ਤੋਂ ਹੀ ਨਵੇਂ ਡਿਜ਼ਾਇਨ ਵਾਲੀ ਫਾਇਲ ਵੀ ਲੈ ਸਕਦੇ ਹਾਂ ਜੇਕਰ ਅਸੀਂ ਨਵੀਂ ਸਲਾਇਡ ਨਹੀਂ ਲੈਣੀ ਤਾਂ ਅਸੀ ਪਹਿਲਾਂ ਵਰਤੀ ਹੋਈ ਸਲਾਇਡ ਨੂੰ ਕਾਪੀ ਕਰਕੇ ਅੱਗੇ ਅੱਗੇ ਪੈਸਟ ਕਰ ਸਕਦੇ ਹਾਂ। ਜੇਕਰ ਅਸੀ ਇਸ ਨੂੰ ਫੋਨ ਉੱਤੇ ਖੋਲਦੇ ਹਾਂ ਤਾਂ ਇਸ ਦੀਆਂ ਵੱਖਰੀਆਂ ਆਪਸ਼ਨ ਹੋਣੀਆਂ ਜੋ ਤਸਵੀਰ ਵਿਚ ਦਿੱਤੀਆਂ ਗਈਆਂ ਹਨ ਜਿਵੇਂ ਕਿ

## ਮਾਈਕਰੋਸਾਫਟ ਪਾਵਰ ਪੁਆਇੰਟ ਦੀਆ ਆਪਸ਼ਨਾਂ


ਇਸ ਵਿਚ ਹਰ ਬਾਰ ਵਿੱਚ ਹਰ ਆਪਸ਼ਨ ਉਹੀ ਹੁੰਦੀ ਹੈ ਜੋ ਪਿਛਲੇ ਮਾਈਕਰੋਸਾਫਟ ਵਰਡ ਅਤੇ ਮਾਇਕਰੋਸਾਫ਼ਟ ਐਕਸਲ ਵਿਚ ਹੁੰਦੀਆਂ ਹਨ। ਜੋ ਬਾਰ ਦੀਆਂ ਆਪਸ਼ਨਾਂ ਵੱਖ ਹਨ ਉਹ ਅਸੀਂ ਦੱਸ ਰਹੇ ਹਾਂ:


ਟਾਇਟਲ ਬਾਰ (Title bar): ਟਾਈਟਲ ਬਾਰ ਦਸਤਾਵੇਜ਼ ਦੀ ਸਭ ਤੋਂ ਉੱਪਰ ਪਹਿਲੀ ਵਾਰ ਹੁੰਦੀ ਹੈ ਜਿਸ ਵਿੱਚ ਦਸਤਾਵੇਜ਼ ਦਾ ਨਾਂ ਅਤੇ




ਵਿੰਡੋ ਕੰਟ੍ਰੋਲ ਬਟਨ ਹੁੰਦੇ ਹਨ ਜਿਨ੍ਹਾਂ ਦੀ ਮਦਦ ਨਾਲ ਦਸਤਾਵੇਜ਼ ਨੂੰ ਛੋਟਿਆਂ ਕਰਕੇ ਟਾਕਸਬਾਕਸ ਉੱਤੇ ਸੁਰੱਖਿਅਤ ਕਰਨਾ, ਵੱਡਿਆਂ ਕਰਨਾ, ਅਤੇ ਸੁਰੱਖਿਅਤ ਕਰ ਕੇ ਬੰਦ ਕੀਤਾ ਜਾ ਸਕਦਾ ਹੈ।

**ਮੀਨੂ ਬਾਰ (menu bar):** ਮੀਨੂ ਬਾਰ ਵਿੱਚ ਮਾਈਕਰੋਸਾਫਟ ਪਾਵਰਪੁਆਇੰਟ ਦੀਆ ਸਾਰੀਆਂ ਸੁਵਿਧਾਵਾਂ ਕੁਝ ਖ਼ਾਸ ਨਾਵਾਂ ਹੇਠ ਅੰਕਿਤ ਹੁੰਦੀਆਂ ਹਨ।




**File'** ਮੀਨੂ ਵਿਚ ਨਵਾਂ ਦਸਤਾਵੇਜ਼ ਖੋਲਣ ਲਈ, ਪਹਿਲਾਂ ਤੋਂ ਸੁਰੱਖਿਅਤ ਦਸਤਾਵੇਜ਼ ਨੂੰ ਦੇਖਣ ਲਈ, ਦਸਤਾਵੇਜ਼ ਨੂੰ ਸੁਰੱਖਿਅਤ ਕਰਨ ਲਈ, ਦਸਤਾਵੇਜ਼ ਵਿਚ ਪੰਨਿਆਂ ਦੇ ਆਕਾਰ ਨੂੰ ਸੈੱਟ ਕਰਨ ਲਈ, ਦਸਤਾਵੇਜ਼ ਦਾ ਪਰਿੰਟ ਰੂਪ ਲੈਣ ਲਈ, ਆਦਿ ਆਪਸ਼ਨਾਂ ਸ਼ਾਮਿਲ ਹੁੰਦੀਆਂ ਹਨ।




**"Edit"** ਮੀਨੂ ਵਿਚ ਕਈ ਤਰ੍ਹਾਂ ਦੀਆਂ ਆਪਸ਼ਨਾਂ ਹੁੰਦੀਆਂ ਹਨ ਜਿਵੇਂ ਕਿ ਪਿਛਲੀ ਕਮਾਂਡ ਨੂੰ ਦੁਬਾਰਾ ਕਰਨ ਲਈ, ਕੋਈ ਸੂਚਨਾ/ਪਾਠ ਕਾਪੀ ਕਰਨ ਲਈ, ਕਾਪੀ ਕੀਤਾ ਹੋਇਆ ਪਾਠ ਪੇਸਟ ਕਰਨ ਲਈ, ਦਸਤਾਵੇਜ਼ ਦੀ ਸਾਰੀ ਸੂਚਨਾ ਨੂੰ ਇੱਕੋ ਵਾਰ ਹੀ ਸਿਲੈਕਟ ਕਰਨ ਲਈ, ਕੋਈ ਸਲਾਈਡ ਖਤਮ ਕਰਨ ਲਈ, ਕੋਈ ਸੂਚਨਾ ਵਿੱਚੋਂ ਕੋਈ ਖਾਸ ਸ਼ਬਦ ਲੱਭਣ ਲਈ ਆਦਿ।

**"View"** ਮੀਨੂ ਦੀਆ ਆਪਸ਼ਨਾ ਵਿੱਚ ਦਸਤਾਵੇਜ਼ ਨੂੰ ਨਾਰਮਲ ਵਿੰਡੋ ਵਿੱਚ ਦੇਖਣ ਲਈ, ਸਲਾਈਡ ਸ਼ੋ ਦੇਖਣ ਲਈ, ਮਾਸਟਰ ਸਲਾਈਡ ਉੱਤੇ ਕੋਈ ਖ਼ਾਸ ਗੁਰ ਲਾਗੂ ਕਰਨ ਲਈ, ਟੂਲਬਾਰ ਆਪਸ਼ਨ ਵਿਚੋਂ ਕੋਈ ਬਾਰ ਸਿਲੈਕਟ ਕਰਨ ਲਈ ਜਾਂ ਹਟਾਉਣ ਲਈ, ਦਸਤਾਵੇਜ਼ ਵਿੱਚ ਖੱਬੇ ਅਤੇ ਰੂਲਰ ਵਾਲੇ ਪੰਨੇ ਦੀ ਲੰਬਾਈ ਚੋੜਾਈ ਦੇਖਣ ਲਈ, ਆਦਿ ਵਿਚੋਂ ਲੋੜ ਅਨੁਸਾਰ ਕੋਈ ਵੀ ਆਪਸ਼ਨ ਚੁਣ ਸਕਦੇ ਹਾਂ।

**"Insert"** ਮੀਨੂ ਵਿਚ ਦਿੱਤੀਆਂ ਗਈਆਂ ਆਪਸ਼ਨਾਂ ਵਿੱਚੋਂ ਕੋਈ ਵੀ ਆਪਸ਼ਨ ਲੋੜ ਅਨੁਸਾਰ ਚੁਣੀ ਜਾ ਸਕਦੀ ਹੈ

ਜਿਨ੍ਹਾਂ ਵਿੱਚ ਦਸਤਾਵੇਜ਼ ਵਿੱਚ ਨਵੀਂ ਸਲਾਈਡ ਜੋੜਨ ਲਈ, ਸਲਾਇਡਾਂ ਨੂੰ ਨੰਬਰ ਲਾਉਣ ਲਈ, ਹਰ ਸਲਾਈਡ ਉੱਤੇ ਤਾਰੀਖ ਅਤੇ ਸਮਾਂ ਦੇਣ ਲਈ, ਦਸਤਾਵੇਜ਼ ਵਿੱਚ ਕੋਈ ਵੀ ਤਸਵੀਰ ਜੋੜਨ ਲਈ, ਕਿਸੇ ਤਰ੍ਹਾਂ ਦੀ ਖਾਸ ਸੂਚਨਾ ਜੋੜਨ ਲਈ, ਚਾਰਟ ਜੋੜਨ ਲਈ, ਟੇਬਲ




ਬਣਾਉਣ ਲਈ ਆਦਿ ਆਪਸ਼ਨਾਂ ਸ਼ਾਮਿਲ ਹਨ।

**"Format"** ਮੀਨੂ ਵਿਚ ਦਿੱਤੀਆਂ ਆਪਸ਼ਨਾਂ ਨੂੰ ਦਸਤਾਵੇਜ਼ ਵਿੱਚ ਸੂਚਨਾ ਵਾਲੇ ਫੌਂਟ ਨੂੰ ਚੁਣਨ ਲਈ, ਸਲਾਇਡਾਂ ਦੀ ਅਲਾਇਨਮੈਂਟ ਕਰਨ ਲਈ, ਸਲਾਇਡਾਂ ਦਾ ਡੀਜਾਇਨ ਜਾਂ ਪਿੱਠ-ਛਾਤ ਦੇਣ ਲਈ, ਚੁਣਿਆ ਜਾ ਸਕਦਾ ਹੈ।








"Tools" ਮੀਨੂ ਆਪਸ਼ਨ ਵਿਚ ਦਿੱਤੀਆਂ ਗਈਆਂ ਆਪਸ਼ਨਾ ਨੂੰ ਅਸੀਂ ਲੋੜ ਅਨੁਸਾਰ ਵਰਤ ਸਕਦੇ ਹਾਂ ਜਿਹਨਾਂ ਵਿੱਚ ਅਸੀਂ ਦਸਤਾਵੇਜ਼ ਵਿੱਚਲੀ ਸਪੀਚ ਨੂੰ ਲੋੜ ਅਨੁਸਾਰ ਬਦਲ ਸਕਦੇ ਹਾਂ, customise and options ਆਪਸ਼ਨ ਦੇ ਰਾਹੀਂ ਲੋੜ ਅਨੁਸਾਰ ਆਪਸ਼ਨਾਂ ਨੂੰ ਸਿਲੈਕਟ ਕਰ ਸਕਦੇ ਹਾਂ ਆਦਿ, ਸ਼ਾਮਿਲ ਹਨ। ਜੋ ਹੇਠਾਂ ਚਿੱਤਰ ਰਾਹੀਂ ਦਿਖਾਇਆ ਗਿਆ ਹੈ

**"Slide show"** ਮੀਨੂ ਦੀਆਂ ਆਪਸ਼ਨਾ ਨੂੰ ਸਲਾਈਡ ਸ਼ੋਅ ਲਈ ਵਰਤਿਆ ਜਾਂਦਾ ਹੈ, ਸਲਾਈਡ ਉੱਤੇ ਐਨੀਮੇਸ਼ਨ ਲਗਾਉਣ ਲਈ, ਇੱਕ ਸਲਾਈਡ ਤੋਂ ਬਾਅਦ ਦੂਜੀ ਸਲਾਈਡ

ਸ਼ੋ ਹੋਣ ਦਾ ਸਮਾਂ ਆਦਿ ਲਈ ਵਰਤਿਆ ਜਾਂਦਾ ਹੈ।








"Window" ਮੀਨੂ ਵਿਚਲੀਆਂ ਆਪਸ਼ਨਾ ਨੂੰ ਨਵੀਂ ਵਿੰਡੋ ਖੋਲ੍ਹਣ ਲਈ, ਖੁੱਲ੍ਹੀਆਂ ਹੋਈਆਂ ਵਿੰਡੋ ਨੂੰ ਤਰੀਕੇ ਵਾਰ ਢੰਗ ਨਾਲ ਦੇਖਣ ਲਈ, ਵਰਤ ਸਕਦੇ ਹਾਂ।

**ਸਟੈਂਡਰਡ ਟੂਲਬਾਰ (standard toolbar):** ਸਟੈਂਡਰਡ ਟੂਲਬਾਰ ਵਿੱਚ ਬਾਰ - ਬਾਰ ਵਰਤੋਂ ਵਿਚ ਆਉਣ ਵਾਲੀਆਂ ਆਪਸ਼ਨਾਂ ਨੂੰ ਸ਼ਾਰਟਕੱਟਾਂ ਦੇ ਰੂਪ ਵਿੱਚ ਲਿਖਿਆ ਹੁੰਦਾ ਹੈ।

**ਫਾਰਮੈਟਿੰਗ ਟੂਲਬਾਰ (formatting toolbar):** ਫਾਰਮੈਟਿੰਗ ਟੂਲਬਾਰ ਵਿੱਚ ਦਸਤਾਵੇਜ਼ ਵਿਚਲੀ ਸੂਚਨਾ ਨੂੰ ਫਾਰਮੈਟ ਕਰਨ ਲਈ ਵੱਖ-ਵੱਖ ਫੌਂਟ, ਅੱਖਰਾਂ ਦਾ ਸਾਈਜ਼, ਰੰਗ ਆਦਿ ਬਦਲਣ ਲਈ ਵਰਤੇ ਜਾਣ ਵਾਲੇ ਸ਼ਾਰਟਕੱਟ ਸ਼ਾਮਿਲ ਹੁੰਦੇ ਹਨ।




## ਦਸਤਾਵੇਜ਼ ਨੂੰ ਸੁਰੱਖਿਅਤ ਅਤੇ ਬੰਦ ਕਰਨ ਲਈ




ਦਸਤਾਵੇਜ਼ ਵਿਚ ਲੋੜੀਂਦੀ ਸੂਚਨਾ ਭਰਨ ਤੋਂ ਬਾਅਦ ਦਸਤਾਵੇਜ਼ ਨੂੰ ਸਹੀ ਤਰੀਕੇ ਨਾਲ ਸੁਰੱਖਿਅਤ ਕਰਨਾ ਜ਼ਰੂਰੀ ਹੁੰਦਾ ਹੈ ਤਾਂ ਜੋ ਲੋੜ ਪੈਣ ਉੱਤੇ ਬਾਅਦ ਵਿੱਚ ਵਰਤਿਆ ਜਾ ਸਕੇ। ਦਸਤਾਵੇਜ ਨੂੰ ਸੁਰੱਖਿਅਤ ਕਰਨ ਦੇ ਤਰੀਕੇ ਹੇਠ ਲਿਖੇ ਅਨੁਸਾਰ ਹੈ।

1.'File'ਮੀਨੂ ਵਿੱਚੋਂ Exit ਆਪਸ਼ਨ ਨੂੰ ਚੁਣਨਾ ਅਤੇ ਸੂਚਨਾ ਸੰਭਾਲਣ ਲਈ ਯੇਸੇ ਬਟਨ ਨੂੰ ਕਲਿੱਕ ਕਰਨਾ।

2. ਟਾਈਟਲ ਬਾਰ ਵਿਚ ਵੰਡੋ ਕੰਟ੍ਰੋਲ ਬਟਨ ਵਿਚੋ close ਬਟਨ ਨੂੰ ਕਲਿੱਕ ਕਰਨਾ।

3. ਕੀ-ਬੋਰਡ ਉੱਤੇ ਦੋ ਕੀ ਇਕੱਠੀਆਂ ਦਵਾਉਣ ਨਾਲ ਵੀ ਦਸਤਾਵੇਜ਼ ਸੁਰੱਖਿਅਤ ਕੀਤਾ ਜਾ ਸਕਦਾ ਹੈ।

ਕਿਸੇ ਇੱਕ ਤਰੀਕੇ ਨਾਲ ਦਸਤਾਵੇਜ਼ ਨੂੰ ਸੁਰੱਖਿਅਤ ਕਰਨ ਨਾਲ ਹੇਠ ਦਿਖਦੀ ਛੋਟੀ ਵਿੰਡੋ ਖੁਲਦੀ ਹੈ:


ਇਸ ਤਰ੍ਹਾਂ ਮਾਈਕਰੋਸਾਫਟ ਪਾਵਰਪੁਆਇੰਟ ਨੂੰ ਵਪਾਰਕ ਖੇਤਰ ਵਿੱਚ ਸਲਾਈਡ representation ਲਈ ਜ਼ਿਆਦਾ ਵਰਤਿਆ ਜਾਂਦਾ ਹੈ।

ਪਾਵਰ ਪੁਆਇੰਟ ਦੀ ਇਸ ਮਹੱਤਵਪੂਰਨ ਜਾਣਕਾਰੀ ਤੋਂ ਬਾਅਦ ਅਸੀ ਇਸ ਅਧਿਆਇ ਵਿਚ ਮਾਈਕਰੋਸਾਫਟ ਅਸੈੱਸ ਦੀ ਵਰਤੋਂ ਅਤੇ ਇਸ ਦੀਆਂ ਵਿਸ਼ੇਸ਼ਤਾਵਾਂ ਦੀ ਗੱਲ ਕਰਾਂਗੇ।

## ਮਾਇਕਰੋਸਾਫ਼ਟ ਅਸੈੱਸ (Microsoft Access)

ਮਾਇਕਰੋਸਾਫਟ ਅਸੈਸ, ਮਾਇਕਰੋਸਾਫਟ ਆਫਿਸ ਦਾ ਖਾਸ ਪੈਕੇਜ ਹੈ ਜੋ ਕਿ ਡਾਟਾਬੇਸ ਬਣਾਉਣ, ਉਸ ਨੂੰ ਸੰਭਾਲਣ ਲਈ ਟੇਬਲ ਦੀ ਮਦਦ ਲਈ ਜਾਂਦੀ ਹੈ, ਟੇਬਲ ਵਾਲੀ ਸੂਚਨਾ ਦੇ ਅਧਾਰਿਤ ਸਵਾਲ ਪੁੱਛ ਕੇ ਨਵੇਂ ਟੇਬਲ ਬਣਾਉਣੇ, ਟੇਬਲ ਵਿਚਲੀ ਸੂਚਨਾ ਉੱਤੇ ਆਧਾਰਿਤ ਨਵੇਂ ਫਾਰਮ ਬਣਾਉਣੇ, ਰਿਪੋਰਟਾਂ ਬਣਾਉਣੀਆਂ ਆਦਿ।

ਮਾਇਕਰੋਸਾਫਟ ਅਸੈਸ ਦੀ ਖਾਸ ਸੁਵਿਧਾਵਾਂ ਨਾਲ ਇਸ ਦੀ ਵਰਤੋਂ ਕਰਨ ਵਾਲਿਆਂ ਦੇ ਵਪਾਰਕ ਖੇਤਰ ਵਿੱਚ ਕੰਮ ਕਰਨ ਵਾਲਿਆਂ ਨੂੰ ਬਹੁਤ ਸੌਖ ਹੁੰਦੀ ਹੈ। ਇਹਨਾਂ ਸੁਵਿਧਾਵਾਂ ਦੀ ਸਹਾਇਤਾ ਨਾਲ ਵਧੀਆ ਡਾਟਾ ਬੇਸ ਤਿਆਰ ਕੀਤੇ ਜਾਂਦੇ ਹਨ ਵਿਚ ਵਿਚ ਨਿੱਜੀ ਵਰਤੋਂ ਤੋਂ ਲੈ ਕੇ ਵੱਡੇ - ਵੱਡੇ ਵਪਾਰਕ ਕਾਰਜਾਂ ਨਾਲ ਸੰਬੰਧਿਤ ਹੋ ਸਕਦੇ ਹਨ।




ਉਪਰੋਕਤ ਚਿੱਤਰ ਵਿਚ ਮਾਈਕਰੋਸਾਫਟ ਦੀਆਂ ਤਸਵੀਰਾਂ ਅਤੇ ਇਸ ਵਿਚ ਕਿਵੇ ਡਾਟਾ ਸੰਭਾਲਣਾ ਹੈ ਅਤੇ ਕਿਸ ਕਿਸ ਵਿਚ ਕੰਮ ਕਰ ਸਕਦੇ ਹਾਂ ਸਾਰੇ ਚਿਤਰਾਂ ਵਿਚ ਦੇਖਿਆ ਜਾਂ ਸਕਦਾ ਹੈ।


## ਮਾਈਕਰੋਸਾਫ਼ਟ ਅਸੈੱਸ ਦੀਆਂ ਵਿਸ਼ੇਸ਼ਤਾਵਾਂ

1. ਮਾਇਕਰੋਸਾਫਟ ਅਸੈਸ ਡਾਟਾਬੇਸ ਇੰਜਣ ਅਤੇ ਡਾਟਾਬੇਸ ਨਾਲ ਜੁੜਨ ਦਾ ਜ਼ਰੀਆਂ ਪ੍ਰਦਾਨ ਕਰਦਾ ਹੈ ਅਤੇ ਇਹ SQL (strusted query language) ਦੀ ਤਾਕਤ ਹੈ।

2. ਮਾਇਕਰੋਸਾਫ਼ਟ ਅਸੈਸ ਦੇ ਡਾਟਾਬੇਸ ਇੰਜਣ ਵਿੱਚ ਸਾਰੀਆਂ ਸੁਵਿਧਾਵਾਂ ਲਈ ਡਾਟਾ ਸੁਰੱਖਿਅਤ ਹੁੰਦਾ ਹੈ ਜਿਸ ਵਿੱਚ ਟੇਬਲ, index, ਫਾਰਮ, ਰਿਪੋਰਟਾਂ, macros, modules, ਆਦਿ ਸ਼ਾਮਿਲ ਹੁੰਦੇ ਹਨ।

3. ਮਾਇਕ੍ਰੋਸਾਫ਼ਟ ਅਸੈੱਸ, ਇਸ ਦੀ ਵਰਤੋਂ ਕਰਨ ਵਾਲਿਆਂ ਨੂੰ ਪ੍ਰੋਗਰਾਮਿੰਗ ਭਾਸ਼ਾ ਦਿੰਦਾ ਹੈ ਜਿਸ ਨੂੰ access basic ਕਿਹਾ ਜਾਂਦਾ ਹੈ। ਇਸ ਭਾਸ਼ਾ ਨੂੰ ਡਾਟਾਬੇਸ ਐਪਲੀਕੇਸ਼ਨਾਂ ਲਈ ਜਿਆਦਾ ਵਰਤਿਆ ਜਾਂਦਾ ਹੈ।

4.ਇਸ ਸੁਵਿਧਾ ਦੀ ਵਰਤੋਂ ਕਰਨ ਵਾਲੇ ਡਾਟਾਬੇਸ ਦੀ ਮਦਦ ਨਾਲ ਨਵੇਂ ਫਾਰਮ, ਨਵੀਂ ਰਿਪੋਰਟਾ ਤਿਆਰ ਕੀਤੀਆਂ ਜਾਂਦੀਆਂ ਹਨ।




5. ਮਾਈਕ੍ਰੋਸਾਫਟ ਅਸੈਸ ਦੀਆ ਖਾਸ ਸੇਵਾਵਾਂ ਸਦਕਾ ਹੀ ਇਸ ਵਿਚ ਕਿਸੇ ਹੋਰ ਦਸਤਾਵੇਜ਼ ਨੂੰ ਆਸਾਨੀ ਨਾਲ ਜੋੜਿਆ ਜਾ ਸਕਦਾ ਹੈ।

6. ਤਿਆਰ ਕੀਤੇ ਦਸਤਾਵੇਜ਼ ਵਿੱਚ ਸੂਚਨਾ ਵਿਚ ਫੇਰ-ਬਦਲ ਕਰਨਾ ਬਹੁਤ ਆਸਾਨ ਹੁੰਦਾ ਹੈ।

7. ਡਾਟਾਬੇਸ ਵਿੱਚ ਲਿਖੀ ਹੋਈ ਸੂਚਨਾ ਨੂੰ ਕਿਸੇ ਵੀ ਦਸਤਾਵੇਜ਼ ਨਾਲ ਸਾਂਝਾ ਕੀਤਾ ਜਾ ਸਕਦਾ ਹੈ।

8. ਡਾਟਾਬੇਸ ਵਿੱਚ ਅਵਾਜ਼ਾਂ ਵਾਲੀਆਂ ਸੂਚਨਾਵਾਂ ਭਾਵ ਆਡੀਓ ਕਲਿਪ ਵੀ ਤਿਆਰ ਕੀਤੇ ਜਾ ਸਕਦੇ ਹਨ।

9. ਡਾਟਾਬੇਸ ਦੁਆਰਾ ਤਿਆਰ ਕੀਤੇ ਟੇਬਲਾਂ ਨੂੰ ਆਪਸ ਵਿੱਚ ਜੋੜਿਆ ਵੀ ਜਾ ਸਕਦਾ ਹੈ ਅਤੇ ਕਿਸੇ ਇਕ ਟੇਬਲ ਵਿੱਚ 'Primary Key'ਬਣਾਈ ਜਾਂਦੀ ਹੈ ਜੋ ਕਿ ਅਗਲੇ ਟੇਬਲ ਵਿਚਲੀ ਸੂਚਨਾ ਨਾਲ ਜੋੜੀ ਗਈ ਹੋਵੇ।

10. ਡਾਟਾਬੇਸ ਦੀਆਂ ਇਕ ਤੋਂ ਵੱਧ ਕਾਪੀਆਂ ਤਿਆਰ ਕੀਤੀਆਂ ਜਾ ਸਕਦੀਆਂ ਹਨ, ਇਸ ਕਾਰਜ ਨੂੰ 'Replica'ਕਿਹਾ ਜਾਂਦਾ ਹੈ।

11. ਡਾਟਾਬੇਸ ਨੂੰ ਤਿਆਰ ਕਰਕੇ ਇਸ ਨੂੰ ਪਾਸਵਰਡ ਲਾ ਕੇ ਸੁਰੱਖਿਅਤ ਵੀ ਕੀਤਾ ਜਾ ਸਕਦਾ ਹੈ।

12. ਇੱਕ ਡਾਟਾਬੇਸ ਨੂੰ ਇਕ ਤੋਂ ਵੱਧ ਵਿਅਕਤੀਆਂ ਵੱਲੋਂ ਵਰਤਿਆ ਜਾ ਸਕਦਾ ਹੈ।

## ਸਾਰੰਸ਼

ਉਪਰੋਕਤ ਸਾਰੀ ਵਿਚਾਰ ਚਰਚਾ ਵਿਚ ਪਾਵਰ ਪੁਆਇੰਟ ਅਤੇ ਮਾਈਕਰੋਸਾਫਟ ਐੱਸਸ ਬਾਰੇ ਮਹੱਤਵਪੂਰਨ ਵਿਚਾਰਾਂ ਨੂੰ ਦਿੱਤਾ ਗਿਆ ਹੈ। ਕਿਵੇਂ ਇਸ ਨੂੰ ਚਲਾਉਂਦੇ ਹਾਂ ਕਿਵੇਂ ਇਸ ਵਿਚ ਅਸੀਂ ਬੈੱਕ ਗਰਾਊਂਡ ਤਸਵੀਰ ਲਗਾਉਂਦੇ ਹਾਂ ਕਿਵੇਂ ਐੱਸਸ ਵਿਚ ਆਪਣਾ ਡਾਟਾ ਰੱਖ ਸਕਦੇ ਹਾਂ ਬਾਰੇ ਵਿਚਾਰ ਚਰਚਾ ਕੀਤੀ ਗਈ ਹੈ।

## ਮੁੱਖ / ਕੇਂਦਰੀ ਸ਼ਬਦ:

ਮਾਈਕਰੋਸਾਫਟ ਪਾਵਰਪੁਆਇੰਟ --- ਵਿਚਾਰ ਸਾਂਝੇ ਕਰਨੇ

ਚਾਰਟ---ਮੋਟਾ ਪੇਪਰ

ਆਫਿਸ---ਸ਼ਾਖ/ਦਫਤਰ

ਟੂਲ---ਸੰਦ

ਐਇਡ---ਕੁਝ ਬਦਲਣਾ

ਸਲਾਇਡ ਸ਼ੋਅ--- ਵੱਖਰਾ ਵੱਖਰਾ ਦਿਖਾਉਣਾ।



## ਸਵੈ-ਮੁਲਾਂਕਣ:

1. ਮਾਈਕ੍ਰੋਸਾਫਟ ਪਾਵਰ ਪੁਆਇੰਟ ਇੱਕ ਵਰਤਿਆ ਜਾਂਦਾ ਹੈ
   ੳ. ਕੰਪਿਊਟਰ ਵਿੱਚ
   ਅ. ਬੋਲਚਾਲ ਵਿੱਚ

2.ਹਰ ਸਲਾਈਡ ਦਾ ਆਪਣਾ ਰੰਗ ਆਪਣੀ ਬਣਤਰ ਵੱਖੋ ਵੱਖਰੇ ਪਿੱਠ ਝਾਤ ਹੋ ਸਕਦੀ ਹੈ

ੳ. ਗ਼ਲਤ

ਅ. ਸਹੀ

3.ਮਾਈਕ੍ਰੋਸਾਫਟ ਪਾਵਰ ਪੁਆਇੰਟ ਨੂੰ ਦਸਤਾਵੇਜ਼ ਦੇ ਗਰਾਫ Representation ਲਈ ਵਰਤਿਆ ਜਾਂਦਾ ਹੈ

ੳ. ਗ਼ਲਤ

ਅ. ਸਹੀ

4. ਮਾਈਕ੍ਰੋਸਾਫਟ ਪਾਵਰ ਨੂੰ ਸ਼ੁਰੂ ਕਰਨ ਦੇ ਤਰੀਕੇ ਹਨ

ੳ. ਮਾਈਕ੍ਰੋਸਾਫਟ ਪਾਵਰ ਦੇ ਆਈਕਨ ਨੂੰ ਕਲਿੱਕ ਕਰਨਾ

ਅ. ਪਾਵਰਪੁਆਇੰਟ ਲਿਖ ਕੇ ਓਕੇ ਕਰਨਾ

ੲ. ਮਾਇਕਰੋਸਾਫਟ ਪਾਵਰ ਦੀ ਆਪਸ਼ਨ ਨੂੰ ਚੁਣਨਾ

ਸ. ਉਪਰੋਕਤ ਸਾਰੇ

5. ਮਾਈਕਰੋ ਪਾਵਰ ਪੁਆਇੰਟ ਦੀਆਂ ਆਪਸ਼ਨਾਂ ਹਨ

ੳ.ਟਾਈਟਲ ਬਾਰ

ਅ. ਮੀਨੂੰ ਵਾਰ

ੲ. ਸੇਵ ਐਜ਼

ਸ. ਉਪਰੋਕਤ ਸਾਰੇ

6. ਫਾਈਲ ਮੀਨੂੰ ਵਿੱਚ ਆਪਸ਼ਨਾਂ ਹੁੰਦੀਆਂ ਹਨ

ੳ. ਦਸਤਾਵੇਜ਼ਾਂ ਨੂੰ ਸੁਰੱਖਿਅਤ ਕਰਨ ਲਈ

ਅ. ਇਕ ਦਸਤਾਵੇਜ਼ ਨੂੰ ਕਈ ਨਾਵਾਂ ਨਾਲ ਸੁਰੱਖਿਅਤ ਕਰਨ ਲਈ

ੲ. ਦਸਤਾਵੇਜ਼ ਪੰਨਿਆਂ ਦੇ ਆਕਾਰ ਨੂੰ ਸੈੱਟ ਕਰਨ ਲਈ

ਸ. ਉਪਰੋਕਤ ਸਾਰੇ

7. ਸਲਾਈਡ ਸ਼ੋਅ ਨੂੰ ਪਹਿਲੀ ਸਲਾਈਡ ਤੋਂ ਸ਼ੁਰੂ ਕਰਨ ਲਈ ਗਰੁੱਪ ਵਿਚ ਕਿਸ ਕਮਾਂਡ ਦੀ ਵਰਤੋਂ ਕੀਤੀ ਜਾਵੇਗੀ

ੳ. From begning

ਅ. from current slide

ੲ. broadcast slide

ਸ. ਉਪਰੋਕਤ ਸਾਰੇ

8. ਪਾਵਰ ਪੁਆਇੰਟ ਦੁਆਰਾ ਕਿਹੜੀਆਂ ਇਮੇਜ ਫਾਈਲ ਐਕਸਟੈਨਸ਼ਨਾਂ ਸਪੋਰਟ ਕੀਤੀਆਂ ਜਾਂਦੀਆਂ ਹਨ ਉਨ੍ਹਾਂ ਵਿਚ ਸ਼ਾਮਿਲ ਹਨ

ੳ. 5 PG

ਅ. GIF

ੲ. Tijf

ਸ. ਉਪਰੋਕਤ ਸਾਰੇ

9. ਮਾਈਕ੍ਰੋਸਾਫਟ ਪਾਵਰ ਪੁਆਇੰਟ ਇੱਕ ਵਰਤਿਆ ਜਾਂਦਾ ਹੈ

ੳ. ਕੰਪਿਊਟਰ ਵਿੱਚ

ਅ. ਬੋਲਚਾਲ ਵਿੱਚ

10.ਹਰ ਸਲਾਈਡ ਦਾ ਆਪਣਾ ਰੰਗ ਆਪਣੀ ਬਣਤਰ ਵੱਖੋ ਵੱਖਰੇ ਪਿੱਠ ਡ਼ਾਤ ਹੋ ਸਕਦੀ ਹੈ

ੳ. ਗ਼ਲਤ

ਅ. ਸਹੀ

11.ਮਾਈਕ੍ਰੋਸਾਫਟ ਪਾਵਰ ਪੁਆਇੰਟ ਦੇ ਦਸਤਾਵੇਜ਼ ਨੂੰ ਗਰਾਫ ਲਈ ਵਰਤਿਆ ਜਾਂਦਾ ਹੈ

ੳ. ਗ਼ਲਤ

ਅ. ਸਹੀ

12.ਮਾਈਕ੍ਰੋਸਾਫਟ ਪਾਵਰ ਨੂੰ ਸ਼ੁਰੂ ਕਰਨ ਦੇ ਤਰੀਕੇ ਹਨ

ੳ. ਮਾਈਕ੍ਰੋਸਾਫਟ ਪਾਵਰਡ ਪਾਵਰ ਪੁਆਇੰਟ ਦੀ ਆਈਕਨ ਨੂੰ ਕਲਿੱਕ ਕਰਨਾ

ਅ. ਪਾਵਰਪੁਆਇੰਟ ਲਿਖ ਕੇ ਓਕੇ ਕਰਨਾ

ੲ. ਮਾਇਕਰੋਸਾਫਟ ਦੀ ਆਪਸ਼ਨ ਨੂੰ ਚੁਣਨਾ

ਸ. ਉਪਰੋਕਤ ਸਾਰੇ

13. ਮਾਈਕਰੋ ਪਾਵਰ ਪੁਆਇੰਟ ਦੀਆਂ ਆਪਸ਼ਨਾਂ ਹਨ

ੳ.ਟਾਈਟਲ ਬਾਰ

ਅ. ਮੀਨੂੰ ਵਾਰ

ੲ. ਕੋਈ ਵੀ ਨਹੀਂ

ਸ. ਉਪਰੋਕਤ ਸਾਰੇ

14. ਫਾਈਲ ਮੀਨੂੰ ਵਿੱਚ ਆਪਸ਼ਨਾਂ ਹੁੰਦੀਆਂ ਹਨ

ੳ.ਦਸਤਾਵੇਜ਼ਾਂ ਨੂੰ ਸੁਰੱਖਿਅਤ ਕਰਨ ਲਈ

ਅ. ਇਕ ਦਸਤਾਵੇਜ਼ ਨੂੰ ਕਈ ਨਾਵਾਂ ਨਾਲ ਸੁਰੱਖਿਅਤ ਕਰਨ ਲਈ

ੲ. ਦਸਤਾਵੇਜ਼ ਪੰਨਿਆਂ ਦੇ ਆਕਾਰ ਨੂੰ ਸੈੱਟ ਕਰਨ ਲਈ

ਸ. ਉਪਰੋਕਤ ਸਾਰੇ

15. ਰੰਗ ਭਰਨ ਲਈ ਟੂਲ ਵਰਤਿਆ ਜਾਂਦਾ ਹੈ

ੳ. ਬਰਸ਼

ਅ.ਰਿਕਟੈਂਗਲ

ੲ. ਫਿੱਲ

ਸ.ਕੋਈ ਨਹੀਂ

## ਅਭਿਆਸ ਪ੍ਰਸ਼ਨ

੧. ਪਾਵਰ ਪੁਆਇੰਟ ਤੋਂ ਕੀ ਭਾਵ ਹੈ
੨. ਪਾਵਰ ਪੁਆਇੰਟ ਦੀਆਂ ਕੀ ਵਿਸ਼ੇਸ਼ਤਾਵਾਂ ਹਨ
੩. ਪਾਵਰ ਪੁਆਇੰਟ ਨੂੰ ਸ਼ੁਰੂ ਕਰਨ ਦੇ ਤਰੀਕੇ ਕਿਹੜੇ ਹਨ
੪. ਪਾਵਰ ਪੁਆਇੰਟ ਦੀਆਂ ਆਪਸ਼ਨਾਂ ਬਾਰੇ ਲਿਖੋ।
੫. ਪਾਵਰ ਪੁਆਇੰਟ ਦੀਆਂ ਕਿਸਮਾਂ ਹਨ।

## ਸੰਦਰਭ ਪੁਸਤਕਾਂ:


- ਡਾ. ਹਰਬੰਸ ਸਿੰਘ ਧੀਮਾਨ, ਗਗਨਦੀਪ ਕੌਰ, ਕਾਰਜੀ ਪੰਜਾਬੀ ਤੇ ਸੂਚਨਾ ਟੈਕਨਾਲੋਜੀ, ਨਿਊ ਬੁੱਕ ਕੰਪਨੀ, ਜਲੰਧਰ, 2011.
- ਡਾ. ਸੀ.ਪੀ ਕੰਬੋਜ, ਪੰਜਾਬੀ ਭਾਸ਼ਾ ਦਾ ਕੰਪਿਊਟਰੀਕਰਨ, ਗਰੈਸ਼ੀਅਸ ਬੁੱਕ, ਪਟਿਆਲਾ, 2015.
- ਡਾ. ਸੀ.ਪੀ ਕੰਬੋਜ, ਕੰਪਿਊਟਰ ਵਿਗਿਆਨ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 2016.

- ਡਾ. ਸੀ.ਪੀ ਕੰਬੋਜ, ਅਜੋਕਾ ਫੋਨ ਸੰਸਾਰ, ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ, 2016.


## ਮਹੱਤਵਪੂਰਨ ਲਿੰਕ :

https://pa.erf-est.org/10526-power-point.html

http://blog.cfpunjab.com/pb/6MzXc3

https://ctupunjab.blogspot.com/p/1_56.html

**ਉੱਤਰਮਾਲਾ**

| | | | | |
|---|---|---|---|---|
| 1. ੳ | 2. ਅ | 3. ਅ | 4. ਸ | 5. ਸ |
| 6. ਸ | 7. ੳ | 8. ਸ | 9. ੳ | 10. ਅ |
| 11. ਅ | 12. ਸ | 13. ਸ | 14. ਸ | 15. ੲ |

DPBI536

# ਅਧਿਆਇ - 9 : ਐਕਸੈੱਲ ਸੰਕਲਪ ਅਤੇ ਵਿਸ਼ੇਸ਼ਤਾਵਾਂ

ਵਿਸ਼ਾ ਵਸਤੂ (Content)


1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ
9. ਮੱਹਤਵਪੂਰਨ ਵੈੱਬਸਾਇਟਸ


## ਉਦੇਸ਼:


1. ਵਿਦਿਆਰਥੀ ਐਕਸੈੱਲ ਦੇ ਵਿਚ ਕੰਮ ਕਰਨ ਬਾਰੇ ਜਾਣਨਗੇ।
2. ਵਿਦਿਆਰਥੀ ਐਕਸੈੱਲ ਦੇ ਸੰਕਲਪ ਅਤੇ ਪਰਿਭਾਸ਼ਾ ਬਾਰੇ ਜਾਣਨਗੇ।
3. ਵਿਦਿਆਰਥੀ ਐਕਸੈੱਲ ਦੇ ਮਹੱਤਵ ਅਤੇ ਵਿਸ਼ੇਸ਼ਤਾਵਾਂ ਬਾਰੇ ਜਾਣਨਗੇ।

## ਪ੍ਰਸਤਾਵਨਾ:

ਜਦੋਂ ਅਸੀਂ ਕੰਪਿਊਟਰ ਨੂੰ ਖੋਲਦੇ ਹਾਂ ਤਾਂ ਇਸ ਵਿਚ ਵੱਖ ਵੱਖ ਆਪਸ਼ਨਾਂ ਤੇ ਕੰਮ ਕਰਨ ਲਈ ਕਮਾਂਡ ਹੁੰਦੀ ਹੈ ਇਸ ਵਿਚ ਜਿੱਥੇ ਵਰਡ, ਪਾਵਰ ਪੁਆਇੰਟ ਤੇ ਕੰਮ ਕਰਦੇ ਹਾਂ ਉੱਥੇ ਅਸੀਂ ਇਸ ਵਿਚ ਐਕਸੈੱਲ ਤੇ ਵੀ ਵਰਕ ਕਰ ਸਕਦੇ ਹਾਂ। ਐਕਸੈੱਲ ਅਕਾਊਂਟਸ, ਬੈਂਕਾਂ ਜਾਂ ਵਪਾਰਕ ਵਰਗ ਦੀ ਲੋੜ ਜਿਆਦਾ ਹਨ ਉੱਥੇ ਇਸ ਨੂੰ ਸਿੱਖਿਆ ਦੇ ਖੇਤਰ ਵਿਚ ਵੀ ਜਿਵੇਂ ਡਾਟਾ ਇੱਕਠਾ ਰੱਖਣਾ/ਸੰਭਾਲਣਾ ਆਦਿ ਲਈ

ਵੀ ਵਰਤਿਆ ਜਾ ਸਕਦਾ ਹੈ। ਐਕਸੈੱਲ ਵਿਚ ਜਿੱਥੇ ਇਕ ਫਾਇਲ ਤੇ ਕੰਮ ਕਰਦੇ ਹਾਂ ਇਸ ਵਿਚ ਅੱਗੇ ਹੋਰ ਸੈਪਰੇਟ ਸ਼ੀਟ ਬਣਾ ਕੇ ਵੀ ਡਾਟਾ ਰੱਖਿਆ ਜਾ ਸਕਦਾ ਹੈ ਜਿਸ ਦੇ ਵੱਖ ਵੱਖ ਨਾਮ ਰੱਖੇ ਜਾਂ ਸਕਦੇ ਹਨ।

**ਵਿਸ਼ਾ :** ਮਾਈਕਰੋਸਾਫਟ ਐਕਸਲ ਮਾਈਕਰੋਸੋਫਟ ਆਫਿਸ ਦਾ Spredsheet ਪ੍ਰੋਗਰਾਮ ਹੈ ਜੋ ਕਿ ਦਸਤਾਵੇਜ਼ ਨੂੰ ਆਕਰਸ਼ਿਤ ਬਣਾਉਂਦਾ ਹੈ ਅਕਾਉਂਟਸ ਬੈਂਕ ਜਾਂ ਵਪਾਰਕ ਖੇਤਰ ਵਿੱਚ ਕੰਮ ਕਰਨ ਵਾਲੇ ਕਰਮਚਾਰੀਆਂ ਲਈ ਮਾਈਕਰੋਸਾਫਟ ਐਕਸਲ ਬਹੁਤ ਹੀ ਮਹੱਤਵਪੂਰਨ ਹੈ ਮਾਈਕਰੋਸਾਫਟ ਐਕਸਲ ਵਿੱਚ ਉਪਲੱਬਧ ਆਪਸ਼ਨਾਂ ਦੀ ਮਦਦ ਨਾਲ ਬੈਂਕ ਵਿੱਚ ਬਣਾਏ ਜਾਣ ਵਾਲੇ ਡਾਟਾ ਬੇਸ ਅਤੇ ਉਨ੍ਹਾਂ ਵਿਚ ਭਰੀ ਹੋਈ ਸੂਚਨਾ ਦਾ ਵਿਸ਼ਲੇਸ਼ਣ ਬਹੁਤ ਆਸਾਨੀ ਨਾਲ ਕੀਤਾ ਜਾ ਸਕਦਾ ਹੈ ਲੋੜ ਅਨੁਸਾਰ ਇਸ ਵਿੱਚ ਰੰਗ ਬਿਰੰਗੇ ਚਾਰਟ, ਤਸਵੀਰਾਂ, ਫਾਰਮੂਲੇ ਆਦਿ ਵੀ ਸ਼ਾਮਿਲ ਕੀਤੇ ਜਾ ਸਕਦੇ ਹਨ ਇਕ ਦਸਤਾਵੇਜ਼ (Folder) ਵਿੱਚ ਘੱਟ ਤੋਂ ਘੱਟ ਇਕ ਅਤੇ ਲੋੜ ਅਨੁਸਾਰ ਕਈ Worksheets ਬਣਾਈਆਂ ਜਾ ਸਕਦੀਆਂ ਹਨ ਮਾਈਕਰੋਸਾਫਟ ਐਕਸਲ ਦੀ ਖਾਕਿਆਂ ਵਿੱਚ ਸੂਚਨਾ ਕੀ ਬੋਰਡ ਰਾਹੀਂ ਭਰੀ ਜਾਂਦੀ ਹੈ ਤਾਂ ਕੀ ਬੋਰਡ ਦੀ Tab Key ਦੀ ਮਦਦ ਨਾਲ ਇੱਕ ਖਾਕੇ ਤੋਂ ਦੂਜੇ ਤਕ ਪਹੁੰਚਿਆ ਜਾ ਸਕਦਾ ਹੈ ਵਰਕਸ਼ੀਟ ਨੂੰ ਸਮੇਂ ਸਮੇਂ ਸੁਰੱਖਿਅਤ ਕੀਤਾ ਜਾ ਸਕਦਾ ਹੈ ਤਾਂ ਜੋ ਸੁਰੱਖਿਅਤ ਸੂਚਨਾ ਲੋੜ ਪੈਣ ਉੱਤੇ ਦੁਬਾਰਾ ਵਰਤੀ ਜਾ ਸਕੇ ਖ਼ਾਕਿਆਂ ਵਿੱਚ ਭਰੀ ਹੋਈ ਸੂਚਨਾ ਉਤੇ ਕੋਈ ਵੀ ਫਾਰਮੂਲਾ ਲਾਗੂ ਕੀਤਾ ਜਾ ਸਕਦਾ ਹੈ। ਦਸਤਾਵੇਜ਼ ਦੇ ਖਾਕਿਆਂ ਵਿੱਚ ਸੂਚਨਾ ਅਧਾਰਿਤ ਕਿਸੇ ਵੀ ਤਰਾਂ ਦਾ ਚਾਰਟ ਜੋੜਿਆ ਜਾ ਸਕਦਾ ਹੈ।




## ਮਾਇਕਰੋਸਾਫ਼ਟ ਐਕਸੈੱਲ(Microsoft Excel)

ਮਾਈਕਰੋਸਾਫਟ ਐਕਸਲ ਮਾਈਕਰੋਸੋਫਟ ਆਫਿਸ ਦਾ Spredsheet ਪ੍ਰੋਗਰਾਮ ਹੈ ਜੋ ਕਿ ਦਸਤਾਵੇਜ਼ ਨੂੰ ਆਕਰਸ਼ਿਤ ਬਣਾਉਂਦਾ ਹੈ ਅਕਾਉਂਟਸ ਬੈਂਕ ਜਾਂ ਵਪਾਰਕ ਖੇਤਰ ਵਿੱਚ ਕੰਮ ਕਰਨ ਵਾਲੇ ਕਰਮਚਾਰੀਆਂ ਲਈ ਮਾਈਕਰੋਸਾਫਟ ਐਕਸਲ ਬਹੁਤ ਹੀ ਮਹੱਤਵਪੂਰਨ ਹੈ ਮਾਈਕਰੋਸਾਫਟ ਐਕਸਲ ਵਿੱਚ ਉਪਲੱਬਧ ਆਪਸ਼ਨਾਂ ਦੀ ਮਦਦ ਨਾਲ ਬੈਂਕ ਵਿੱਚ ਬਣਾਏ ਜਾਣ ਵਾਲੇ ਡਾਟਾ ਬੇਸ ਅਤੇ ਉਨ੍ਹਾਂ ਵਿਚ ਭਰੀ ਹੋਈ ਸੂਚਨਾ ਦਾ ਵਿਸ਼ਲੇਸ਼ਣ ਬਹੁਤ ਆਸਾਨੀ ਨਾਲ ਕੀਤਾ ਜਾ ਸਕਦਾ ਹੈ ਲੋੜ ਅਨੁਸਾਰ ਇਸ ਵਿੱਚ ਰੰਗ ਬਿਰੰਗੇ ਚਾਰਟ, ਤਸਵੀਰਾਂ, ਫਾਰਮੂਲੇ ਆਦਿ ਵੀ ਸ਼ਾਮਿਲ ਕੀਤੇ ਜਾ ਸਕਦੇ ਹਨ ਇਕ ਦਸਤਾਵੇਜ਼ (Folder) ਵਿੱਚ ਘੱਟ ਤੋਂ ਘੱਟ ਇਕ ਅਤੇ ਲੋੜ ਅਨੁਸਾਰ ਕਈ Worksheets ਬਣਾਈਆਂ ਜਾ ਸਕਦੀਆਂ ਹਨ ਅਤੇ ਫਿਰ ਕਈ ਵਰਕਸ਼ੀਟਾਂ ਨੂੰ ਆਪਸ ਵਿੱਚ ਜੋੜ ਕੇ ਵਰਕਬੁੱਕ ਬਣਾਇਆ ਜਾ ਸਕਦਾ ਹੈ ਇਸ ਵਰਕਬੁੱਕ ਵਿੱਚ ਵੱਧ ਤੋਂ ਵੱਧ ਦੋ 256 ਅਤੇ ਇਕ ਵਰਕਸ਼ੀਟ ਵਿਚ 65536 ਲਾਈਨਾਂ ਅਤੇ 256 ਕਾਲਮ ਹੁੰਦੇ ਹਨ ਅਸਲ ਵਿੱਚ ਮਾਈਕਰੋਸਾਫਟ ਐਕਸਲ ਜਾਂ ਸਪਰੈੱਡਸ਼ੀਟ ਹਿਸਾਬ ਰੱਖਣ ਵਾਲੀ ਪੁਰਾਣੀ ਕਿਤਾਬ ਵਰਗਾ ਪੈਕੇਜ ਹੈ ਜਿਸ ਵਿਚ ਕਈ ਤਰ੍ਹਾਂ ਦੀਆਂ ਸੁਵਿਧਾਵਾਂ ਸ਼ਾਮਲ ਹੁੰਦੀਆਂ ਹਨ ਜਿਵੇਂ ਕਿ

1. ਬੈਂਕ ਵਿੱਚ ਡਾਟਾ ਸਵਿਸ ਖਾਤਿਆਂ ਦੀ ਤਰੀਕੇ ਵੱਧ ਵਰਤੋਂ ਕਰਨਾ
2. ਡਾਟਾਬੇਸ ਵਿਚ ਭਰੀ ਹੋਈ ਸੂਚਨਾ ਦਾ ਵਿਸ਼ਲੇਸ਼ਣ ਕਰਨਾ

3. ਖਾਕੇ ਵਿੱਚ ਕਿਸੇ ਤਰ੍ਹਾਂ ਦੀ ਗਣਿਤਕ ਫਾਰਮੂਲਾ ਗੁਰ ਭਰਨਾ ਅਤੇ ਲਾਗੂ ਕਰਨਾ


4. ਇਕ ਤਰ੍ਹਾਂ ਦੀ ਗਣਿਤਕ ਗੁਰ ਨੂੰ ਵਾਰ ਵਾਰ ਲਾਗੂ ਕਰਨਾ

## ਮਾਈਕਰੋਸਾਫਟ ਐਕਸਲ ਦੀਆਂ ਵਿਸ਼ੇਸ਼ਤਾਵਾਂ

ਮਾਈਕਰੋਸਾਫਟ ਐਕਸਲ ਦੀਆਂ ਖ਼ੂਬੀਆਂ ਕਾਰਨ ਵਪਾਰਕ ਖੇਤਰ ਵਿੱਚ ਇਸ ਦੀ ਵਰਤੋਂ ਵਧੇਰੇ ਕੀਤੀ ਜਾਂਦੀ ਹੈ ਤੇ ਲਿਖਤਾਂ ਨੂੰ ਸਹੀ ਰੂਪ ਵਿੱਚ ਹਾਸਲ ਕੀਤਾ ਜਾ ਸਕਦਾ ਹੈ

1. ਮਾਈਕਰੋਸਾਫਟ ਐਕਸਲ ਦੀ ਖਾਕਿਆਂ ਵਿੱਚ ਸੂਚਨਾ ਕੀ ਬੋਰਡ ਰਾਹੀਂ ਭਰੀ ਜਾਂਦੀ ਹੈ ਤਾਂ ਕੀ ਬੋਰਡ ਦੀ Tab Key ਦੀ ਮਦਦ ਨਾਲ ਇੱਕ ਖਾਕੇ ਤੋਂ ਦੂਜੇ ਤਕ ਪਹੁੰਚਿਆ ਜਾ ਸਕਦਾ ਹੈ

2. ਵਰਕਸ਼ੀਟ ਨੂੰ ਸਮੇਂ ਸਮੇਂ ਸੁਰੱਖਿਅਤ ਕੀਤਾ ਜਾ ਸਕਦਾ ਹੈ ਤਾਂ ਜੋ ਸੁਰੱਖਿਅਤ ਸੂਚਨਾ ਲੋੜ ਪੈਣ ਉੱਤੇ ਦੁਬਾਰਾ ਵਰਤੀ ਜਾ ਸਕੇ




3. ਖ਼ਾਕਿਆਂ ਵਿੱਚ ਭਰੀ ਹੋਈ ਸੂਚਨਾ ਉਤੇ ਕੋਈ ਵੀ ਫਾਰਮੂਲਾ ਲਾਗੂ ਕੀਤਾ ਜਾ ਸਕਦਾ ਹੈ।

4. ਦਸਤਾਵੇਜ਼ ਦੇ ਖਾਕਿਆਂ ਵਿੱਚ ਸੂਚਨਾ ਅਧਾਰਿਤ ਕਿਸੇ ਵੀ ਤਰਾਂ ਦਾ ਚਾਰਟ ਜੋੜਿਆ ਜਾ ਸਕਦਾ ਹੈ।

5. ਇੱਕ ਵਰਕਸ਼ੀਟ ਨੂੰ ਦੂਜੀ ਵਰਕਸ਼ੀਟ ਨਾਲ ਜੋੜਿਆ ਜਾ ਸਕਦਾ ਹੈ।

6. ਇਸ ਘਟਕ ਵਿਚ ਕੀਤੇ ਹੋਏ ਵਿਸ਼ਲੇਸ਼ਣ, ਨਤੀਜੇ ਜ਼ਿਆਦਾ ਕਾਰਗਰ ਸਾਬਤ ਹੁੰਦੇ ਹਨ।

7. ਇਕ ਵਰਕਬੁੱਕ ਨੂੰ ਨੈੱਟਵਰਕ ਉੱਤੇ ਜੁੜੇ ਕਈ ਕੰਪਿਊਟਰਾਂ ਨਾਲ ਸਾਂਝਾ ਕਰ ਕੇ ਕੰਮ ਕੀਤਾ ਜਾ ਸਕਦਾ ਹੈ।

8. ਖਾਕਿਆਂ ਵਿੱਚ ਭਰੀ ਹੋਈ ਸੂਚਨਾ ਨੂੰ ਕਿਸੇ ਇੱਕ ਫਾਰਮੈੱਟ ਵਿੱਚ ਲਿਖਿਆ ਜਾ ਸਕਦਾ ਹੈ।

9. ਦਸਤਾਵੇਜ਼ ਨੂੰ ਸੁਰੱਖਿਅਤ ਕਰਨ ਲਈ ਕਿਸੇ ਵੀ ਤਰ੍ਹਾਂ ਦਾ ਲਾੱਕ ਜਾਂ ਕੋਈ code ਆਦਿ ਵੀ ਲਗਾਇਆ ਜਾ ਸਕਦਾ ਹੈ।

10. ਸਪਰੈਡਸੀਟਾ ਨੂੰ ਵਪਾਰਕ ਖੇਤਰ ਵਿੱਚ ਸੇਲਸ ਅਤੇ ਚੀਜ਼ਾਂ ਦੇ ਮੁੱਲ ਦਾ ਵਿਸ਼ਲੇਸ਼ਣ ਕਰਨ ਲਈ ਜ਼ਿਆਦਾ ਵਰਤਿਆ ਜਾਂਦਾ ਹੈ।

11. ਬੈਂਕਾਂ ਵਿਚ, ਵਪਾਰਕ ਖੇਤਰ ਵਿਚ ਡਾਟਾਬੇਸ, ਫਾਇਨੈਨਸ਼ੀਅਲ ਰਿਪੋਰਟ ਤਿਆਰ ਕੀਤੀ ਜਾ ਸਕਦੀ ਹੈ।

ਉਪਰੋਕਤ ਐਕਸੈੱਲ ਦੇ ਅਰਥ ਅਤੇ ਵਿਸ਼ੇਸ਼ਾਤਾਵਾਂ ਤੋਂ ਜਾਣੂ ਹੋਏ ਹਾਂ ਇਸ ਕਰਕੇ ਐਕਸੈੱਲ ਨੂੰ ਬਹੁਤ ਸਾਰੀਆਂ ਸੇਵਾਵਾਂ ਸਦਕਾ ਹੀ ਹਰ ਖੇਤਰ ਵਿਚ ਤਰੀਕੇਬੱਧ ਕਾਰਜ ਕਰਨ ਲਈ ਵਰਤਿਆ ਜਾਂਦਾ ਹੈ।

## ਮਾਇਕਰੋਸਾਫ਼ਟ ਐਕਸੈੱਲ ਦੀ ਸਹੂਲਤ ਸ਼ੁਰੂ ਕਰਨ ਦੀ ਵਿਧੀ

ਮਾਇਕਰੋਸਾਫ਼ਟ ਐਕਸਲ ਵਿਚ ਕੰਮ ਕਰਨ ਲਈ ਕੰਪਿਊਟਰ ਉੱਤੇ ਮਾਈਕਰੋਸਾਫ਼ਟ ਆਫਿਸ ਹੋਣਾ ਲਾਜ਼ਮੀ ਹੈਂ। ਇਸ ਸੁਵਿਧਾ ਨੂੰ ਵਰਤੋਂ ਵਿੱਚ ਲਿਆਉਣ ਲਈ ਕਈ ਤਰੀਕੇ ਵਰਤੇ ਜਾਂਦੇ ਹਨ ਜਿਵੇਂ ਕਿ :

1. ਕੰਪਿਊਟਰ ਦੇ ਡੈਸਕਟਾਪ ਉੱਤੇ ਮਾਈਕ੍ਰੋਸਾਫਟ ਐਕਸੈੱਲ ਦੀ ਆਇਕੋਨ ਨੂੰ'Mouse' ਦੀ ਮਦਦ ਨਾਲ ਡਬਲ ਕਲਿੱਕ ਕਰਨਾ।

2. ਕੰਪਿਊਟਰ ਦੇ ਟਾਸਕਬਾਰ ਉੱਤੇ ਸਟਾਰਟ ਮੀਨੂ ਵਿੱਚ ਉਪਲਬਧ ਹੈ ਮਾਇਕਰੋਸਾਫ਼ਟ ਆਫਿਸ ਦੇ ਪੈਕੇਜਾਂ ਵਿੱਚ ਸ਼ਾਮਿਲ ਮਾਇਕਰੋਸਾਫ਼ਟ ਐਕਸਲ ਦੀ ਆਪਸ਼ਨ ਨੂੰ ਚੁਣ ਕੇ ਕਲਿੱਕ ਕਰਨਾ।


3. Start menu ਵਿਚ ਉਪਲਬਧ ਰਨ ਆਪਸ਼ਨ ਦੇ ਖ਼ਾਕੇ ਵਿੱਚ EXCEL ਲਿਖ ਕੇ OK ਵਾਲਾ ਬਟਨ ਦਬਾਓ।

4. ਜੇਕਰ ਵਿਚ ‘DOS’ ਵਿਚ ਕੰਮ ਕੀਤਾ ਜਾ ਰਿਹਾ ਹੈ ਤਾਂ ਹੇਠ ਲਿਖੀ ਕਮਾਂਡ ਲਿਖ ਕੇ ਕੀ-ਬੋਰਡ ਤੋਂ ‘Enter’ ਬਟਨ ਦੀ ਵਰਤੋਂ ਕਰੋ।

c:/program_files/microsoft_office/office/Excel.exe


5. ਜੇਕਰ ਅਸੀਂ find ਆਪਸ਼ਨ ਦੀ ਵਰਤੋਂ ਕਰਦੇ ਹਾਂ ਤਾਂ ਪਹਿਲਾਂ ਤੋਂ ਸੁਰੱਖਿਅਤ ਦਸਤਾਵੇਜ਼ ਜਿਸ ਦੀ ਐਕਸਟੈਨਸ਼ਨ '.xls' ਹੋਵੇ, ਨੂੰ ਖੋਲ੍ਹ ਕੇ ਨਵਾਂ ਦਸਤਾਵੇਜ਼ ਬਣਾਇਆ ਜਾ ਸਕਦਾ ਹੈ।

ਕਿਸੇ ਵੀ ਇਕ ਤਰੀਕੇ ਨੂੰ ਵਰਤ ਕੇ




ਅਸੀਂ ਮਾਈਕ੍ਰੋਸਾਫਟ ਐਕਸੈੱਲ ਸਹੂਲਤ ਨੂੰ ਵਰਤ ਸਕਦੇ ਹਾਂ। ਮਾਈਕਰੋ ਐਕਸੈੱਲ ਦੀ ਖਿੜਕੀ ਦਿਖਾਈ ਇੰਜ ਦਿੰਦੀ ਹੈ: ਹੇਠਾਂ ਖਾਕੇ ਨੂੰ ਦੇਖੋ;

## ਮਾਇਕਰੋਸਾਫ਼ਟ ਐਕਸੈੱਲ ਦੀਆਂ ਆਪਸ਼ਨਾਂ




ਟਾਈਟਲ ਬਾਰ (Title Bar) : ਟਾਇਟਲ ਬਾਰ, ਮਾਈਕ੍ਰੋਸਾਫਟ ਐਕਸੈੱਲ ਦੀ ਸਭ ਤੋਂ ਉਪਰ ਵਾਲੀ ਬਾਰ ਹੁੰਦੀ ਹੈ ਜਿਸ ਵਿੱਚ ਖੱਬੇ ਹੱਥ ਦਸਤਾਵੇਜ਼ ਦਾ ਨਾਂਅ ਅਤੇ ਸੱਜੇ ਹੱਥ ਕਾਰਨਰ ਵਿਚ ਖਿੜਕੀ ਨੂੰ ਕੰਟਰੋਲ ਕਰਨ ਲਈ window control button' ਵੀ ਹੁੰਦੇ ਹਨ। 'Window control button'ਵਾਲੇ ਬਾਕਸ ਨੂੰ 'control box' ਕਿਹਾ ਜਾਂਦਾ ਹੈ ।

ਵਿੰਡੋ ਕੰਟ੍ਰੋਲ ਬਟਨ ਵਿਚੋ 'minimize' ਬਟਨ ਦਸਤਾਵੇਜੀ ਖਿੜਕੀ ਨੂੰ ਛੋਟਿਆਂ ਕਰ ਕੇ 'ਟਾਸਕ ਬਾਰ' ਸੁਰੱਖਿਅਤ ਕਰਨ ਵਿਚ ਮਦਦ ਕਰਦਾ ਹੈ maximize ਬਟਨ ਟਾਸਕਬਾਰ ਉੱਤੇ ਸੁਰੱਖਿਅਤ ਦਸਤਾਵੇਜ਼ ਨੂੰ ਵੱਡਾ ਕਰਨ ਵਿੱਚ ਸਹਾਇਤਾ ਕਰਦਾ ਹੈ ਅਤੇ close ਬਟਨ ਦਸਤਾਵੇਜ਼ ਨੂੰ ਸੁਰੱਖਿਅਤ ਕਰਕੇ ਹੈ ਬੰਦ ਕਰਨ ਵਿੱਚ ਮਦਦ ਕਰਦਾ ਹੈ।

ਮੀਨੂ ਬਾਰ (Menu Bar): ਮੀਨੂ ਬਾਰ ਟਾਇਟਲ ਬਾਰ ਤੋਂ ਹੇਠਾਂ ਭਾਵ ਦਸਤਾਵੇਜ਼ ਦੀ ਦੂਜੀ ਬਾਰ ਹੁੰਦੀ ਹੈ। ਇਸ ਬਾਰ ਵਿੱਚ ਕਈ ਤਰ੍ਹਾਂ ਦੀਆਂ ਸਹੂਲਤਾਂ ਸ਼ਾਮਲ ਹੁੰਦੀਆਂ ਹਨ ਜੋ ਕਿ ਕੁਝ ਖ਼ਾਸ ਨਾਵਾਂ ਵਾਲੇ ਮੀਨੂ ਵਿਚ ਦਰਜ ਹੁੰਦੀਆਂ ਹਨ ਜਿਵੇਂ ਕਿ

**ਮੀਨੂ ਬਾਰ ਦੀ ਪਹਿਲੀ ਆਪਸ਼ਨ'File'**

**New:** ਨਵਾਂ ਦਸਤਾਵੇਜ਼ ਖੋਲਣ ਲਈ।

**Open:** ਪਹਿਲਾਂ ਤੋਂ ਹੀ ਸੁਰੱਖਿਆ ਦਸਤਾਵੇਜ਼ ਨੂੰ ਖੋਲਣ ਲਈ।

**Close:** ਖੁੱਲ੍ਹੇ ਹੋਏ ਦਸਤਾਵੇਜ਼ ਨੂੰ ਬੰਦ ਕਰਨ ਲਈ।

**Save:** ਦਸਤਾਵੇਜ਼ ਵਿੱਚ ਲਿਖੀ ਗਈ ਸੂਚਨਾ ਨੂੰ ਸੁਰੱਖਿਅਤ ਕਰਨ ਲਈ।


**Save as:** ਇਕ ਦਸਤਾਵੇਜ਼ ਨੂੰ ਕਿਸੇ ਹੋਰ ਨਾਮ ਨਾਲ ਸੁਰੱਖਿਅਤ ਕਰਨ ਲਈ।

**Page Setup:** ਦਸਤਾਵੇਜ਼ ਦੇ ਪੰਨਿਆਂ ਦੇ ਆਕਾਰ ਨੂੰ ਸੈੱਟ ਕਰਨ ਲਈ।

**Print preview:** ਦਸਤਾਵੇਜ਼ ਦਾ ਪ੍ਰਿੰਟ ਰੂਪ ਨੂੰ ਪਹਿਲਾਂ ਦੇਖਣ ਲਈ।

**Print:** ਦਸਤਾਵੇਜ਼ ਦਾ ਪ੍ਰਿੰਟ ਰੂਪ ਲੈਣ ਲਈ।

**Exit:** ਮਾਈਕਰੋਸਾਫਟ ਵਰਡ ਦੀ ਸਹੂਲਤ ਤੋਂ ਬਾਹਰ ਆਉਣ ਲਈ।




## ਮੀਨੂ ਬਾਰ ਵਿਚਲੀ ਵੀ ਦੂਜੀ ਆਪਸ਼ਨ 'Edit'

**Undo (Ctrl+Z):** ਪਿਛਲੀ ਕਮਾਂਡ ਨੂੰ cancel ਕਰਨ ਲਈ।

**Repeat (Ctrl+R):** cancel ਕੀਤੀ ਕਮਾਂਡ ਨੂੰ ਦੁਬਾਰਾ ਵਰਤਣ ਲਈ।

**Cut:** ਦਸਤਾਵੇਜ਼ ਵਿੱਚੋਂ ਕੋਈ ਸੂਚਨਾ ਨੂੰ ਕੱਟ ਕਰਨ ਲਈ ਤਾਂ ਜੋ ਉਹ ਕਿਤੇ ਪੇਸਟ ਕੀਤੀ ਜਾ ਸਕੀ।

**Copy:** ਚੁਣੇ ਗਏ ਸੂਚਨਾ ਨੂੰ ਕਾਪੀ ਕਰਨ ਲਈ ਤਾਂ ਜੋ ਉਹ ਕੀਤੇ ਹੋਰ ਵਰਤਿਆ ਜਾ ਸਕੇ।

**Paste:** ਕਾਪੀ ਕੀਤੀ ਹੋਏ ਸੂਚਨਾ ਨੂੰ ਪੇਸਟ ਕਰਨ ਲਈ।

**Paste Special:** ਕਿਸੇ ਹੋਰ ਘਟਕ ਤੋਂ ਕਾਪੀ ਕੀਤੀ ਹੋਈ ਸੂਚਨਾ ਨੂੰ ਵਰਤਣ ਲਈ।

**Clear:** ਸਿਲੈਕਟ ਕੀਤੀ ਸੂਚਨਾ ਨੂੰ ਖਤਮ ਕਰਨ ਲਈ।

**Move or Copy sheet:** ਦਸਤਾਵੇਜ਼ ਵਿੱਚ ਕੋਈ ਵਰਕਸ਼ੀਟ ਨੂੰ ਕਾਪੀ ਕਰਨ ਲਈ।

**Find:** ਦਸਤਾਵੇਜ਼ ਵਿੱਚ ਕਿਸੇ ਖਾਸ ਸ਼ਬਦ ਨੂੰ ਲੱਭਣਾ।


**Replace:** ਚੁਣੀ ਗਈ ਸੂਚਨਾ ਨੂੰ ਜਾਂ ਕਿਸੇ ਸ਼ਬਦਾਂ ਨੂੰ ਬਦਲਣ ਲਈ।

**Go to:** ਦਸਤਾਵੇਜ਼ ਦੇ ਕਿਸੇ ਖ਼ਾਸ ਪੰਨੇ ਉੱਤੇ jump ਕਰਨ ਲਈ।

## ਦਸਤਾਵੇਜ਼ ਦੇ ਵਿਭਿੰਨ- ਵਿਭਿੰਨ ਰੂਪ ਦੇਖਣ ਲਈ ਆਪਸਨ 'view'

**Normal:** ਦਸਤਾਵੇਜ਼ ਦਾ ਨਾਰਮਲ ਰੂਪ ਦੇਖਣ ਲਈ।

**Toolbars:** ਟੂਲਬਾਰ ਦੀਆਂ ਆਪਸ਼ਨਾ ਵਿੱਚੋਂ ਜਰੂਰਤ ਅਨੁਸਾਰ ਕਿਸੇ ਆਪਸ਼ਨ ਨੂੰ ਸਿਲੈਕਟ ਕਰਨ ਲਈ।




**Rulers:** ਸਕਰੀਨ ਉੱਤੇ ਸਕਰੋਲ ਨੂੰ ਸੈੱਟ ਕਰਨ ਲਈ।

**Header and Footer:** ਦਸਤਾਵੇਜ਼ ਦਾ ਹੈਡਰ ਅਤੇ ਪੰਨਾ ਨੰਬਰ ਸੈਟ ਕਰਨ ਲਈ।

**Full screen:** ਦਸਤਾਵੇਜ ਨੂੰ ਪੂਰੀ ਸਕਰੀਨ ਉੱਤੇ ਦੇਖਣ ਲਈ।

**Zoom:** ਲੋੜ ਅਨੁਸਾਰ ਸਕਰੀਨ ਉੱਤੇ ਦਿਖ ਰਹੇ ਦਸਤਾਵੇਜ਼ ਦਾ ਸਾਈਜ਼ ਸੈੱਟ ਕਰਨਾ।

**ਦਸਤਾਵੇਜ਼ ਵਿਚ ਕੁਝ ਜੋੜਨ ਲਈ 'Insert'**

**Cells:** ਦਸਤਾਵੇਜ਼ ਵਿੱਚ ਕਿਤੇ ਵੀ ਹੋਰ ਸੈੱਲਾਂ ਨੂੰ ਜੋੜਨ ਲਈ।

**Rows:** ਦਸਤਾਵੇਜ਼ ਵਿੱਚਲੇ ਖਾਕਿਆਂ ਵਿਚ ਕਿਤੇ ਨਵੀਂ ਲਾਈਨ ਜੋੜਨ ਲਈ।

**Columns:** ਖ਼ਾਕਿਆਂ ਵਿੱਚ ਨਵੇਂ ਕਾਲਮ ਜੋੜਨ ਲਈ।

**Worksheet**: ਦਸਤਾਵੇਜ਼ ਵਿੱਚ ਕੋਈ ਨਵੀਂ ਜਾਂ ਕਾਪੀ ਕੀਤੀ ਹੋਈ ਵਰਕਸ਼ੀਟ ਨੂੰ ਜੋੜਨ ਲਈ।

**Chart:** ਦਸਤਾਵੇਜ਼ ਵਿੱਚ ਸੂਚਨਾ ਨਾਲ ਰਲਦਾ-ਮਿਲਦਾ ਕੋਈ ਚਾਰਟ ਜੋੜਨ ਲਈ।

**Symbol:** ਸੂਚਨਾ ਵਿਚ ਕੋਈ ਖਾਸ ਚਿੰਨ੍ਹ ਜੋੜਨ ਲਈ।

**Function:** ਖਾਕਿਆਂ ਵਿਚ ਭਰੀ ਗਈ ਸੂਚਨਾ ਉਤੇ ਕੋਈ ਗੁਰ ਲਾਗੂ ਕਰਨਾ।

**Picture:** ਕੋਈ ਤਸਵੀਰ ਜੋੜਨ ਲਈ।

**Object:** ਦਸਤਾਵੇਜ਼ ਵਿੱਚ ਕੋਈ ਹੋਰ ਦਸਤਾਵੇਜ ਤੋਂ ਕੁਝ ਜੋੜਨ ਲਈ।

## ਦਸਤਾਵੇਜ਼ ਦੇ ਰੂਪ ਨੂੰ ਬਦਲਣ ਲਈ 'format' ਮੀਨੂ ਦੀ ਵਰਤੋਂ

**Cells:** ਖਾਕਿਆਂ ਵਿੱਚ ਸੈੱਲ ਦੀ ਫਾਰਮੈਟਿੰਗ ਕਰਨ ਲਈ।


**Rows:** ਦਸਤਾਵੇਜ਼ ਲਈ ਲਾਈਨਾਂ ਦਾ ਸਾਈਜ਼, ਚੌੜਾਈ ਸੈੱਟ ਕਰਨ ਲਈ।

**Columns:** ਦਸਤਾਵੇਜ਼ ਵਿੱਚ ਕਾਲਮ ਦੀ ਉਚਾਈ ਨੂੰ ਲੋੜ ਅਨੁਸਾਰ ਸੈੱਟ ਕਰਨ ਲਈ।

**Sheet:** ਦਸਤਾਵੇਜ਼ ਵਿਚ ਦਰਜ ਸੀਟਾਂ ਉੱਤੇ ਕੋਈ ਸੈਟਿੰਗ ਲਾਗੂ ਕਰਨ ਲਈ।

**Autoformatting:** ਲਿਖਤ ਵਿੱਚ ਆਟੋਫੋਰਮੈਟਿੰਗ ਕਰਨ ਲਈ।


**Conditional formatting:** ਖ਼ਾਕਿਆਂ ਵਿੱਚ ਲਿਖੀ ਸੂਚਨਾ ਨੂੰ ਕਿਸੇ ਖਾਸ ਤਰੀਕੇ ਸੈੱਟ ਕਰਨਾ।




**Tools:** ਟੂਲਸ ਵਿਚਲੀਆਂ ਆਪਸ਼ਨਾ ਦੀ ਸਹਾਇਤਾ ਨਾਲ ਲਿਖਤ ਵਿੱਚ ਵਿਆਕਰਣਿਕ ਗਲਤੀਆਂ ਨੂੰ ਸੁਧਾਰਨਾ, ਭਾਸ਼ਾ ਨੂੰ ਸਿਲੈਕਟ ਕਰਨਾ, ਲਿਖਤ ਵਿਚਲੇ ਅੱਖਰਾਂ/ਸ਼ਬਦਾਂ ਨੂੰ ਗਿਣਨਾ, ਲਿਖੀ ਗਈ ਸੂਚਨਾ ਵਿਚੋਂ ਸਾਰ ਲਿਖਣਾ, ਦਸਤਾਵੇਜ਼ ਨੂੰ ਸੁਰੱਖਿਅਤ ਕਰਨਾ, ਦਸਤਾਵੇਜ਼ ਵਿੱਚ ਕਿਸੇ ਵੀ ਤਰਾਂ ਦੀਆਂ ਆਪਸ਼ਨਾ ਨੂੰ ਲਾਗੂ ਕਰਨ ਲਈ ਆਦਿ ਕਾਰਜ ਕੀਤਾ ਜਾ ਸਕਦਾ ਹੈ।



**ਮੀਨੂ ਬਾਰ ਵਿਚਲੀ ਆਖਰੀ ਆਪਸ਼ਨ: 'Window'**




**Window:**

ਇਸ ਆਪਸ਼ਨ ਨਾਲ ਸਕਰੀਨ ਉੱਤੇ ਅਨੇਕਾਂ windows ਦਿੱਸ ਸਕਦੀਆਂ ਹਨ।

**New Window:**

ਸਕਰੀਨ ਉੱਤੇ ਨਵੀਂ ਵਿੰਡੋ ਖੋਲ੍ਹਣ ਲਈ।

**Arrange:**

ਸਕਰੀਨ ਉਤੇ ਦਿਸ ਰਹੀਆਂ ਵਿੰਡੋ ਨੂੰ ਲੋੜ ਅਨੁਸਾਰ ਸੈੱਟ ਕਰਨਾ।

**Split:**

ਵਿੰਡੋ ਨੂੰ ਹਿੱਸਿਆ ਵਿੱਚ ਵੰਡਣਾ।

## Tool Bar :

ਟੂਲਬਾਰ, ਮੀਨੂ ਬਾਰ ਤੋਂ ਹੇਠਾਂ ਵਾਲੀ ਬਾਰ ਹੁੰਦੀ ਹੈ ਜਿਸ ਵਿੱਚ ਮਾਈਕਰੋਸਾਫਟ ਐਕਸਲ ਦੀਆਂ ਵਾਰ-ਵਾਰ ਵਰਤੋਂ ਵਿਚ ਆਉਣ ਵਾਲੀਆਂ ਸਹੂਲਤਾਂ/ਆਪਸ਼ਨਾ ਨੂੰ ਸ਼ਾਰਟਕੱਟ ਦੇ ਰੂਪ ਵਿੱਚ ਲਿਖਿਆ ਹੁੰਦਾ ਹੈ। ਵਿਭਿੰਨ - ਵਿਭਿੰਨ ਟੂਲਬਾਰ ਨੂੰ ਟੂਲਬਾਰ ਦੇ view ਆਪਸ਼ਨ ਵਿਚੋਂ ਸਿਲੈਕਟ ਕੀਤਾ ਜਾ ਸਕਦਾ ਹੈ ਅਤੇ ਲੋੜ ਅਨੁਸਾਰ ਵਰਤਿਆ ਜਾ ਸਕਦਾ ਹੈ।

## ਸਟੈਂਡਰਡ ਟੂਲ ਬਾਰ (Standard toolbar):

ਸਟੈਂਡਰਡ ਟੂਲਬਾਰ ਵਿਚ ਵਰਤੋਂ ਵਿਚ ਆਉਣ ਵਾਲੀਆਂ ਆਪਸ਼ਨਾਂ ਦੇ ਸ਼ਾਰਟਕੱਟ ਲਿਖੇ ਹੁੰਦੇ ਹਨ ਜਿਹਨਾਂ ਵਿੱਚ ਨਵੇਂ ਦਸਤਾਵੇਜ਼ ਨੂੰ ਖੋਲ੍ਹਣ ਲਈ, ਦਸਤਾਵੇਜ਼ ਨੂੰ ਸੁਰੱਖਿਅਤ ਕਰਨ ਲਈ, ਦਸਤਾਵੇਜ਼ ਨੂੰ ਪ੍ਰਿੰਟ ਰੂਪ ਹਾਸਲ ਕਰਨ ਲਈ, table ਜੋੜਨ ਲਈ, ਡਰਾਇੰਗ ਲਈ ਸਾਈਟ ਤੋਂ ਬਿਨਾਂ ਕਟ, ਕਾਪੀ ,ਪੇਸਟ ਕਰਨ ਲਈ ਸ਼ਾਰਟਕੱਟ ਵੀ ਉਪਲਬਧ ਹੁੰਦੇ ਹਨ।

## ਫਾਰਮੈਟਿੰਗ ਟੂਲਬਾਰ (Tool Bar):

ਮਾਈਕਰੋਸਾਫ਼ਟ ਐਕਸਲ ਦੀ ਫਾਰਮੈਟਿੰਗ ਟੂਲਬਾਰ ਵਿੱਚ ਦਸਤਾਵੇਜ਼ ਵਿਚਲੀ ਸੂਚਨਾ ਨੂੰ ਫਾਰਮੈਟ ਕਰਨ ਲਈ ਭਾਵ ਭਿੰਨ ਭਿੰਨ ਫੌਂਟ, ਅੱਖਰਾਂ ਦਾ ਸਾਈਜ਼, ਰੰਗ, ਆਦਿ ਬਦਲਣ ਲਈ ਵਰਤੇ ਜਾਣ ਵਾਲੇ ਸ਼ਾਟਕੱਟ ਸ਼ਾਮਿਲ ਹੁੰਦੇ ਹਨ।

## ਲਾਈਨਾਂ ਅਤੇ ਕਾਲਮ (Rows and column):

ਮਾਈਕ੍ਰੋਸਾਫਟ ਐਕਸਲ ਵਿੱਚ ਲੇਟਵੀਆਂ ਪੰਕਤੀਆਂ ਨੂੰ ਲਾਈਨਾਂ ਅਤੇ ਖੜ੍ਹਿਆਂ ਪੰਕਤੀਆਂ ਨੂੰ ਕਾਲਮ ਕਿਹਾ ਜਾਂਦਾ ਹੈ।

ਹਰ ਲਾਈਨ ਅਤੇ ਕਾਲਮ ਦਾ ਆਪਣਾ ਨੰਬਰ ਹੁੰਦਾ ਹੈ ਜੋ ਕਿ ਲਾਈਨ ਦੇ ਖੱਬੇ ਹੱਥ ਅਤੇ ਕਾਲਮ ਦੇ ਉਪਰ ਹੈਡਿੰਗ ਦੇ ਰੂਪ ਵਿੱਚ ਲਿਖਿਆ ਹੁੰਦਾ ਹੈ।ਇਕ ਵਰਕਸ਼ੀਟ ਵਿੱਚ 1 ਤੋਂ ਲੈ ਕੇ 65536 ਤੱਕ ਲਾਇਨਾ ਹੋ ਸਕਦੀਆਂ ਹਨ ਅਤੇ ਅੰਗ੍ਰੇਜ਼ੀ ਅੱਖਰ A ਤੋਂ ਲੈ ਕੇ IZ ਤੱਕ ਕਾਲਮ ਹੋ ਸਕਦੇ ਹਨ, ਗਿਣਤੀ ਵਿੱਚ ਕੁੱਲ 256 ਕਾਲਮ ਹੁੰਦੇ ਹਨ। ਲੋੜ ਅਨੁਸਾਰ ਅਸੀਂ ਲਾਈਨਾਂ ਅਤੇ ਕਲਮਾਂ ਨੂੰ ਵਧਾ- ਘਾਟ ਆ ਸਕਦੇ ਹਾਂ।

## ਸੈੱਲ ਅਤੇ ਐਕਟਿਵ ਸੈੱਲ (Cell and active cell):

ਇਕ ਲਾਈਨ ਅਤੇ ਇੱਕ ਕਾਲਮ ਦੇ ਇੰਟਰਸੈਕਸ਼ਨ ਨੂੰ ਸੈੱਲ ਕਿਹਾ ਜਾਂਦਾ ਹੈ। ਕੋਈ ਵੀ ਸੈੱਲ ਲੋੜ ਪੈਣ ਉੱਤੇ ਕਲਿੱਕ ਕਰਕੇ ਵਰਤੋਂ ਵਿੱਚ ਲਿਆਂਦਾ ਜਾ ਸਕਦਾ ਹੈ। ਜਿਸ ਸੈਲ ਵਿੱਚ ਕੰਮ ਕੀਤਾ ਜਾ ਰਿਹਾ ਹੋਵੇ, ਉਸ ਸੈੱਲ ਨੂੰ active cell ਕਿਹਾ ਜਾਂਦਾ ਹੈ ਅਤੇ ਉਹ ਸੈੱਲ ਬਾਕੀ ਸੈੱਲਾਂ ਨਾਲੋਂ ਵੱਖਰਾ ਦਿਖਾਈ ਦਿੰਦਾ ਹੈ ਜਿਵੇਂ ਕਿ ਗੂੜੀਆ ਬਾਰਡਰਲਾਈਨਾਂ ਨਾਲ । ਦਸਤਾਵੇਜ਼ ਵਿੱਚ ਜਿਹੜੀ ਬਾਰ ਵਿਚ ਸੈੱਲ ਦਾ ਐਡਰੈਸ ਦਿੱਤਾ ਜਾਂਦਾ ਹੈ, ਹੋ ਉਸ ਬਾਰ ਨੂੰ ਅਡਰੈੱਸ ਬਾਰ ਕਿਹਾ ਜਾਂਦਾ ਹੈ।

## ਨਵੀਂ ਵਰਕਬੁੱਕ ਜੋੜਨ ਜਾਂ ਬਣਾਉਣ ਲਈ :

ਦਸਤਾਵੇਜ਼ ਵਿੱਚ ਸਟੈਂਡਰਡ ਟੂਲਬਾਰ ਵਿੱਚ file ਮੀਨੂ ਆਪਸ਼ਨ ਉੱਤੇ ਕਲਿੱਕ ਕਰ ਕੇ new ਆਪਸ਼ਨ ਨੂੰ ਚੁਣਿਆ ਜਾਂਦਾ ਹੈ ਅਤੇ ਨਵੀ ਵਰਕਬੁੱਕ ਬਣਾਈ ਜਾ ਸਕਦੀ ਹੈ।

## ਦਸਤਾਵੇਜ਼ ਨੂੰ ਸੁਰੱਖਿਅਤ ਕਰਨ ਅਤੇ ਬੰਦ ਕਰਨ ਲਈ

ਦਸਤਾਵੇਜ਼ ਵਿਚ ਲੋੜੀਂਦਾ ਕੰਮ ਕਰਨ ਤੋਂ ਬਾਅਦ ਉਸ ਨੂੰ ਸੁਰੱਖਿਅਤ ਵੀ ਕਰਨਾ ਪੈਂਦਾ ਹੈ ਤਾਂ ਜੋ ਦੁਬਾਰਾ ਉਸ ਵਿਚ ਹੋਰ ਕੰਮ ਕੀਤਾ ਜਾ ਸਕੇ। ਦਸਤਾਵੇਜ਼ ਨੂੰ ਬੰਦ ਕਰਨ ਲਈ ਕਈ ਤਰੀਕੇ ਵਰਤੇ ਜਾ ਸਕਦੇ ਹਨ ਜਿਵੇਂ ਕਿ:

1.ਕੀ-ਬੋਰਡ ਉੱਤੇ ਦੋ keys ਭਾਵ Alt ਅਤੇ F4 ਨੂੰ ਇਕੱਠਿਆਂ ਦਬਾਉਣ ਨਾਲ ਦਸਤਾਵੇਜ਼ ਨੂੰ ਬੰਦ ਕੀਤਾ ਜਾਂਦਾ ਹੈ।


2.ਟਾਈਟਲ ਬਾਰ ਦੇ window ਕੰਟਰੋਲ ਬਟਨਾਂ ਵਿੱਚ close ਬਟਨ ਨੂੰ ਕਲਿੱਕ ਕਰਨ ਨਾਲ ਦਸਤਾਵੇਜ਼ ਬੰਦ ਹੋ ਜਾਂਦਾ ਹੈ।

3. ਮੀਨੂੰ ਬਾਰ ਵਿੱਚੋਂ File ਮੀਨੂ ਦੀ Exit ਆਪਸ਼ਨ ਵਰਤ ਕੇ ਦਸਤਾਵੇਜ਼ ਬੰਦ ਹੁੰਦਾ ਹੈ।

ਅਖੀਰ ਵਿਚ ਕਿਹਾ ਜਾ ਸਕਦਾ ਹੈ ਕਿ ਬੰਦ ਜਾਂ ਸੁਰੱਖਿਅਤ ਕਰਨ ਲਈ ਇੱਕ ਛੋਟੀ ਖਿੜਕੀ ਖੁੱਲਦੀ ਹੈ ਅਤੇ ਲੋੜ ਅਨੁਸਾਰ ਆਪਸ਼ਨ ਨੂੰ ਚੁਣਿਆ ਜਾ ਸਕਦਾ ਹੈ।

ਛੋਟੀ ਖਿੜਕੀ ਵਿਚੋਂ ਹਰ ਆਪਸ਼ਨ ਦੀ ਆਪਣੀ ਵਰਤੋਂ ਹੈ ਜਿਵੇਂ ਕਿ ਜੇਕਰ ਦਸਤਾਵੇਜ਼ ਨੂੰ ਸੁਰੱਖਿਅਤ ਕਰਨਾ ਹੋਵੇ ਤਾਂ yes ਉੱਤੇ ਕਲਿੱਕ ਕਰਨਾ; ਅਤੇ ਜੇਕਰ ਇਹ ਖਿੜਕੀ ਗਲਤੀ ਨਾਲ ਖੁੱਲ ਗਈ ਹੋਵੇ ਤਾਂ cancel ਬਟਨ ਉੱਤੇ ਕਲਿਕ ਕਰਨਾ ਆਦਿ।

ਬਹੁਤ ਸਾਰੀਆਂ ਵਿਸ਼ੇਸ਼ਤਾਵਾਂ ਸਦਕਾ ਹੀ ਵਪਾਰਕ ਖੇਤਰ ਵਿੱਚ ਮਾਇਕਰੋਸਾਫ਼ਟ ਐਕਸੈੱਲ ਦੀ ਵਰਤੋਂ ਕਰਨੀ ਆਸਾਨ ਸਮਝੀ ਜਾਂਦੀ ਹੈ।




## ਸਾਰੰਸ਼

ਮਾਈਕਰੋਸਾਫਟ ਐਕਸਲ ਮਾਈਕਰੋਸੌਫਟ ਆਫਿਸ ਦਾ Spredsheet ਪ੍ਰੋਗਰਾਮ ਹੈ ਜੋ ਕਿ ਦਸਤਾਵੇਜ਼ ਨੂੰ ਆਕਰਸ਼ਿਤ ਬਣਾਉਂਦਾ ਹੈ ਅਕਾਉਂਟਸ ਬੈਂਕ ਜਾਂ ਵਪਾਰਕ ਖੇਤਰ ਵਿੱਚ ਕੰਮ ਕਰਨ ਵਾਲੇ ਕਰਮਚਾਰੀਆਂ ਲਈ ਮਾਈਕਰੋਸਾਫਟ ਐਕਸਲ ਬਹੁਤ ਹੀ ਮਹੱਤਵਪੂਰਨ ਹੈ ਮਾਈਕਰੋਸਾਫਟ ਐਕਸਲ ਵਿੱਚ ਉਪਲੱਬਧ ਆਪਸ਼ਨਾਂ ਦੀ ਮਦਦ ਨਾਲ ਬੈਂਕ ਵਿੱਚ ਬਣਾਏ ਜਾਣ ਵਾਲੇ ਡਾਟਾ ਬੇਸ ਅਤੇ ਉਨ੍ਹਾਂ ਵਿਚ ਭਰੀ ਹੋਈ ਸੂਚਨਾ ਦਾ ਵਿਸ਼ਲੇਸ਼ਣ ਬਹੁਤ ਆਸਾਨੀ ਨਾਲ ਕੀਤਾ ਜਾ ਸਕਦਾ ਹੈ ਲੋੜ ਅਨੁਸਾਰ ਇਸ ਵਿੱਚ ਰੰਗ ਬਿਰੰਗੇ ਚਾਰਟ, ਤਸਵੀਰਾਂ, ਫਾਰਮੂਲੇ ਆਦਿ ਵੀ ਸ਼ਾਮਿਲ ਕੀਤੇ ਜਾ ਸਕਦੇ ਹਨ ਇਕ ਦਸਤਾਵੇਜ਼ (Folder) ਵਿੱਚ ਘੱਟ ਤੋਂ ਘੱਟ ਇਕ ਅਤੇ ਲੋੜ ਅਨੁਸਾਰ ਕਈ Worksheets ਬਣਾਈਆਂ ਜਾ ਸਕਦੀਆਂ ਹਨ

## ਮੁੱਖ/ਕੇਂਦਰੀ ਸ਼ਬਦ:

ਐਕਸੈੱਲ---ਕੰਮ ਕਰਨ ਦੀ ਸ਼ੀਟ ਸ਼ੈਪਰੈੱਡ ਸ਼ੀਟ

ਵਰਕਬੁੱਕ---ਕੰਮ ਕਰਨ ਦਾ ਸਾਂਝਾ ਤਰੀਕਾ

ਵਰਕਸ਼ੀਟ---ਕੰਮ ਕਰਨ ਦੀ ਸਾਫਟ ਕਾਪੀ

ਵਿੰਡੋ---ਖਿੜਕੀ

ਵਿੰਡੋ ਕੰਨਟਰੋਲ ਬਟਨ---ਮੀਨੀਮਾਇਜ਼/ਮੈਕਸੀਮਾਇਜ਼ ਬਟਨ

ਅਨਡੂ--- ਕਮਾਂਡ ਕੈਨਸਲ

## ਸਵੈ-ਮੁਲਾਂਕਣ:

**1.** ਮਾਈਕਰੋਸਾਫਟ ਐਕਸਲ ਦਾ ਆਫਿਸ....... ਪ੍ਰਸੈਸਰ ਹੈ

ੳ. Spreadsheet

ਅ. ਕਿਰਿਆਤਮਕ

ੲ. ਵਿਹਲਾ ਸਮਾਂ

ਸ. ਕੋਈ ਵੀ ਨਹੀਂ

**2.** ਇਕ ਵਰਕਬੁੱਕ ਵਿਚ ਵੱਧ ਤੋਂ ਵੱਧ ਕਿੰਨੀਆਂ ਵਰਕਬੁੱਕ ਸ਼ੀਟਾਂ ਹੁੰਧੀਆਂ ਹਨ

ੳ. 256

ਅ. 247

ੲ. 268

ਸ. 189

**3.** ਇਕ ਵਰਕ ਬੁੱਕ ਵਿਚ ਕੁੱਲ .........ਲਾਇਨਾ ਹਨ

ੳ. 65479

ਅ. 65530

ੲ. 65536

ਸ. 65780

4. ਮਾਈਕਰੋਸਾਫਟ ਐਕਸੈੱਲ ਜਾਂ ਸਪਰੈੱਡਸ਼ੀਟ ਹੁੰਦੀ ਹੈ

ੳ. ਹਿਸਾਬ ਰੱਖਣ ਵਾਲੀ ਕਿਤਾਬ

ਅ. ਤਸਵੀਰਾਂ ਦੇਖਣ ਵਾਲੀ ਕਿਦਾਬ

ੲ. ਪੜ੍ਹਨ ਲਈ

ਸ. ਉਪਰੋਕਤ ਸਾਰੇ

5. ਮਾਈਕਰੋਸਾਫਟ ਐਕਸੈੱਲ ਦੇ ਖਾਕਿਆ ਵਿਚ ਸੂਚਨਾ ਕੀਬੋਰਡ ਰਾਹੀਂ ਭਰੀ ਜਾਂਦੀ ਹੈ ਅਤੇ ਕੀ-ਬੋਰਡ ਦੀ ਟੈਬ ਕੀਅ ਦੀ ਮੱਮਦ ਨਾਲ ਇੱਕ ਖਾਕੇ ਤੋਂ ਦੂਜੇ ਖਾਕੇ ਵਿਚ ਪਹੁੰਚਿਆ ਜਾ ਸਕਦਾ ਹੈ

ੳ. ਗ਼ਲਤ

ਅ. ਸਹੀ

6.ਇੰਟਰਨੈੱਟ ਅਧਿਆਪਕਾਂ ਨੂੰ ਆਪਣੇ ਵਿਸ਼ਿਆਂ ਬਾਰੇ ਹੋਰ ਚੰਗੀ ਤਰ੍ਹਾਂ ਧਿਆਨ ਕਰਨ ਅਤੇ ਵਿਆਖਿਆ ਕਰਨ ਦੇ ਨਾਲ ਨਾਲ ਪੜ੍ਹਾਉਣ ਦੇ ਲਾਹੇਵੰਦ ਤਰੀਕਿਆਂ ਨਾਲ ਜਾਣੂ ਕਰਵਾਉਂਦਾ ਹੈ

ੳ. ਗ਼ਲਤ

ਅ. ਸਹੀ

7.ਵਰਕਸ਼ੀਟ ਨੂੰ ਸਮੇਂ ਸਮੇਂ ਸੁਰੱਖਿਅਤ ਕੀਤਾ ਜਾ ਸਕਦਾ ਹੈ ਤਾਂ ਜੋ ਸੁਰੱਖਿਅਤ ਸੂਚਨਾ ਨੂੰ ਲੋੜ ਪੈਣ ਉੱਤੇ ਦੁਬਾਰਾ ਵਰਤਿਆ ਜਾਂ ਸਕਦਾ ਹੈ

ੳ. ਗ਼ਲਤ

ਅ. ਸਹੀ

8. ਮਾਈਕਰੋਸਾਫਟ ਐਕਸੈੱਲ ਵਿਚ ਕੰਮ ਕਰਨ ਲਈ ਕੰਪਿਊਟਰ ਉਤੇ ........ ਹੋਣਾ ਲਾਜ਼ਮੀ ਹੈ

ੳ.ਗ਼ਲਤ

ਅ.ਸਹੀ

ੲ. ਮਾਈਕਰੋਸਾਫਟ ਆਫਿਸ

9. ਮਾਈਕਰੋਸਾਫਟ ਐਕਸੈੱਲ ਸ਼ੁਰੂ ਕਰਨ ਦੇ ਤਰੀਕੇ ਹਨ

ੳ. ਐਕਸੈੱਲ ਆਈਕਨ ਤੇ ਕਲਿਕ ਕਰਨਾ

ਅ. ਟਾਸਕਬਾਰ ਅਤੇ ਸਟਾਰਟ ਮੀਨੂੰ

ੲ.ਰਨ ਆਪਸ਼ਨ

ਸ.ਉਪਰੋਕਤ ਸਾਰੇ

10. ਵਿੰਡੋ ਕੰਟਰੋਲ ਬਟਨ ਵਿਚ ਮੀਨੀਮਾਇਜ਼ ਬਟਨ ਦਸਤਾਵੇਜ਼ੀ ਖਿੜਕੀ ਨੂੰ ਕਰਦਾ ਹੈ

ੳ. ਛੋਟਿਆ

ਅ. ਵੱਡਿਆਂ

ੲ. ਮਾਧਿਅਮ

ਸ. ਕੁਝ ਵੀ ਨਹੀਂ

11. ਵਿੰਡੋਜ਼ ਕੰਟਰੋਲ ਬਟਨ ਵਿਚ ਮੈਕਸੀਮਾਇਜ਼ ਬਟਨ ਟਾਸਕਬਾਰ ਉੱਤੇ ਸੁਰੱਖਿਅਤ ਦਸਤਾਵੇਜ਼ ਕਰਦਾ ਹੈ

ੳ. ਛੋਟਿਆ

ਅ. ਵੱਡਿਆਂ

ੲ. ਮਾਧਿਅਮ

ਸ. ਉਪਰੋਕਤ ਸਾਰੇ

12. ਮੀਨੂੰ ਬਾਰ ਦੀ ਪਹਿਲੀ ਆਪਸ਼ਨ ਹੈ

ੳ.ਨਵਾਂ ਦਸਤਾਵੇਜ਼

ਅ.ਓਪਨ ਕਰਨਾ

ੲ.ਸੇਵ ਐਜ਼

ਸ. ਉਪਰੋਕਤ ਸਾਰੇ

13.ਮਾਈਕਰੋਸਾਫਟ ਐਕਸੈੱਲ ਵਿਚ ਲੇਟਵੀਆਂ ਲਾਇਨਾਂ ਹਨ

ੳ. ਰੋਅਜ਼

ਅ.ਕਾਲਮ

14. ਮਾਈਕਰੋਸਾਫਟ ਐਕਸੈੱਲ ਵਿਚ ਖੜੀਆਂ ਲਾਇਨਾਂ ਹਨ

ੳ. ਰੋਅਜ਼
ਅ.ਕਾਲਮ

15. ਇਕ ਲਾਇਨ ਅਤੇ ਇਕ ਕਾਲਮ ਦੇ ਇੰਟਰਸੈਕਸ਼ਨ ਨੂੰ ਕਿਹਾ ਜਾਂਦਾ ਹੈ
ੳ. ਐਡਰੈਸ ਬਾਰ
ਅ. ਐਕਟਿਵ ਸੈੱਲ
ੲ. ਸੈੱਲ
ਸ.ਬਾਰਡਰ ਲਾਇਨਾਂ

## ਅਭਿਆਸ ਪ੍ਰਸ਼ਨ

1. ਮਾਈਕਰੋਸਾਫਟ ਐਕਸੈੱਲ ਨੂੰ ਸੁਰੂ ਕਰਨ ਦੇ ਤਰੀਕੇ ਹਨ
2. ਮਾਈਕਰੋਸਾਫਟ ਐਕਸੈੱਲ ਦੀਆਂ ਵਿਸ਼ੇਸ਼ਤਾਵਾਂ ਹਨ
3. ਐਕਸੈੱਲ ਨੂੰ ਸੁਰੱਖਿਅਤ ਕਰਨ ਦੇ ਤਰੀਕੇ ਹਨ
4. ਐਕਸੈੱਲ ਦੀਆਂ ਅਪਸ਼ਨਾਂ ਬਾਰੇ ਵਿਸਥਾਰ ਵਿਚ ਲਿਖੋ।

## ਸੰਦਰਭ ਪੁਸਤਕਾਂ:


- ਡਾ. ਹਰਬੰਸ ਸਿੰਘ ਧੀਮਾਨ, ਗਗਨਦੀਪ ਕੌਰ, ਕਾਰਜੀ ਪੰਜਾਬੀ ਤੇ ਸੂਚਨਾ ਟੈਕਨਾਲੋਜੀ, ਨਿਊ ਬੁੱਕ ਕੰਪਨੀ, ਜਲੰਧਰ, 2011.
- ਡਾ. ਸੀ.ਪੀ ਕੰਬੋਜ, ਪੰਜਾਬੀ ਭਾਸ਼ਾ ਦਾ ਕੰਪਿਊਟਰੀਕਰਨ, ਗਰੈਸ਼ੀਅਸ ਬੁੱਕ, ਪਟਿਆਲਾ, 2015.
- ਡਾ. ਸੀ.ਪੀ ਕੰਬੋਜ, ਕੰਪਿਊਟਰ ਵਿਗਿਆਨ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 2016.
- ਡਾ. ਸੀ.ਪੀ ਕੰਬੋਜ, ਅਜੋਕਾ ਫੋਨ ਸੰਸਾਰ, ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ, 2016.


## ਮਹੱਤਵਪੂਰਨ ਲਿੰਕ

https://pa.runsular.com/%E0%A8%90%E0%A8%95%E0%A8%B8%E0%A9%88%E0%A8%B2-%E0%A8%B8%E0%A8%AA%E0%A9%8D%E0%A8%B0%E0%A9%88%E0%A8%A1%E0%A8%B8%E0%A8%BC%E0%A9%80%E0%A8%9F-%E0%A8%B8%E0%A8%AE%E0%A9%80%E0%A8%96%E0%A8%BF%E0%A8%86/

https://play.google.com/store/apps/details?id=air.com.ajinkyainnovations.microsoftexcel10.inhindi&hl=pa&gl=US

**ਉੱਤਰਮਾਲਾ**

| | | | | |
|---|---|---|---|---|
| 1. ੳ | 2. ੳ | 3. ੲ | 4. ੳ | 5. ਅ |
| 6. ਅ | 7. ਅ | 8. ੲ | 9. ਸ | 10. ੳ |
| 11. ਅ | 12. ਸ | 13. ੳ | 14. ਅ | 15. ੲ |

**DPBI536**

# ਅਧਿਆਇ-10: ਪੰਜਾਬੀ ਸਾਫਟਵੇਅਰ ਦੀ ਦੁਨੀਆਂ

ਵਿਸ਼ਾ ਵਸਤੂ (Content)


1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ
9. ਮੱਹਤਵਪੂਰਨ ਵੈੱਬਸਾਇਟਸ


## ਉਦੇਸ਼:

- ਵਿਦਿਆਰਥੀ ਪੰਜਾਬੀ ਸਾਫਟਵੇਅਰ ਨੂੰ ਜਾਣਨ ਦੇ ਕਾਬਿਲ ਹੋਣਗੇ
- ਵਿਦਿਆਰਥੀ ਪੰਜਾਬੀ ਸਾਫਟਵੇਅਰ ਦੀਆਂ ਵਿਸ਼ੇਸ਼ਤਾਵਾਂ ਨੂੰ ਸਮਝਣ ਦੇ ਕਾਬਿਲ ਹੋਣਗੇ।
- ਵਿਦਿਆਰਥੀ ਪੰਜਾਬੀ ਸਾਫਟਵੇਅਰ ਅੱਖਰ ਬਾਰੇ ਸਮਝਣ ਦੇ ਸਮੱਰਥ ਹੋਣਗੇ
- ਵਿਦਿਆਰਥੀ ਪੰਜਾਬੀ ਸਾਫਟਵੇਅਰ ਯੂਨੀਕੋਡ ਦੀ ਟਾਈਪਿੰਗ ਵਰਤਣ ਦੇ ਯੋਗ ਹੋਣਗੇ।

## ਪ੍ਰਸਤਾਵਨਾ :


ਇਸ ਵਿਚ ਸਾਫਟਵੇਅਰ ਨੂੰ ਆਧਾਰ ਬਣਾਇਆ ਗਿਆ ਹੈ ਜੋ ਵੱਖ ਵੱਖ ਭਾਸ਼ਾਵਾਂ ਨੂੰ ਆਧਾਰ ਬਣਾ ਕੇ ਲਿਖਦੇ ਹਨ। ਸਾਫ਼ਟਵੇਅਰਾਂ ਦੀ ਵਰਤੋਂ ਪੰਜਾਬੀ ਟਾਈਪ ਕਰਨ ਪੰਜਾਬੀ ਅਤੇ ਗੁਰਬਾਣੀ ਦੇ ਅਧਿਐਨ ਅਧਿਆਪਨ, ਫੌਂਟ ਕਨਵਰਟਰ ਕਰਨ ,ਇਕ ਲਿਪੀ ਤੋਂ ਦੂਜੀ ਲਿਪੀ ਵਿਚ ਬਦਲਣ, ਓਪਰੇਟਿੰਗ ਸਿਸਟਮ ਦੀ ਭਾਸ਼ਾ ਬਦਲਣ, ਪੰਜਾਬੀ ਅੱਖਰ ਜੋੜਾਂ ਅਤੇ ਵਿਆਕਰਨ ਪੱਖੋਂ ਨਿਰੀਖਣ ਕਰਨ, ਚਿੱਤਰ ਰੂਪ ਨੂੰ ਲਿਖਤ ਵਿੱਚ ਬਦਲਣ ਲਈ ਕੀਤੀ ਜਾ ਰਹੀ ਹੈ। ਇਸ ਅਧਿਆਇ ਵਿੱਚ ਉਨ੍ਹਾਂ ਪੰਜਾਬੀ ਸਾਫ਼ਟਵੇਅਰਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ

## ਵਿਸ਼ਾ

ਪੰਜਾਬੀ ਭਾਸ਼ਾ ਲਈ ਕਈ ਸਾਫਟਵੇਅਰਾਂ ਦਾ ਵਿਕਾਸ ਹੋ ਚੁੱਕਾ ਹੈ। ਇਨ੍ਹਾਂ ਸਾਫ਼ਟਵੇਅਰਾਂ ਦੀ ਵਰਤੋਂ ਪੰਜਾਬੀ ਟਾਈਪ ਕਰਨ ਪੰਜਾਬੀ ਅਤੇ ਗੁਰਬਾਣੀ ਦੇ ਅਧਿਐਨ ਅਧਿਆਪਨ, ਫੌਂਟ ਕਨਵਰਟਰ ਕਰਨ ,ਇਕ ਲਿਪੀ ਤੋਂ ਦੂਜੀ ਲਿਪੀ ਵਿਚ ਬਦਲਣ, ਓਪਰੇਟਿੰਗ ਸਿਸਟਮ ਦੀ ਭਾਸ਼ਾ ਬਦਲਣ, ਪੰਜਾਬੀ ਅੱਖਰ ਜੋੜਾਂ ਅਤੇ ਵਿਆਕਰਨ ਪੱਖੋਂ ਨਿਰੀਖਣ ਕਰਨ, ਚਿੱਤਰ ਰੂਪ ਨੂੰ ਲਿਖਤ ਵਿੱਚ ਬਦਲਣ ਲਈ ਕੀਤੀ ਜਾ ਰਹੀ ਹੈ। ਇਸ ਅਧਿਆਇ ਵਿੱਚ ਉਨ੍ਹਾਂ ਪੰਜਾਬੀ ਸਾਫ਼ਟਵੇਅਰਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ। ਜਿਨ੍ਹਾਂ ਨੂੰ ਡਾਊਨ ਕਰਕੇ ਆਫ਼ਲਾਈਨ ਵਰਤਿਆ ਜਾ ਸਕਦਾ ਹੈ।

## ਗੂਗਲ ਇਨਪੁੱਟ ਟੂਲ

ਗੂਗਲ ਇਨਪੁਟ ਟੂਲ ਵੱਖ ਵੱਖ ਭਾਸ਼ਾਵਾਂ ਵਿੱਚ ਟਾਈਪ ਕਰਨ ਦਾ ਇੱਕ ਮਹੱਤਵਪੂਰਨ ਪ੍ਰੋਗਰਾਮ ਹੈ। ਇਸ ਨੂੰ ਗੂਗਲ ਨੇ ਤਿਆਰ ਕੀਤਾ ਹੈ। ਜੋ ਵੱਖ ਵੱਖ ਭਾਸ਼ਾਵਾਂ ਨੂੰ ਯੂਨੀਕੋਡ ਮਿਆਰੀ ਫੌਂਟ ਦਾ ਸਾਂਝਾ ਮੰਚ ਮੁਹੱਈਆ ਕਰਵਾਉਂਦਾ ਹੈ। ਇਹ ਪੰਜਾਬੀ, ਅਰਬੀ, ਹਿੰਦੀ ਆਦਿ ਸਮੇਤ ਬਾਈ ਭਾਸ਼ਾਵਾਂ ਲਈ ਕੰਮ ਕਰ ਸਕਦਾ ਹੈ। ਗੂਗਲ ਇਨਪੁਟ ਮੈਥਡ ਐਡੀਟਰ ਨੂੰ ਡਾਊਨਲੋਡ ਕਰਕੇ ਆਪਣੇ ਕੰਪਿਊਟਰ ਤੇ ਸਿੱਧਾ ਵਰਤਿਆ ਜਾ ਸਕਦਾ ਹੈ। ਇਹ ਰੋਮਨ ਵਿਚ ਲਿਖੇ ਅੱਖਰ ਨੂੰ ਸ਼ਬਦ ਦਰ ਸ਼ਬਦ ਪੰਜਾਬੀ ਵਿੱਚ ਬਦਲ ਦਿੰਦਾ ਹੈ।




## ਡਾਊਨਲੋਡ ਕਰਨ ਦੀ ਵਿਧੀ

1.ਵੈੱਬਸਾਈਟ ਡਬਲਿਊਡਬਲਿਊਡਬਲਿਊ ਡਾਟ ਗੂਗਲ ਡਾਟਕਾਮ ਇਨਪੁੱਟ ਟੂਲਜ਼ ਵਿੰਡੋ ਨੂੰ ਖੋਲ੍ਹੋ

2.ਸੱਜੇ ਹੱਥ ਵੱਖ ਵੱਖ ਭਾਸ਼ਾਵਾਂ ਦੀ ਸੂਚੀ ਵਿੱਚੋਂ ਪੰਜਾਬੀ ਦੀ ਚੋਣ ਕਰੋ

3.ਹੁਣ ਆਈ ਐਗਰੀ ਚੈੱਕ ਬਕਸੇ ਤੇ ਕਲਿੱਕ ਕਰੋ

4.ਡਾਊਨਲੋਡ ਬਟਨ ਤੇ ਕਲਿੱਕ ਕਰੋ ਜੇਕਰ ਕੰਪਿਊਟਰ ਬਿੰਦੂ ਦੀ ਸੰਸਕਰਣ ਜਾਂ ਬੱਤੀ ਬਿਟ ਚੌਂਹਠ ਬਿਟ ਬਾਰੇ ਪੁੱਛੇ ਤਾਂ ਇਸ ਦਾ ਢੁੱਕਵਾਂ ਜਵਾਬ ਦੇ ਦਿਓ

5.ਡਾਊਨਲੋਡ ਪ੍ਰਕਿਰਿਆ ਚਾਲੂ ਹੋ ਜਾਵੇਗੀ ਥੋੜ੍ਹੀ ਦੇਰ ਬਾਅਦ ਤੁਹਾਨੂੰ ਇਨਪੁਟ ਟੂਲਜ਼ ਸੈੱਟਅਪ ਡੌਟ ਈ ਐਕਸ ਈ ਫਾਈਲ ਪ੍ਰਾਪਤ ਹੋਵੇਗੀ ਇਸ ਤੇ ਕਲਿੱਕ ਕਰੋ

6.ਨਵੇਂ ਬਕਸੇ ਤੋਂ ਰਨ ਕਮਾਂਡ ਲਓ

7.ਇੰਸਟਾਲ ਪ੍ਰਕਿਰਿਆ ਪੂਰੀ ਹੋਣ ਉਪਰੰਤ ਕੰਪਿਊਟਰ ਦੀ ਡੈਕਸਟਾਪ ਤੇ ਭਾਸ਼ਾ ਪੱਟੀ ਨਜ਼ਰ ਆਵੇਗੀ


8.ਐੱਮਐੱਸ ਵਰਡ ਖੋਲ੍ਹੋ ਭਾਸ਼ਾ ਪੱਟੀ ਤੋਂ ਈ ਐੱਨ ਵਾਲੇ ਬਟਨ ਤੋਂ ਪੰਜਾਬੀ ਗੂਗਲ ਇਨਪੁਟ ਟੂਲ ਦੀ ਚੋਣ ਕਰੋ ਤੇ ਟਾਈਪ ਕਰਨਾ ਸ਼ੁਰੂ ਕਰ ਦਿਓ

